# ਤਾਣਾ-ਬਾਣਾ



ਇਕਵਾਕ ਸਿੰਘ ਪੱਟੀ

# ਤਾਣਾ ਬਾਣਾ

(ਕਹਾਣੀ ਸੰਗ੍ਰਹਿ)

ਇਕਵਾਕ ਸਿੰਘ ਪੱਟੀ

2021

# Taana Baana

By: Ikwak Singh Patti
E-Mail: ispatti@gmail.com

© Author

1st Edition : 2021
ISBN 978-93-5457-592-1

Published By

Self Published
Jodh Nagar, Sultanwind Road,
Amritsar. Punjab (IN)

Presented By:
Majha Worldwide

Majha Worldwide

Printed & Bound at:
**Asis Enterprises - A Complete Printing Unit**
City Enclave, Near Namdhari Kanda,
Tarn Taran Road Amritsar.

Price : 200/-

ਕਿਤਾਬ ਵਿੱਚ ਸ਼ਾਮਲ ਕੀਤੀਆਂ ਗਈਆਂ ਤਸਵੀਰਾਂ ਇੰਟਰਨੈੱਟ ਸਰਚ ਇੰਜਣ 'ਗੂਗਲ' ਤੋਂ ਧੰਨਵਾਦ ਸਹਿਤ ਪ੍ਰਾਪਤ ਕੀਤੀਆਂ ਗਈਆਂ ਹਨ।

*This is a work of fiction. Names, characters, places and incidents are either the product of the author's imagination or are used fictitiously, and any resemblance to any actual persons, living or dead, events or locales is entirely coincidental.*

# ਸਮਰਪਣ

ਕਿਸਾਨੀ ਸੰਘਰਸ਼
2020-21
ਦੇ ਨਾਂ

## ਇਸੇ ਕਲਮ ਤੋਂ ...

| | |
|---|---|
| ਆਓ! ਨਾਨਕਵਾਦ ਦੇ ਧਾਰਨੀ ਬਣੀਏ! | 2009 |
| ਗੁਰ ਮੂਰਤਿ ਗੁਰ ਸਬਦ ਹੈ (ਲੇਖ ਸੰਗ੍ਰਹਿ) | 2011 |
| ਨਸੀਬ (ਸੰਪਾਦਿਤ-ਕਹਾਣੀ ਸੰਗ੍ਰਹਿ) | 2013 |
| ਕਾਗਜ਼ (ਕਹਾਣੀ ਸੰਗ੍ਰਹਿ) | 2014 |
| ਤਬਲਾ-ਸਿਧਾਂਤਕ ਪੱਖ | 2014 |
| ਜਰੀਦਾ (ਲੇਖ ਸੰਗ੍ਰਹਿ) | 2019 |
| ਤਾਣਾ ਬਾਣਾ (ਕਹਾਣੀ ਸੰਗ੍ਰਹਿ) | 2021 |
| ਮਿੰਨੀ ਕਹਾਣੀ ਸੰਗ੍ਰਹਿ | (ਛਪਾਈ ਅਧੀਨ) |

# ਤਤਕਰਾ


| | |
|---|---|
| ਬਾਪੂ | 11 |
| ਖ਼ੂਬਸੂਰਤ ਪਲ | 17 |
| ਮਿਹਨਤ ਦਾ ਮੁੱਲ | 21 |
| ਆਈਸਕ੍ਰੀਮ ਕੌਣ? | 25 |
| ਜੀਵੇ ਪੰਜਾਬੀ | 31 |
| ਸ਼ਾਮ ਮਸਤਾਨੀ | 35 |
| ਸੁਪਨਾ | 39 |
| ਉਮੀਦ | 47 |
| ਫ਼ਾਤਮਾ | 51 |
| ਉਹ | 59 |
| ਕੀੜੀਆਂ | 67 |
| ਗ਼ਲਤ ਜਾਂ ਠੀਕ | 71 |
| ਇੱਕ ਚੁੱਪ ਸੌ ਦੁੱਖ | 79 |
| ਟਾਈ-ਬੈੱਲਟ | 83 |
| ਲੱਭੇ ਹੋਏ ਪੈਸੇ | 87 |
| ਫ਼ੋਟੋਗ੍ਰਾਫੀ | 91 |
| ਟਿਊਸ਼ਨ ਤੋਂ ਟਿਊਸ਼ਨਾਂ | 95 |
| ਜਨਮਾਂ ਦਾ ਸਾਥ | 99 |
| 'ਤੇ ਪੰਚਾਇਤ ਉੱਠ ਗਈ | 103 |
| ਪੁਲਿਸ ਵਾਲਾ | 111 |
| ਆਖ਼ਰੀ ਦਿਨ | 115 |
| ਨੂਰ ਪਬਲੀਕੇਸ਼ਨ | 119 |
| ਤੀਜਾ ਰੱਬ | 125 |

# ਮੁੱਖ ਬੰਦ



ਇਕਵਾਕ ਸਿੰਘ ਪੱਟੀ ਪੰਜਾਬੀ ਸਾਹਿਤਕ ਹਲਕਿਆਂ 'ਚ ਇੱਕ ਜਗਦਾ ਚਿਰਾਗ਼ ਹੈ, ਜੋ ਛੋਟੀ ਉਮਰ 'ਚ ਵੱਡੀਆਂ ਮੱਲਾਂ ਮਾਰ ਰਿਹਾ ਹੈ। ਉਹ ਲਗਾਤਾਰ ਪੜ੍ਹਦਾ-ਲਿਖਦੈ। ਉਹਦੀ ਲਿਖਣ ਦੀ ਰਫ਼ਤਾਰ ਬਹੁਤ ਜ਼ਿਆਦਾ ਹੈ। ਉਹ ਅਕਸਰ ਕਿਸੇ ਨਾ ਕਿਸੇ ਪੰਜਾਬੀ ਅਖ਼ਬਾਰ ਦੇ ਪੰਨਿਆਂ 'ਤੇ ਛਪਿਆ ਹੋਇਆ ਮਿਲੇਗਾ। ਕਦੀ ਕਹਾਣੀ ਦੇ ਰੂਪ 'ਚ, ਕਦੇ ਲੇਖ ਦੇ ਜ਼ਰੀਏ ਜਾਂ ਸਾਹਿਤ ਦੀ ਕਿਸੇ ਹੋਰ ਵਿਧਾ 'ਚ।

ਪੱਟੀ ਛੇ ਪੁਸਤਕਾਂ ਪੰਜਾਬੀ ਸਾਹਿਤ ਜਗਤ ਨੂੰ ਦੇ ਚੁੱਕਾ ਹੈ। ਇਹ ਸੱਤਵੀਂ ਪੁਸਤਕ 'ਤਾਣਾ-ਬਾਣਾ' ਲੈ ਕੇ ਹਾਜ਼ਰ ਹੈ। ਉਹ ਸਮਾਜ ਦੇ ਟੁੱਟੇ-ਭੱਜੇ ਦੇ ਵਿੰਗੇ-ਟੇਢੇ ਤਾਣੇ ਬਾਣੇ ਲਈ ਚਿੰਤਤ ਰਹਿੰਦਾ ਹੈ। ਇਸ ਉੱਥਲ-ਪੁਥਲ ਨੂੰ ਉਹ ਰਚਨਾਤਮਿਕ ਤਰੀਕੇ ਨਾਲ ਸੁਰ ਸਿਰ ਕਰਨ ਦੀ ਕੋਸ਼ਿਸ਼ 'ਚ ਹੈ। ਇਹ ਹੀ ਉਸਦਾ ਅਸਲ ਹਥਿਆਰ ਹੈ।

ਇਸ ਪੁਸਤਕ ਨੂੰ ਉਸਨੇ ਕਿਸਾਨੀ ਸੰਘਰਸ਼ 2020-21 ਦੇ ਨਾਂ ਕੀਤਾ ਹੈ। ਇਹ ਪੱਟੀ ਦੇ ਹੋਣਹਾਰ ਹੋਣ ਦਾ ਇੱਕ ਤਕੜਾ ਸਬੂਤ ਹੈ। ਉਹ ਸਿਆਣਿਆਂ ਵਾਲੀ ਵੱਡੀ ਸੂਝ ਰੱਖਦਾ ਹੈ। ਸਮਾਜਿਕ ਮਸਲਿਆਂ 'ਤੇ ਤਿੱਖੀ ਨਜ਼ਰ ਰੱਖਦਾ ਹੈ। ਪਰਵਾਰਾਂ ਅਤੇ ਰਿਸ਼ਤਿਆਂ ਦੀ ਟੁੱਟ-ਭੱਜ, ਜ਼ਮੀਨਾਂ ਦਾ ਖੋਹਾ-ਮੋਹੀ, ਧਾਰਮਿਕ ਮਸਲੇ ਅਤੇ ਰਾਜਨੀਤਿਕ ਹਲਚਲ ਵਰਗੇ ਅਨੇਕਾਂ ਵਿਸ਼ੇ ਉਸਦੀ ਕਲਮ ਦੀ ਮਾਰ ਹੇਠ ਹਨ। ਉਹ ਕਿਸੇ ਵੀ ਵਿਸ਼ੇ ਨੂੰ ਅੱਖੋਂ ਪਰੋਖੇ ਨਹੀਂ ਕਰਦਾ। ਇਹੋ ਹੀ ਲੇਖਕ ਦੇ ਸੂਝਵਾਨ ਅਤੇ ਸਮਝਦਾਰ ਹੋਣ ਦਾ ਪ੍ਰਮਾਣ ਹੁੰਦਾ ਹੈ।

ਇਕਵਾਕ, ਕਹਾਣੀ ਲਿਖਣ 'ਚ ਬਹੁਤੀ ਚੇਚ ਨਹੀਂ ਕਰਦਾ। ਨਾ ਕੋਈ ਦ੍ਰਿਸ਼ ਚਿਤਰਨ ਕਰਦਾ ਹੈ ਨਾ ਹੀ ਪੱਕੇ ਕਹਾਣੀਕਾਰਾਂ ਵਾਂਗੂੰ ਖ਼ਾਸ ਜੁਗਤੀ ਹੀ ਲਾਉਂਦਾ ਹੈ, ਬੱਸ ਜੋ ਵਿਚਾਰ ਜਾਂ ਘਟਨਾਵਾਂ ਉਸਦੇ ਚਿੱਤ ਚੇਤੇ ਵਿੱਚ ਆ ਜਾਂਦੀਆਂ ਹਨ, ਉਹਨਾਂ ਦੀ ਕਲਪਿਤ ਉਸਾਰੀ ਕਰਕੇ, ਇਕ ਤਰਤੀਬ ਦੇਈ ਜਾਂਦਾ ਹੈ। ਭਾਵੇਂ ਉਸਦੀ ਕਹਾਣੀ ਅੱਜ ਦੀ ਕਹਾਣੀ ਵਰਗੀ ਨਹੀਂ, ਪਰ ਉਸਦੀ ਕਹਾਣੀ ਦੀ ਰੂਪ-ਰੇਖਾ ਕੁੱਝ ਵੱਖਰੀ ਕਿਸਮ ਦੀ ਹੈ।

ਕਹਾਣੀਆਂ ਬਹੁਤ ਸੰਖੇਪ, ਸਰਲ ਅਤੇ ਸੁਆਦਲੀਆਂ ਹਨ। ਪੜ੍ਹਿਆਂ

ਮਨ ਨੂੰ ਚੰਗੀਆਂ ਲੱਗਦੀਆਂ ਹਨ। ਹਰ ਕਾਹਣੀ ਦਾ ਵਿਸ਼ਾ ਛੋਟਾ ਹੋਣ ਦੇ ਬਾਵਜੂਦ ਦਿਲ ਟੁੰਬਵਾਂ ਹੈ। ਦਿਲ ਨੂੰ ਸਕੂਨ ਬਖਸ਼ਦੀਆਂ ਹਨ ਅਤੇ ਸਿੱਖਿਆਦਾਇਕ ਵੀ ਹਨ।

ਇੱਕ ਖ਼ੂਬੀ ਹੈ ਕਿ ਇਹ ਕਹਾਣੀਆਂ ਛੋਟੇ ਬੱਚੇ ਵੀ ਅਸਾਨੀ ਨਾਲ ਪੜ੍ਹ ਕੇ ਸਮਝ ਸਕਦੇ ਹਨ। ਛੋਟੀਆਂ ਛੋਟੀਆਂ ਪਰ ਭਾਵਪੂਰਨ ਕਹਾਣੀਆਂ ਨਾਲ ਸਜੀ ਇਹ ਹਲਕੀ ਫ਼ੁਲਕੀ ਕਿਤਾਬ ਪੜਨ੍ਹ ਵੇਲੇ ਪਤਾ ਹੀ ਨਹੀਂ ਲੱਗਦਾ ਕਿ ਇੰਨੇ ਥੋੜ੍ਹੇ ਸਮੇਂ ਵਿੱਚ ਕਿੰਨੀਆਂ ਵੰਨ-ਸੁਵੰਨੀਆਂ ਵੰਨਗੀਆਂ/ਘਟਨਾਵਾਂ ਜੋ ਸਾਡੇ ਤਾਣੇ-ਬਾਣੇ ਨਾਲ ਜੁੜੀਆਂ ਹੋਈਆਂ ਹਨ, ਪੜ੍ਹ ਲਈਆਂ ਹਨ।

ਕਿਤਾਬ ਦੀ ਪਹਿਲੀ ਕਹਾਣੀ 'ਬਾਪੂ' ਬਾ-ਕਮਾਲ ਕਹਾਣੀ ਹੈ। ਕਹਾਣੀ 'ਲੱਭੇ ਹੋਏ ਪੈਸੇ' ਸੱਚੀ ਸੁੱਚੀ ਆਸਥਾ ਨੂੰ ਦਰਸਾਉਂਦੀ ਹੈ। ਇਸੇ ਤਰ੍ਹਾਂ 'ਜੀਵੇ ਪੰਜਾਬੀ', 'ਪੁਲਿਸ ਵਾਲਾ', 'ਸੁਪਨਾ', ਵਰਗੀਆਂ ਕਹਾਣੀਆਂ ਸਕਾਰਾਤਮਕ ਭੂਮਿਕਾ ਨਿਭਾਉਂਦੀਆਂ ਹਨ। ਕਹਾਣੀ 'ਇੱਕ ਚੁੱਪ ਸੌ ਦੁੱਖ' ਨਵੇਂ ਅਰਥ ਕੱਢਦੀ ਹੈ। 'ਟਿਊਸ਼ਨ ਤੋਂ ਟਿਊਸ਼ਨਾਂ' ਕਹਾਣੀ ਸਕੂਲਾਂ ਦੇ ਮੌਜੂਦਾ ਵਿੱਦਿਅਕ ਢਾਂਚੇ ਉੱਤੇ ਕਟਾਕਸ਼ ਕਰਦੀ ਹੈ।

ਮੈਂ ਤਾਂ ਕਲਮੀ ਯੋਧੇ ਇਕਵਾਕ ਸਿੰਘ ਪੱਟੀ ਨੂੰ ਇਹੋ ਜਿਹੀ ਕਿਰਤ ਲਈ ਵੱਡੀ ਮੁਬਾਰਕਬਾਦ ਹੀ ਦੇ ਸਕਦਾ ਹਾਂ।

**- ਡਾ. ਕਰਮਜੀਤ ਸਿੰਘ ਨਡਾਲਾ**
**ਵਾਲੀਆ ਹਸਪਤਾਲ,**
**ਨਡਾਲਾ, ਕਪੂਰਥਲਾ**
**ਅਪ੍ਰੈਲ 2021**

# ਧੰਨਵਾਦੀ ਸ਼ਬਦ



ਸਮਾਜ ਵਿੱਚ ਰਹਿੰਦਿਆਂ ਮਨੁੱਖ ਦਾ ਤਾਣਾ-ਬਾਣਾ ਕਿੰਨਾ ਵੱਡਾ ਹੁੰਦਾ ਹੈ, ਕਈ ਵਾਰ ਮਨੁੱਖ ਨੂੰ ਆਪ ਵੀ ਪਤਾ ਨਹੀਂ ਹੁੰਦਾ। ਬਹੁਤ ਸਾਰੇ ਲੋਕ ਜੋ ਉਸਨੂੰ ਨਿੱਜੀ ਤੌਰ 'ਤੇ ਜਾਣਦੇ ਹਨ ਜਾਂ ਉਹ ਲੋਕ ਜਿੰਨ੍ਹਾਂ ਨਾਲ ਕਦੇ ਕੋਈ ਵਾਹ-ਵਾਸਤਾ ਪਿਆ ਹੁੰਦਾ ਹੈ ਜਾਂ ਫਿਰ ਬਹੁਤ ਸਾਰੇ ਐਸੇ ਲੋਕ ਜਿੰਨ੍ਹਾਂ ਨੂੰ ਮਨੁੱਖ ਜਾਣਦਾ ਵੀ ਨਹੀਂ ਹੁੰਦਾ, ਪਰ ਕਿਸੇ ਨਾ ਕਿਸੇ ਰੂਪ ਵਿੱਚ, ਸਿੱਧੇ-ਅਸਿੱਧੇ ਢੰਗ ਨਾਲ ਮਨੁੱਖ ਨਾਲ ਜੁੜੇ ਹੁੰਦੇ ਹਨ। ਮੇਰੀ ਜ਼ਿੰਦਗੀ ਵਿੱਚ ਵੀ ਕੁੱਝ ਅਜਿਹਾ ਹੀ ਹੈ, ਮੈਨੂੰ ਪਤਾ ਵੀ ਨਹੀਂ ਕਿ ਕਿੰਨੇ ਲੋਕ ਮੇਰੇ ਪ੍ਰਸੰਸਕ ਹਨ ਅਤੇ ਕਿੰਨੇ ਮੇਰੇ ਵਿਰੋਧੀ ਹਨ ਪਰ ਕਿਉਂਕਿ ਉਹ ਸਾਰੇ ਪਿਆਰ ਜਾਂ ਵਿਰੋਧ ਵਜੋਂ ਮੇਰੇ ਨਾਲ ਜੁੜੇ ਹਨ ਤਾਂ ਮੇਰੇ ਹੀ ਹੋਏ। ਸੋ ਉਨ੍ਹਾਂ ਸਭਨਾਂ ਦਾ ਧੰਨਵਾਦ ਕਰਦਾ ਹਾਂ।

'ਤਾਣਾ ਬਾਣਾ' ਕਿਤਾਬ ਦੀਆਂ ਕਹਾਣੀਆਂ ਦੀ ਸਿਰਜਣਾ ਮੈਂ ਸਾਹਿਤ ਪੜ੍ਹ ਕੇ ਨਹੀਂ ਕੀਤੀ, ਜਦਕਿ ਇਹ ਇੱਕ ਅਟੱਲ ਸੱਚਾਈ ਵਾਂਗ ਮੰਨਿਆ ਜਾਂਦਾ ਹੈ ਕਿ ਬਿਨ੍ਹਾਂ ਸਾਹਿਤ ਪੜ੍ਹਿਆਂ ਸਾਹਿਤ ਸਿਰਜਿਆ ਨਹੀਂ ਜਾ ਸਕਦਾ ਅਤੇ ਮੈਂ ਇਸ ਗੱਲ ਨੂੰ ਮੰਨਦਾ ਵੀ ਹਾਂ। ਪਰ ਮੇਰਾ ਲਿਖਿਆ ਸਾਹਿਤ ਪਹਿਲੇ ਪੈਰ੍ਹੇ ਵਿੱਚ ਜ਼ਿਕਰ ਕੀਤੇ ਗਏ ਉਨ੍ਹਾਂ ਪਾਤਰਾਂ ਤੇ ਅਧਾਰਿਤ ਹੁੰਦਾ ਹੈ, ਜੋ ਮੈਨੂੰ ਮੇਰੀ ਜ਼ਿੰਦਗੀ ਵਿੱਚ ਜਿਉਂਦੇ ਜਾਗਦੇ ਮਿਲਦੇ ਹਨ। ਕਿਤਾਬ ਦਾ ਨਾਂ ਵੀ ਤਾਣਾ-ਬਾਣਾ ਇਸੇ ਕਰਕੇ ਰੱਖਿਆ ਗਿਆ ਹੈ, ਕਿਉਂਕਿ ਇਸ ਵਿਚਲੀਆਂ ਕਹਾਣੀਆਂ ਸਮਾਜਿਕ ਤਾਣੇ ਬਾਣੇ ਨਾਲ ਜੁੜੀਆਂ ਹੋਈਆਂ ਹਨ।

ਮੇਰਾ ਮੰਨਣਾ ਹੈ ਕਿ ਇੱਕ ਰੀਲ ਤੇ ਚੱਲਣ ਵਾਲੇ ਕਿਰਦਾਰਾਂ ਨੂੰ ਨਿਭਾਉਣ ਵਾਲਾ ਵਿਅਕਤੀ ਐਨਾ ਖਾਸ ਨਹੀਂ ਹੈ, ਕਿਉਂਕਿ ਉਹ ਤਾਂ ਸਿਰਫ ਨਾਟਕ ਕਰਦਾ ਹੈ, ਪਰ ਅਸਲ ਜ਼ਿੰਦਗੀ ਵਿੱਚ ਹਰ ਮਨੁੱਖ ਆਪਣੇ ਪਰਿਵਾਰ, ਆਪਣੇ ਕਾਰੋਬਾਰ, ਆਪਣੇ ਸਮਾਜ, ਆਪਣੇ ਬੱਚਿਆਂ ਦੇ ਲਈ ਪਤਾ ਨਹੀਂ ਕਿਹੋ-ਕਿਹੇ ਜਿਹੇ ਕਿਰਦਾਰ ਨਿਭਾਉਂਦਾ ਹੈ, ਜੋ ਨਾ ਤਾਂ ਕਦੇ ਸੋਚੇ ਹੁੰਦੇ ਹਨ, ਨਾ ਕਦੇ ਪਹਿਲਾਂ ਕੀਤੇ ਹੁੰਦੇ ਹਨ ਅਤੇ ਇਸ ਸੱਭ ਦੇ ਬਾਵਜੂਦ ਹਰ ਕਿਰਦਾਰ ਨੂੰ ਬਾਖੂਬੀ ਨਿਭਾਉਂਦਾ ਹੋਇਆ ਇਸ ਦੁਨੀਆ ਤੋਂ ਰੁਖ਼ਸਤ ਹੋ ਜਾਂਦਾ ਹੈ।

ਮੇਰੀਆਂ ਕਹਾਣੀਆਂ ਪੂਰੀ ਤਰ੍ਹਾਂ ਕਲਪਿਤ ਹਨ, ਪਰ ਫਿਰ ਵੀ ਇੰਝ ਹੀ

ਹਨ, ਜਿਵੇਂ ਸਾਡੇ ਨਾਲ ਜਾਂ ਸਾਡੇ ਆਲੇ ਦੁਆਲੇ ਵਿੱਚ ਵਾਪਰ ਰਹੀਆਂ ਸੱਚੀਆਂ ਘਟਨਾਵਾਂ ਹੀ ਹੋਣ।

ਮੇਰੀ ਇਸ ਕੋਸ਼ਿਸ਼ ਨੂੰ ਸਮਰਥਣ ਦੇਣ ਵਾਲੇ, ਇਹਨਾਂ ਕਹਾਣੀਆਂ ਨੂੰ ਕਿਤਾਬ ਦਾ ਰੂਪ ਦੇਣ ਵਾਲਿਆਂ ਦੀ ਲਿਸਟ ਬਹੁਤ ਲੰਬੀ ਹੈ, ਸੱਭ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੋਇਆ ਫਿਰ ਵੀ ਕੁੱਝ ਨਾਂ ਜ਼ਰੂਰ ਦੱਸਣਾ ਚਾਹੁੰਦਾ ਹਾਂ।

ਸਭ ਤੋਂ ਪਹਿਲਾ ਧੰਨਵਾਦ ਅਕਾਲ ਪੁਰਖ ਨੂੰ, ਜਿਸਨੇ ਅਕਲ, ਸੂਝ-ਬੂਝ ਬਖਸ਼ ਕੇ ਅੱਖਰਾਂ ਨਾਲ ਖੇਡਣ ਦਾ ਬਲ ਬਖਸ਼ਸ਼ ਕੀਤਾ। ਫਿਰ ਆਪਣੇ ਮਾਂ-ਬਾਪ ਦਾ ਧੰਨਵਾਦ ਕਰਦਾ ਹਾਂ। ਮੇਰੀ ਕਹਾਣੀਆਂ ਦੀ ਪਹਿਲੀ ਪਾਠਕ ਕੋਮਲਪ੍ਰੀਤ ਕੌਰ, ਜੋ ਸੱਭ ਤੋਂ ਪਹਿਲੀ ਪਾਠਕ ਹੁੰਦੀ ਹੈ, ਮੈਂ ਵੀ ਆਪਣੀ ਕਹਾਣੀ ਉਸਦੀ ਪ੍ਰਵਾਨਗੀ ਤੋਂ ਬਾਅਦ ਹੀ ਸੰਪੂਰਣ ਮੰਨਦਾ ਹਾਂ। ਇਸ ਦੇ ਨਾਲ ਕਹਾਣੀ ਵਿੱਚ ਸੁਧਾਈ ਦਾ ਕੰਮ ਵੀ ਨਿਭਾ ਦਿੰਦੀ ਹੈ ਤਾਂ ਕਿ ਕਹਾਣੀ ਦੇ ਦੂਜੇ ਬਣਨ ਵਾਲੇ ਪਾਠਕ ਦਾ ਸੁਆਦ ਕਿਰਕਿਰਾ ਨਾ ਹੋਵੇ।

ਡਾ. ਸ੍ਰ. ਕਰਮਜੀਤ ਸਿੰਘ ਨਡਾਲਾ ਜੀ ਦਾ ਵੀ ਵਿਸ਼ੇਸ਼ ਧੰਨਵਾਦ ਜਿਨ੍ਹਾਂ ਨੇ ਹੱਥਲੀ ਕਿਤਾਬ ਦਾ ਮੁੱਖ ਬੰਦ ਲਿਖਿਆ ਅਤੇ ਲੌੜੀਂਦੀ ਸੋਧ ਵੱਲ ਧਿਆਨ ਦਿਵਾਇਆ। ਸ੍ਰ. ਸਤਿੰਦਰ ਸਿੰਘ ਓਠੀ ਜੀ ਦਾ ਤਹਿ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਕਿਤਾਬ ਦੀ ਪਰੂਫ ਰੀਡਿੰਗ ਵਿੱਚ ਮਹੱਤਵਪੂਰਨ ਯੋਗਦਾਨ ਪਇਆ। ਇਸ ਦੇ ਨਾਲ ਸ੍ਰੀ ਵਰਿੰਦਰ ਅਜ਼ਾਦ ਜੀ, ਸ੍ਰ. ਬਲਜਿੰਦਰ ਸਿੰਘ ਟੰਬਰ, ਸ੍ਰ. ਤਰਲੋਕ ਸਿੰਘ ਹੁੰਦਲ, ਰਾਜਾ ਹੰਸਪਾਲ, ਜੱਸੀ ਭਾਜੀ, ਰਣਜੀਤ ਸਿੰਘ (ਆਰ-ਜੀਤ), ਹਰਜੀਤ ਸਿੰਘ ਬਾਂਗਾ, ਸ੍ਰ. ਮਨਿੰਦਰ ਸਿੰਘ ਆਦਿ ਦਾ ਹਮੇਸ਼ਾਂ ਰਿਣੀ ਹਾਂ, ਜਿੰਨ੍ਹਾਂ ਨੇ ਸਮੇਂ-ਸਮੇਂ ਨੇਕ ਸਲਾਹਾਂ ਦਿੱਤੀਆਂ ਅਤੇ ਹਮੇਸ਼ਾਂ ਅੱਗੇ ਵੱਧਣ ਲਈ ਉਤਸ਼ਾਹਤ ਕੀਤਾ।

**ਇਕਵਾਕ ਸਿੰਘ ਪੱਟੀ**

ਅੰਮ੍ਰਿਤਸਰ ਸਾਹਿਬ।

ਅਪ੍ਰੈਲ 2021



ਮੇਰੇ ਕਮਾਏ 98 ਕਿਲ੍ਹੇ ਤਾਂ ਕੀ ਮਿਲਣੇ ਸੀ, ਜਿਹੜੇ ਮੇਰੇ ਬਾਪ ਨੇ ਮੈਨੂੰ ਦੋ ਕਿੱਲੇ ਦਿੱਤੇ ਸੀ ਉਹ ਵੀ ਜਾਂਦੇ ਰਹੇ। ਜੇ ਮੇਰਾ ਵੱਡਾ ਪੁੱਤ, ਕੀਰਤ ਮੇਰੇ ਤੋਂ ਦੂਰ ਨਾ ਜਾਂਦਾ ਤਾਂ ਅੱਜ 100 ਦੇ 200 ਕਿੱਲੇ ਹੋ ਜਾਣੇ ਸੀ, ਪਰ ਵਾਹਿਗੁਰੂ ਘਰ ਦੇਰ ਹੈ ਹਨੇਰ ਨਹੀਂ, ਜਲਦੀ ਹੀ ਮੈਂ ਇੱਥੋਂ ਚਲਿਆ ਜਾਣਾ ਫਿਰ ਆਪਣੇ ਘਰ ਵਾਪਸ, ਕਿਉਂਕਿ ਮੇਰਾ ਪੁੱਤ ਕੀਰਤ ਇਕ ਨਾ ਇੱਕ ਦਿਨ ਮੈਨੂੰ ਜ਼ਰੂਰ ਲੈਣ ਆਊਗਾ.. ਕਹਿੰਦਿਆਂ ਹੀ ਬਲਬੀਰ ਸਿੰਹੁ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ ਤੇ ਗਲਾ ਭਰ ਗਿਆ...।

# ਬਾਪੂ



ਮੈਨੇਜਰ ਸਾਹਿਬ! ਮੈਂ ਸਰਦਾਰ ਬਲਬੀਰ ਸਿੰਘ ਜੀ ਹੁਰਾਂ ਨੂੰ ਮਿਲਣਾ ਚਾਹੁੰਦਾ ਹਾਂ।

ਅੱਗੋਂ ਸਵਾਲ ਆਇਆ, ਤੁਸੀਂ ਕੌਣ ਹੋ ?

ਮੈਂ ਹਰਕੀਰਤ ਸਿੰਘ ਕੈਨੇਡਾ ਤੋਂ, ਉਹਨਾਂ ਦਾ ਬੇਟਾ।

ਬੇਟਾ..?? ਇਹ ਕਿੱਦਾਂ ਹੋ ਸਕਦਾ, ਜੇ ਤੂੰ ਉਹਨਾਂ ਦਾ ਬੇਟਾ ਹੁੰਦਾ ਤਾਂ ਆਪਣੇ ਬਾਪ ਨੂੰ ਇਸ ਬਿਰਧ ਘਰ ਵਿੱਚ ਨਾ ਛੱਡ ਕੇ ਜਾਂਦਾ...।

ਨਹੀਂ ਸਰ, ਸ਼ਾਇਦ ਤੁਸੀਂ ਗਲਤ ਸਮਝ ਰਹੇ ਹੋ.. ਮੈਂ ਕੱਲ੍ਹ ਰਾਤ ਹੀ ਕੈਨੇਡਾ ਤੋਂ 12 ਸਾਲ ਬਾਅਦ ਵਾਪਸ ਆਇਆ ਹਾਂ। ਮੈਨੂੰ ਤਾਂ ਅੱਜ ਕਈ ਸਾਲਾਂ ਬਾਅਦ ਪਤਾ ਲੱਗਾ ਕਿ ਮੇਰੇ ਪਿਤਾ ਜੀ ਇੱਥੇ ਹਨ। ਪਲੀਜ਼ ਮੈਨੂੰ ਉਹਨਾਂ ਨਾਲ ਮਿਲਵਾ ਦਿਉ। ਮੈਂ ਉਹਨਾਂ ਨੂੰ ਆਪਣੇ ਨਾਲ ਲਿਜਾਉਣ ਆਇਆ ਹਾਂ।

ਆਉ ਤੁਹਾਨੂੰ ਮਿਲਵਾਉਂਦਾ ਹਾਂ ਤੁਹਾਡੇ ਪਿਤਾ ਜੀ ਨਾਲ, ਕਹਿ ਕੇ ਬਿਰਧ ਘਰ ਦਾ ਮੈਨੇਜਰ ਆਪਣੀ ਕੁਰਸੀ ਤੋਂ ਉੱਠਿਆ ਅਤੇ ਬਰਾਂਡੇ ਵੱਲ ਨੂੰ ਹੋ ਤੁਰਿਆ। ਬਰਾਂਡੇ ਦੇ ਕੋਲ ਇੱਕ ਖਿੜਕੀ ਦੇ ਨੇੜਿਉਂ ਮੈਨੇਜਰ ਨੇ ਕਿਹਾ ਕਿ, 'ਉਹ ਨੀਲੇ ਦਸਤਾਰੇ ਸਜਾਈ ਖੜ੍ਹਾ, ਆਪਣੇ ਪੁੱਤਰ ਕੀਰਤ ਬਾਰੇ ਆਪਣੇ ਸਾਥੀਆਂ ਨਾਲ ਗੱਲ ਕਰ ਰਿਹਾ ਹੈ ਤੇ ਹਮੇਸ਼ਾਂ ਹੀ ਕਰਦਾ ਰਹਿੰਦਾ ਹੈ।

ਹਾਂ ਜੀ ਮੈਨੇਜਰ ਸਾਹਿਬ! ਬਾਪੂ ਜੀ ਮੈਨੂੰ ਹੀ ਕੀਰਤ ਕਹਿੰਦੇ ਹਨ।

ਬਲਬੀਰ ਸਿੰਘ ਦੇ ਚਿਹਰੇ 'ਤੇ ਝੁਰੜੀਆਂ, ਗੋਰਾ ਰੰਗ, ਚਿੱਟੀ ਚਾਨਣੀ ਦੇ ਵਰਗੇ ਚਿੱਟੇ ਲਿਸ਼ਕਦੇ ਵਾਲ, ਖੜ੍ਹੀਆਂ ਮੁੱਛਾਂ, ਥੱਲੇ ਚਿੱਟੇ ਰੰਗ ਦਾ ਬਿਸਕੁਟੀ ਡੱਬੀਆਂ ਵਾਲਾ ਚਾਦਰਾ, ਪੈਰੀਂ ਕਾਲੇ ਮੌਜੇ ਤੇ ਦੁੱਧ ਚਿੱਟਾ ਕੁੜਤਾ ਪਾਈ, ਹੱਥ ਵਿੱਚ ਇੱਕ ਖੂੰਡੀ ਫੜ ਕੇ, ਅੱਖਾਂ 'ਤੇ ਲੱਗੀਆਂ ਵੱਡੀਆਂ-ਵੱਡੀਆਂ ਐਨਕਾਂ ਰਾਹੀਂ ਗੱਲ ਸੁਣ ਰਹੇ ਸਾਥੀਆਂ ਵੱਲ ਧਿਆਨ ਨਾਲ ਵੇਖਦਾ ਹੋਇਆ ਪੂਰੇ ਜੋਸ਼ ਨਾਲ ਦੱਸ ਰਿਹਾ ਸੀ, ਯਾਰੋ! ਮੈਂ ਬਾਪ ਵੱਲੋਂ ਮਿਲੀ ਦੋ ਕਿੱਲੇ ਜ਼ਮੀਨ ਤੋਂ 100 ਕਿੱਲੇ ਬਣਾਏ ਸੀ, ਪਰ ਜਦ ਭੋਗਣ ਦਾ ਵੇਲਾ ਆਇਆ ਤਾਂ ਮੇਰੇ ਪੁੱਤ ਨੇ ਮੈਨੂੰ ਇੱਥੇ ਸੁੱਟ ਦਿੱਤਾ। ਮੇਰੇ ਕਮਾਏ 98 ਕਿਲੇ ਤਾਂ ਕੀ ਮਿਲਣੇ ਸੀ, ਜਿਹੜੇ ਮੇਰੇ ਬਾਪ ਨੇ ਮੈਨੂੰ ਦੋ ਕਿੱਲੇ ਦਿੱਤੇ ਸੀ ਉਹ ਵੀ ਜਾਂਦੇ ਰਹੇ। ਜੇ ਮੇਰਾ ਵੱਡਾ ਪੁੱਤ, ਕੀਰਤ ਮੇਰੇ ਤੋਂ ਦੂਰ ਨਾ ਜਾਂਦਾ ਤਾਂ ਅੱਜ

100 ਦੇ 200 ਕਿੱਲੇ ਹੋ ਜਾਣੇ ਸੀ, ਪਰ ਵਾਹਿਗੁਰੂ ਘਰ ਦੇਰ ਹੈ ਹਨੇਰ ਨਹੀਂ, ਜਲਦੀ ਹੀ ਮੈਂ ਇੱਥੋਂ ਚਲਿਆ ਜਾਣਾ ਫਿਰ ਆਪਣੇ ਘਰ ਵਾਪਸ, ਕਿਉਂਕਿ ਮੇਰਾ ਪੁੱਤ ਕੀਰਤ ਇੱਕ ਨਾ ਇੱਕ ਦਿਨ ਮੈਨੂੰ ਜ਼ਰੂਰ ਲੈਣ ਆਊਗਾ.. ਕਹਿੰਦਿਆਂ ਹੀ ਬਲਬੀਰ ਸਿੰਹੁ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ ਤੇ ਗਲਾ ਭਰ ਗਿਆ...।

ਕੋਲ ਬੈਠਾ ਤਰਸੇਮ ਸਿੰਘ ਬੋਲਿਆ, 'ਬਲਬੀਰ ਸਿੰਹਾਂ ਤਕੜਾ ਬਣ ਤਕੜਾ, ਐਵੇਂ ਹਿੰਮਤ ਨਹੀਂ ਹਾਰੀਦੀ, ਉਸਦੀ ਦਰਗਾਹ ਤੋਂ ਕਦੇ ਕੋਈ ਨਹੀਂ ਮੁੜਿਆ, ਬਲਬੀਰ ਸਿੰਹਾਂ ਸੱਚ ਨੂੰ ਪਹਿਚਾਣ, ਹਿੰਮਤ ਰੱਖ।

ਨਹੀਂ ਤਰਸੇਮ ਸਿੰਘਾਂ! ਉਹ ਉਸਦੀ ਦਰਗਾਹ 'ਤੇ ਨਹੀਂ ਗਿਆ, ਉਹ ਤਾਂ ਇੱਥੇ ਕਿਤੇ ਈ ਆ, ਬੱਸ ਐਵੇਂ ਲੁਕਣ ਮੀਟੀ ਖੇਡਦਾ ਕਿਤੇ ਲੁੱਕ ਗਿਆ ਹੈ, ਮੈਥੋਂ ਲੱਭਿਆ ਨਹੀਂ ਗਿਆ, ਪਰ ਵੇਖੀਂ, ਉਹਨੇ ਆਪੇ ਈ ਬਾਹਰ ਆ ਕੇ, ਘੁੱਟ ਕੇ ਗਲ ਨਾਲ ਲਾ ਲੈਣਾ ਏ ਤੇ ਆਖਣਾ ਬਾਪੂ ਮੈਂ ਆ ਗਿਆ...

ਹਰਕੀਰਤ ਦੇ ਪੈਰ ਬਾਪੂ ਦੀ ਗੱਲਾਂ ਸੁਣ ਕੇ ਉਸ ਵੱਲ ਭੱਜ ਪਏ ਤੇ, ਤੇ ਜ਼ੋਰ ਦੀ ਆਵਾਜ਼ ਮਾਰੀ... ਹਾਂ ਬਾਪੂ! ਮੈਂ ਆ ਗਿਆ ਈ, ਆਜਾ ਮੇਰੇ ਕਾਲਜੇ ਲੱਗ ਜਾ ਬਾਪੂ, ਤੇਰੇ ਬਿਨ੍ਹਾਂ ਕਦੇ ਕਿਸੇ ਖੁਸ਼ੀ ਨੂੰ, ਕਿਸੇ ਸੁੱਖ ਨੂੰ ਮਾਣ ਨਹੀਂ ਸਕਿਆ ਤੇਰਾ ਪੁੱਤ।

ਆਵਾਜ਼ ਸੁਣ ਕੇ ਬਲਬੀਰ ਸਿੰਘ ਨੇ ਪਿੱਛੇ ਮੁੜ ਹਰਕੀਰਤ ਨੂੰ ਵੇਖਿਆ, ਹੱਥੋਂ ਖੂੰਡੀ ਛੁੱਟ ਗਈ, ਲੱਤਾਂ ਵਿੱਚ ਜਾਨ ਆ ਗਈ ਤੇ ਉੱਚੀ ਸਾਰੀ ਬੋਲਿਆ, ਵੇਖ ਓਏ ਤਰਸੇਮਿਆਂ! 'ਓ ਸੱਚੀਂ ਆ ਗਿਆ ਨਾ, ਮੇਰਾ ਪੁੱਤ ਕੀਰਤ। ਮੈਂ ਨਾ ਕਹਿੰਦਾ ਸੀ ਕਿ ਉਹ ਜ਼ਰੂਰ ਆਊਗਾ, ਕਹਿੰਦਾ ਹੋਇਆ ਪੁੱਤ ਕੀਰਤ ਦੇ ਘੁੱਟ ਕੇ ਗਲ ਲੱਗ ਗਿਆ।

ਮਾਹੌਲ ਬੜਾ ਭਾਵੁਕ ਤੇ ਗ਼ਮਗੀਨ ਹੋ ਗਿਆ। ਕਿੱਥੇ ਚਲਿਆ ਗਿਆ ਸੀ ਪੁੱਤਰਾ? ਬੱਸ ਤੈਨੂੰ ਆਖਰੀ ਵਾਰ ਦੇਖਣ ਲਈ ਹੀ ਜਿਊਂਦਾ ਹਾਂ, ਉਹ ਪ੍ਰਮਾਤਮਾ ਬੜਾ ਬਲੀ ਹੈ, ਮੇਰੀ ਅਰਦਾਸ ਉਸਨੇ ਸੁਣ ਲਈ, ਮੈਂ ਧੰਨ ਹੋ ਗਿਆ ਪੁੱਤਰਾ, ਮੈਂ ਧੰਨ ਹੋ ਗਿਆ।

ਬਾਪੂ ਮੈਂ ਕਿਤੇ ਨਹੀਂ ਸੀ ਗਿਆ, ਬਸ ਰੱਬ ਦੀ ਮਰਜ਼ੀ ਹੀ ਸੀ।

ਬਿਰਧ ਘਰ ਦੀ ਮੈਨੇਜਮੈਂਟ ਨੇ ਦੋਹਾਂ ਪਿਉ-ਪੁੱਤਰਾਂ ਦੀ ਇਸ ਮਿਲਣੀ ਨੂੰ ਮਾਣਿਆ ਅਤੇ ਪਿਉ-ਪੁੱਤ ਦੇ ਇੱਕ ਸੱਚੇ ਰਿਸ਼ਤੇ ਨੂੰ ਵੇਖਿਆ।

ਹੁਣ ਬੱਸ ਸਾਰਿਆਂ ਦੇ ਦਿਲ ਵਿੱਚ ਇਹੀ ਸਵਾਲ ਸੀ ਕਿ ਇਸ ਸਾਰੇ ਪਿੱਛੇ ਮਾਜ਼ਰਾ ਕੀ ਹੈ? ਸਭ ਦੀਆਂ ਅੱਖਾਂ ਕੀਰਤ ਅਤੇ ਬਲਬੀਰ ਸਿੰਘ ਵੱਲ ਟਿਕੀਆਂ ਹੋਈਆਂ ਸਨ, ਮਨ ਵਿੱਚ ਕਈ ਕੁੱਝ ਆ ਰਿਹਾ ਸੀ, ਕਿ ਕੀਰਤ ਤਾਂ ਮਰ ਚੁੱਕਾ ਸੀ? ਜਾਂ ਬਲਬੀਰ ਸਿੰਘ ਸੱਚ ਬੋਲਦਾ ਸੀ, ਕੁੱਝ ਵੀ ਕਿਸੇ ਦੀ ਸਮਝ ਵਿੱਚ ਨਹੀਂ ਸੀ। ਜੇ

ਦੋਹਾਂ ਪਿਉ-ਪੁੱਤਰਾਂ ਵਿੱਚ ਇੰਨਾ ਪਿਆਰ ਹੈ ਤਾਂ ਘਰੋਂ ਚੁੱਕ ਕੇ ਪਿਉ ਨੂੰ ਇੱਥੇ ਕਿਉਂ ਸੁੱਟ ਗਿਆ? ਪਿਛਲੇ ਇੰਨੇ ਸਾਲਾਂ ਵਿੱਚ ਪਿਉ ਦੀ ਯਾਦ ਕਿਉਂ ਨਾ ਆਈ?

ਹਰਕੀਰਤ ਨੇ ਸਾਰੀ ਕਹਾਣੀ ਦੱਸਣੀ ਸ਼ੁਰੂ ਕੀਤੀ। ਅਸੀਂ ਦੋ ਭਰਾ ਹਾਂ ਮੈਂ ਅਤੇ ਮੇਰਾ ਛੋਟਾ ਮਨਬੀਰ ਸਿੰਘ। ਸਾਡੀ ਮਾਂ ਬਚਪਨ ਵਿੱਚ ਗੁਜ਼ਰ ਗਈ ਸੀ। ਉਦੋਂ ਮੇਰੀ ਉਮਰ 7 ਸਾਲ ਤੇ ਛੋਟੇ ਦੀ 3 ਕੁ ਸਾਲ ਸੀ। ਦੋਹਾਂ ਭਰਾਵਾਂ ਨੂੰ ਕਿਤੇ ਮਤਰੇਈ ਮਾਂ ਕਿਸੇ ਤਰ੍ਹਾਂ ਕੋਈ ਦੁੱਖ, ਕਸ਼ਟ ਨਾ ਦੇਵੇ, ਇਸੇ ਡਰੋਂ ਮੇਰੇ ਬਾਪੂ ਨੇ ਕਦੇ ਦੂਜੇ ਵਿਆਹ ਦੀ ਸੋਚੀ ਵੀ ਨਾਂਹ। ਸਾਡੀ ਮਾਂ ਵੀ ਇਹੋ ਤੇ ਪਿਉ ਵੀ ਇਹੋ ਸੀ। ਇੱਕ ਮਿਹਨਤਕਸ਼ ਇਨਸਾਨ ਹੋਣ ਦੇ ਨਾਲ ਧਾਰਮਿਕ ਬਿਰਤੀ ਹੋਣ ਕਰਕੇ ਇਸ ਬੰਦੇ ਵਿੱਚ ਰੱਬ ਤੇ ਭਰੋਸਾ, ਸਹਿਜ ਤੇ ਸਬਰ-ਸੰਤੋਖ ਕਦੇ ਨਾ ਮੁੱਕਿਆ। ਸਾਨੂੰ ਦੋਹਾਂ ਭਰਾਵਾਂ ਨੂੰ ਪੜ੍ਹਾਇਆ-ਲਿਖਾਇਆ ਤੇ ਵੱਡੇ ਕੀਤਾ। ਜਦ ਜਵਾਨੀ ਵਿੱਚ ਪੈਰ ਧਰਦਿਆਂ ਮੇਰੇ ਵਿਆਹ ਦੀ ਗੱਲ ਨਾਲਦੇ ਪਿੰਡ ਚੱਲੀ ਤਾਂ ਮੈਂ ਬਾਪੂ ਨੂੰ ਕਿਹਾ ਬਾਪੂ, ਮੈਂ ਬਾਹਰ ਜਾਣਾ ਚਾਹੁੰਦਾ ਜੇ ਤੂੰ ਹਾਂ ਕਰ ਦੇਵੇਂ, ਵਿਆਹ ਤਾਂ ਬਾਅਦ ਵਿੱਚ ਵੀ ਹੋਜੂ। ਮੈਂ ਵਿਦੇਸ਼ ਜਾ ਕੇ ਹੋਰ ਵੀ ਕਾਮਯਾਬ ਬਣਨਾ ਚਾਹੁੰਦਾ ਹਾਂ। ਬਾਪੂ ਨੇ ਨਾ ਚਾਹੁੰਦਿਆਂ ਵੀ ਆਪਣੀ ਅੱਧੀ ਜ਼ਮੀਨ ਵੇਚ ਛੱਡੀ ਤੇ ਠੱਗ ਏਜੰਟਾਂ ਦੇ ਢਹੇ ਚੜ੍ਹ ਕੇ ਲੱਖਾਂ ਰੁਪਿਆਂ ਦਾ ਨੁਕਸਾਨ ਕਰਵਾ ਕੇ, ਸਾਲ ਦੋ ਸਾਲ ਦੀ ਜੱਦੋ-ਜਹਿਦ ਕਰਕੇ ਮੈਨੂੰ ਵਿਦੇਸ਼ ਭੇਜ ਦਿੱਤਾ।

ਬੁਰੀ ਕਿਸਮਤ ਨੂੰ ਵੀਜ਼ਾ ਨਕਲੀ ਸੀ ਤੇ ਦੂਜਾ ਸਾਨੂੰ ਕਿਤੇ ਹੋਰ ਹੀ ਮੁਲਕ ਦੇ ਜੰਗਲਾਂ ਬੀਆਬਾਨਾਂ ਵਿੱਚ ਛੱਡ ਦਿੱਤਾ ਗਿਆ। ਛੇ ਮਹੀਨੇ ਦੀ ਜੱਦੋ ਜਹਿਦ ਬਾਅਦ ਸਮੁੰਦਰ ਦੇ ਰਸਤੇ ਅਸੀਂ ਉਥੇ ਪੁੱਜੇ, ਪਹਿਲਾਂ ਲੁੱਕ ਛਿਪ ਕੇ ਕੰਮ ਕਰਦੇ ਰਹੇ, ਫਿਰ ਹੌਲੀ-ਹੌਲੀ ਸਖ਼ਤ ਮਿਹਨਤ ਨਾਲ, ਜੋ ਆਪਣੇ ਬਾਪੂ ਤੋਂ ਸਿੱਖੀ ਸੀ ਉਸਦੀ ਬਰਕਤ ਨਾਲ ਮੈਂ ਤਿੰਨ ਸਾਲ ਬਾਅਦ ਪੱਕਾ ਹੋਇਆ। ਇਹਨਾਂ ਤਿੰਨਾਂ ਸਾਲਾਂ ਦੌਰਾਨ ਮੈਂ ਕਈ ਵਾਰ ਘਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਚਿੱਠੀ ਵੀ ਲਿਖੀ ਪਰ ਕਦੇ ਕਿਸੇ ਨੇ ਜੁਆਬ ਨਾ ਦਿੱਤਾ। ਮੈਂ ਘਰ ਫ਼ੋਨ ਕਰਦਾ ਰਿਹਾ ਪਰ ਘਰ ਦੇ ਕਿਸੇ ਮੈਂਬਰ ਨਾਲ ਗੱਲ ਨਾ ਹੋ ਸਕੀ। ਛੋਟੇ ਮਨਬੀਰ ਨੇ ਇੱਕ ਵਾਰ ਫ਼ੋਨ ਚੁੱਕਿਆ ਤੇ ਦੱਸਿਆ ਕਿ ਮੇਰੇ ਬਾਪੂ ਦੀ ਮੌਤ ਹੋ ਗਈ ਹੈ ਦੋ ਸਾਲ ਹੋ ਚੁੱਕੇ ਹਨ, ਜਦੋਂ ਮੈਂ ਕੈਨੇਡਾ ਗਿਆ ਸੀ ਉਸੇ ਦਿਨ ਇੱਕ ਜਹਾਜ਼ ਹਾਦਸਾਗ੍ਰਸਤ ਹੋਇਆ ਸੀ। ਏਜੰਟ ਨੇ ਸਾਡੇ ਘਰ ਝੂਠ ਦੱਸਿਆ ਕਿ ਉਸ ਵਿੱਚ ਹਰਕੀਰਤ ਦੀ ਮੌਤ ਹੋ ਗਈ ਹੈ।

ਇਸ ਪਿੱਛੇ ਵੀ ਇਹੀ ਸੱਚ ਸੀ ਕਿ ਏਜੰਟ ਧੋਖੇਬਾਜ਼ ਸੀ, ਤੇ ਲੋਕ ਉਸ ਕੋਲੋਂ ਆਪਣੇ ਪੁੱਤਰਾਂ ਬਾਰੇ ਨਾ ਪੁੱਛਣ ਇਸ ਲਈ ਉਸਨੇ ਉਸ ਹਾਦਸਾਗ੍ਰਸਤ ਜਹਾਜ ਨੂੰ, ਸਾਡੇ ਵਾਲਾ ਜਹਾਜ਼ ਬਣਾ ਦਿੱਤਾ। ਮੈਨੂੰ ਬਾਪੂ ਦੀ ਮੌਤ ਦਾ ਯਕੀਨ ਨਾ ਹੋਇਆ ਜਦ ਵੀਰੇ ਨੇ ਦੱਸਿਆ ਕਿ ਬਾਪੂ ਦੀ ਸੰਖੇਪ ਬਿਮਾਰੀ ਤੋਂ ਬਾਅਦ ਮੌਤ ਹੋਈ ਹੈ। ਖ਼ੈਰ! ਅਣਚਾਹੇ ਜਿਹੇ ਮਨ ਨਾਲ ਇਸ ਭਾਣੇ ਨੂੰ ਮੰਨ ਲਿਆ।

ਬਾਕੀ ਬਾਪੂ ਜੀ ਤੁਸੀਂ ਦੱਸੋ, ਕੀ ਗੱਲ ਹੋਈ ਸੀ??

ਹੋਣਾਂ ਕੀ ਸੀ ਪੁੱਤਰਾ, ਮੈਂ ਤਾਂ ਕਦੀ ਵੀ ਯਕੀਨ ਨਹੀਂ ਕੀਤਾ, ਕਿ ਮੇਰਾ ਪੁੱਤ ਇਸ ਦੁਨੀਆਂ ਵਿੱਚ ਨਹੀਂ ਹੈ। ਲੋਕੀ ਜੋ ਮਰਜ਼ੀ ਪਏ ਸੀ ਕਹਿੰਦੇ, ਮੈਨੂੰ ਪੂਰਾ ਯਕੀਨ ਸੀ ਉਸ ਸੱਚੇ ਰੱਬ 'ਤੇ, ਕਿ ਮੇਰੇ ਤੋਂ ਮੇਰਾ ਪੁੱਤ ਇੱਦਾਂ ਨਹੀਂ ਖੋਹ ਸਕਦਾ। ਭਰੋਸਾ ਸੀ ਕਿ ਇੱਕ ਨਾ ਇੱਕ ਦਿਨ ਤੂੰ ਜ਼ਰੂਰ ਆਵੇਂਗਾ।

ਛੋਟੇ ਮਨਬੀਰ ਨੇ ਬਿਨ੍ਹਾਂ ਘਰੇ ਕੋਈ ਗੱਲ ਕੀਤਿਆਂ ਕੋਰਟ ਮੈਰਿਜ਼ ਕਰਵਾ ਲਈ ਤੇ ਆਪਣੀ ਵਹੁਟੀ ਸਮੇਤ ਘਰ ਆ ਢੁੱਕਿਆ। ਚੱਲੋ ਘਰ ਵਿੱਚ ਧੀ ਆ ਗਈ, ਰੋਟੀ-ਟੁੱਕ ਸੋਹਣਾ ਪੱਕਣ ਲੱਗ ਪਿਆ ਤੇ ਜ਼ਿੰਦਗੀ ਮੁੜ ਹੌਲੀ-ਹੌਲੀ ਲੀਹਾਂ 'ਤੇ ਆਉਣ ਲੱਗ ਪਈ। ਪਰ ਸਮਾਂ ਬੀਤਣ ਦੇ ਨਾਲ ਆਪਣੀ ਘਰਵਾਲੀ ਦੇ ਮਗਰ ਲੱਗ ਕੇ ਮਨਬੀਰ ਨੇ ਮੇਰੀ ਸਾਰੀ ਜਾਇਦਾਦ ਨੂੰ ਆਪਣੇ ਨਾਮ 'ਤੇ ਕਰਵਾਉਣ ਲਈ ਮੈਨੂੰ ਕਿਹਾ, ਮੈਂ ਇੱਕ ਤੇਰਾ ਤੇ ਇੱਕ ਉਸਦਾ ਦੋ ਹਿੱਸੇ ਕਰਦਾ ਸੀ, ਪਰ ਉਹ ਸਾਰੀ ਜ਼ਮੀਨ ਚਾਹੁੰਦਾ ਸੀ।

ਮੈਂ ਬੜਾ ਸਮਝਾਇਆ ਕਿ ਮੇਰੇ ਮਗਰੋਂ ਇਹ ਸਾਰੀ ਤੇਰੀ ਹੀ ਹੋ ਜਾਣੀ ਹੈ, ਪਰ ਉਹ ਜਨਾਨੀ ਦੀ ਚੁੱਕਣਾ ਵਿੱਚ ਆ ਕੇ ਕਾਗਜ਼ੀ ਕਾਰਵਾਈ ਮੁਕਾਉਣ ਲਈ ਕਾਹਲਾ ਪੈਣ ਲੱਗ ਪਿਆ। ਉਸਦੀ ਘਰਵਾਲੀ ਵੀ ਨਿੱਤ ਕਲੇਸ਼ ਕਰਦੀ, ਘਰ ਵਿੱਚ ਸੁੱਖ-ਸ਼ਾਂਤੀ ਕਿੱਧਰੇ ਉੱਡ ਹੀ ਗਏ। ਉਹ ਕੰਮ 'ਤੇ ਜਾਂਦਾ ਤੇ ਮਗਰੋਂ ਮੈਨੂੰ ਸ਼ਾਮਾਂ ਤੱਕ ਰੋਟੀ ਨਾ ਜੁੜਦੀ। ਮੈਂ ਸੱਚੇ ਪਰਵਦਗਾਰ ਦੇ ਭਾਣੇ ਵਿੱਚ ਕਦੀਂ ਗਰਦੁਆਰੇ ਲੰਗਰ ਛੱਕ ਆਉਂਦਾ ਤੇ ਕਦੀ ਦੋ ਰੋਟੀਆ ਨਾਲ ਲੈ ਆਉਂਦਾ। ਜਦ ਨੂੰਹ ਸੱਜੇ-ਖੱਬੇ ਹੁੰਦੀ ਤਾਂ ਚੋਰੀ-ਚੋਰੀ ਖਾ ਕੇ ਵਕਤ ਲੰਘਾ ਲੈਂਦਾ।

ਇੱਕ ਦਿਨ ਮੈਨੂੰ ਹਾਰਟ ਅਟੈਕ ਆ ਗਿਆ। ਦੋਵੇਂ ਨੂੰਹ ਤੇ ਪੁੱਤ ਮੈਨੂੰ ਹਸਪਤਾਲ ਲੈ ਗਏ। ਮੇਰੇ ਦਿਲ 'ਤੇ ਬੜਾ ਬੋਝ ਸੀ ਪੁੱਤਰਾ! ਆਖੀਰ ਮੈਂ ਹਾਰ ਮੰਨ ਕੇ ਜਿਉਂਦਾ ਰਹਿਣ ਲਈ ਤੇ ਤੇਰੀ ਤਾਂਘ ਵਿੱਚ, ਸਾਰੀ ਜ਼ਮੀਨ ਜਾਇਦਾਦ ਛੋਟੇ ਪੁੱਤ ਮਨਬੀਰ ਦੇ ਨਾਮ ਕਰ ਦਿੱਤੀ। ਇਸ ਨਾਲ ਕਲੇਸ਼ ਤਾਂ ਮੁੱਕ ਗਿਆ ਪਰ ਉਸਨੇ ਜ਼ਮੀਨ ਵੇਚਣੀ ਸ਼ੁਰੂ ਕਰ ਦਿੱਤੀ ਤੇ ਬਦਲੇ ਵਿੱਚ ਮਿਲਣ ਵਾਲੇ ਪੈਸਿਆਂ ਨਾਲ ਐਸ਼-ਪ੍ਰਸਤੀ ਦੀਆਂ ਮਹਿੰਗੀਆਂ ਚੀਜਾਂ ਘਰ ਆਉਣ ਲੱਗ ਪਈਆਂ, ਜਿਹਨਾਂ ਵਿੱਚ ਚੰਦਰੀ ਸ਼ਰਾਬ ਵੀ ਇਸ ਘਰ ਵਿੱਚ ਆਣ ਵੜੀ। ਮਨਬੀਰ ਅਕਸਰ ਨਸ਼ੇ ਵਿੱਚ ਰਹਿੰਦਾ ਤੇ ਇਸ ਸ਼ਰਾਬ ਦੀ ਨਿੱਕੀ ਜਿਹੀ ਬੋਤਲ ਵਿੱਚ ਤੇਰੀ ਪਿਉ ਦੀ ਸਾਰੀ ਜਿੰਦਗੀ ਦੀ ਮਿਹਨਤ, ਘਰ ਦੀ ਜ਼ਮੀਨ-ਜਾਇਦਾਦ ਰੁੜ੍ਹਨ ਲੱਗ ਪਈ। ਜਦ ਇੱਕ ਵਾਰ ਮੈਂ ਰੋਕਿਆ ਤਾਂ ਘਰ ਵਿੱਚ ਪੂਰਾ ਮਹਾਂਭਾਰਤ ਹੋਇਆ ਤੇ ਅਗਲੇ ਦਿਨ ਮਨਬੀਰ ਮੈਨੂੰ ਹਸਪਤਾਲੋਂ ਦਵਾਈ ਲੈਣ ਦੇ ਬਹਾਨੇ ਗੱਡੀ ਵਿੱਚ ਬਿਠਾ ਕੇ, ਇਸ ਬਿਰਧ-ਘਰ ਦੇ ਸਾਹਮਣੇ ਛੱਡ ਗਿਆ। ਮੈਂ ਸਭ-ਕੁਝ ਸਮਝ ਗਿਆ ਅਤੇ ਇੱਥੇ ਆ

ਕੇ ਠਹਿਰ ਗਿਆ। ਇੱਥੇ ਮੈਨੂੰ ਮੇਰੇ ਵਰਗੇ ਹੋਰ ਯਾਰ ਮਿਲ ਪਏ ਤੇ ਮੈਂ ਨਵੀਂ ਜ਼ਿੰਦਗੀ ਸ਼ੁਰੂ ਕਰ ਲਈ। ਨਾ ਤਾਂ ਕਦੇ ਮਨਬੀਰ ਆਇਆ ਤੇ ਨਾ ਹੀ ਮੈਂ ਉਸ ਕੋਲ ਮੁੜ ਕਦੇ ਗਿਆ।

ਪਰ ਕੀਰਤ ਪੁੱਤ ! ਤੈਨੂੰ ਕਿੱਦਾਂ ਪਤਾ ਲੱਗਾ ਮੈਂ ਇੱਥੇ ਹਾਂ..?

ਬਾਪੂ ਜੀ ! ਛੋਟੇ ਵੀਰ ਮਨਬੀਰ ਨੇ ਦੱਸਿਆ...।

... ਉਹ ਤੇਰਾ ਛੋਟਾ ਵੀਰ ਨਹੀਂ ਆ ਪੁੱਤ, ਮੇਰਾ ਇੱਕੋ ਈ ਪੁੱਤ ਆ ਮੇਰਾ ਕੀਰਤ।

... ਨਹੀਂ ਬਾਪੂ ਜੀ ! ਉਹ ਬੜਾ ਸ਼ਰਮਿੰਦਾ ਹੈ। ਆਪਣੇ ਕੀਤੇ 'ਤੇ। ਬਾਪੂ ਜੀ ਤੁਹਾਨੂੰ ਇੱਥੇ ਛੱਡ ਕੇ ਜਾਣ ਮਗਰੋਂ ਉਸਦੀ ਗੱਡੀ ਦਾ ਰਸਤੇ ਵਿੱਚ ਐਕਸੀਡੈਂਟ ਹੋ ਗਿਆ ਸੀ ਜਿਸ ਕਰਕੇ ਉਸਦੀ ਇੱਕ ਲੱਤ ਬੁਰੀ ਤਰ੍ਹਾਂ ਟੁੱਟ ਗਈ। ਉਸਦੇ ਇਲਾਜ 'ਤੇ ਰਹਿੰਦੀ ਜਾਇਦਾਦ ਵੀ ਜਾਂਦੀ ਰਹੀ ਤੇ ਘਰਵਾਲੀ ਅਤੇ ਉਸਦੇ ਬੱਚੇ ਸੜਕ 'ਤੇ ਆ ਗਏ। ਉਸਦੀ ਘਰਵਾਲੀ ਵੀ ਸਾਹ ਦੀ ਬਿਮਾਰੀ ਨਾਲ ਪੀੜ੍ਹਤ ਹੈ ਤੇ ਦੋਵੇਂ ਹਸਪਤਾਲ ਵਿੱਚ ਮਰੀਜ਼ ਬਣੇ ਪਏ ਨੇ। ਇੱਕ ਟੁੱਟੀ ਜਿਹੀ ਝੌਂਪੜੀ ਵਿੱਚ ਗੁਜ਼ਾਰਾ ਕਰਦੇ ਨੇ।

ਮੈਂ ਤਾਂ ਅਕਸਰ ਹੀ ਇੰਡੀਆ ਫ਼ੋਨ ਕਰਦਾ ਰਿਹਾ, ਪਰ ਨੰਬਰ ਬੰਦ ਰਿਹਾ ਤੇ ਮੈਂ ਇਹਨਾਂ ਬਾਰੇ ਪਤਾ ਨਹੀਂ ਕਰ ਸਕਿਆ ਪਰ ਜਦ ਮੈਂ ਇਹਨਾਂ ਦੀ ਗ਼ਰੀਬੀ, ਮਜ਼ਬੂਰੀ ਅਤੇ ਬੇਬਸੀ ਉੱਤੇ ਕਿਸੇ ਪੱਤਰਕਾਰ ਵੱਲੋਂ ਇੱਕ ਅਖ਼ਬਾਰ ਵਿੱਚ ਲਿਖੀ ਦਾਨੀ ਸੱਜਣਾਂ ਨੂੰ ਅਪੀਲ ਪੜ੍ਹੀ ਤਾਂ ਵਾਪਸ ਇੰਡੀਆ ਆਇਆ।

ਮਨਬੀਰ ਮੇਰੇ ਗਲ ਲੱਗ ਇੰਨਾਂ ਉੱਚੀ-ਉੱਚੀ ਰੋਇਆ ਕਿ ਬਰਦਾਸ਼ਤ ਨਹੀਂ ਸੀ ਹੁੰਦਾ। ਫਿਰ ਉਸਨੇ ਮੁਆਫ਼ੀ ਮੰਗਦੇ ਹੋਏ ਦੱਸਿਆ ਕਿ ਬਾਪੂ ਜਿਉਂਦਾ ਹੈ। ਫਿਰ ਮੈਂ ਲੱਭ-ਲਭਾ ਕੇ ਇੱਥੇ ਪੁੱਜਾ ਹਾਂ। ਬੱਸ ! ਹੁਣ ਤੁਸੀਂ ਜਲਦੀ ਘਰ ਚੱਲੋ। ਨਾਲੇ ਤੁਹਾਨੂੰ ਤੁਹਾਡੀ ਨੂੰਹ ਨਾਲ ਮਿਲਾਉਂਦਾ ਹਾਂ, ਪਰ ਨੂੰਹ ਅਜੇ ਬਣੀ ਨਹੀਂ, ਤੁਹਾਡੇ ਆਸ਼ੀਰਵਾਦ ਤੋਂ ਬਿਨ੍ਹਾਂ ਕੁੱਝ ਵੀ ਸੰਭਵ ਨਹੀਂ ਬਾਪੂ ਜੀ। ਉਹ ਪੰਜਾਬ ਦੀ ਹੀ ਹੈ, ਕੱਲ੍ਹ ਸਵੇਰੇ ਉਸਨੇ ਇੱਥੇ ਸ਼ਹਿਰ ਮੈਨੂੰ ਮਿਲਣ ਆਉਣਾ ਹੈ।

ਪਰ ਪੁੱਤ ! ਮੇਰਾ ਨਿੱਕਾ ਪੁੱਤ ਮਨਬੀਰ...??

ਹਾਂ ਬਾਪੂ ਜੀ ! ਉਹ ਵੀ ਸਵੇਰੇ ਉਸੇ ਹੋਟਲ ਵਿੱਚ ਮਿਲਣਗੇ। ਮੈਂ ਆਪਣੇ ਦੋਸਤ ਨੂੰ ਕਹਿ ਕੇ ਦੋਵੇਂ ਜਾਣਿਆ ਨੂੰ ਹੋਟਲ ਬੁਲਾ ਲਿਆ ਹੈ ਅਤੇ 50,000/- ਰੁਪਏ ਨਕਦ ਦੇ ਕੇ ਉਹਨਾਂ ਨੂੰ ਕੱਪੜੇ ਤੇ ਘਰ ਦੀਆਂ ਜ਼ਰੂਰੀ ਚੀਜਾਂ ਮੰਗਵਾ ਦਿੱਤੀਆਂ ਹਨ। ਜਲਦੀ ਹੀ ਮੈਂ ਆਪਣੀ ਪੁਰਾਣੀ ਜ਼ਮੀਨ ਦਾ ਸੌਦਾ ਕਰ ਲਵਾਂਗਾ ਤੇ ਆਪਾਂ ਵਾਪਸ ਆਪਣੇ ਘਰ ਵਿੱਚ ਜਾਵਾਂਗੇ ਬਾਪੂ। ਨਾਲੇ ਹੁਣ ਤੈਨੂੰ ਛੱਡ ਕੇ ਨਹੀਂ ਜਾਣਾ, ਇੱਥੇ ਰਹੂੰਗਾ ਆਪਣੇ ਸਾਰੇ ਪਰਿਵਾਰ ਨਾਲ।

***********



ਦੋਹਾਂ ਨੇ ਇੱਕ ਦੂਜੇ ਦਾ ਹੱਥ ਫੜ ਕੇ ਕੰਡਿਆਂ 'ਤੇ ਤੁਰਨਾ ਸ਼ੁਰੂ ਕੀਤਾ ਅਤੇ ਇਸ਼ਕ ਦੀ ਦਰਗਾਹ 'ਤੇ ਪ੍ਰਵਾਨ ਹੋਏ। ਦੋਹਾਂ ਦੀ ਜ਼ਿੰਦਗੀ ਦਾ ਮਕਸਦ ਇੱਕ ਦੂਜੇ ਦੇ ਸੁਪਨੇ ਪੂਰੇ ਕਰਨਾ ਸੀ। ਜਿਸ ਲਈ ਦੋਵੇਂ ਜਾਣੇ ਅੱਡੋ-ਅੱਡ ਅਤੇ ਸਾਂਝੇ ਰੂਪ ਵਿੱਚ ਜਤਨ ਕਰਦੇ ਹੀ ਰਹਿੰਦੇ ਸਨ। ਪਰ...

# ਖ਼ੂਬਸੂਰਤ ਪਲ



ਅਮਰ ਸਿੰਘ ਦੀ ਉਮਰ ਕਰੀਬ 50 ਵਰ੍ਹਿਆਂ ਦੀ ਹੋਵੇਗੀ, ਬੜਾ ਹੀ ਹਸਮੁੱਖ, ਬੜਾ ਹੀ ਦਿਲਦਾਰ ਕਿਸਮ ਦਾ ਬੰਦਾ ਸੀ। ਹਰ ਉਮਰ ਦਾ ਵਿਅਕਤੀ ਜਦ ਕਿਸੇ ਸਮੱਸਿਆ ਵਿੱਚ ਫਸ ਜਾਂਦਾ ਤਾਂ ਉਸ ਕੋਲੋਂ ਸਲਾਹ ਜ਼ਰੂਰ ਲੈਂਦਾ। ਉਸਦੀ ਸਲਾਹ ਵਿੱਚ ਉਤਸ਼ਾਹ ਬਹੁਤ ਹੁੰਦਾ ਸੀ, ਜਿਸ ਕਰਕੇ ਉਸਦੀ ਸਲਾਹ ਮੰਨਣ ਵਿੱਚ ਕੋਈ ਔਖ ਮਹਿਸੂਸ ਨਹੀਂ ਸੀ ਹੁੰਦੀ। ਅਮਰ ਸਕੂਲ/ਕਾਲਜ ਜਾਂ ਯੂਨੀਵਰਸਿਟੀ ਵਿੱਚ ਤਾਂ ਨਹੀਂ ਸੀ ਗਿਆ, ਪਰ ਯੂਨੀਵਰਸਿਟੀਆਂ ਦੇ ਪ੍ਰੋਫੈਸਰ ਅਕਸਰ ਉਸ ਨਾਲ ਚਾਹ ਦਾ ਕੱਪ ਪੀਣ ਲਈ ਉਸਦੇ ਗ਼ਰੀਬਖਾਨੇ ਆਉਂਦੇ ਰਹਿੰਦੇ ਸਨ। ਅਮਰ ਦਾ ਗਰੀਬਖਾਨਾ ਕਿਸੇ ਲਾਇਬ੍ਰੇਰੀ ਤੋਂ ਘੱਟ ਨਹੀਂ ਸੀ। ਇੱਥੇ ਉਹ ਇਕੱਲਾ ਰਹਿੰਦਾ ਸੀ। ਉਸਦੇ ਪਰਿਵਾਰ ਬਾਰੇ ਨਾ ਕਦੇ ਕਿਸੇ ਨੇ ਉਸ ਕੋਲੋਂ ਪੁੱਛਿਆ ਨਾ ਹੀ ਉਹ ਆਪ ਕਦੇ ਕਿਸੇ ਨੂੰ ਦੱਸਦਾ ਸੀ।

ਕਹਿੰਦੇ ਨੇ, 'ਅਤੀਤ ਵਿੱਚ ਰਹਿਣ ਵਾਲਾ ਮਨੁੱਖ ਕਦੇ ਤਰੱਕੀ ਨਹੀਂ ਕਰ ਸਕਦਾ। ਲੰਘ ਚੁੱਕਿਆ ਵੇਲਾ ਕਦੇ ਮੁੜ ਕੇ ਨਹੀਂ ਆਉਂਦਾ ਇਸ ਲਈ ਸਾਨੂੰ ਵਰਤਮਾਨ ਵਿੱਚ ਜਿਉਂਦੇ ਹੋਏ, ਭਵਿੱਖ ਬਾਰੇ ਸੋਚਣਾ ਚਾਹੀਦਾ ਹੈ ਤਾਂ ਕਿ ਵਧੀਆ ਜ਼ਿੰਦਗੀ ਗੁਜ਼ਾਰੀ ਜਾ ਸਕੇ, ਪਰ ਅਮਰ ਦੀ ਦੁਨੀਆਂ ਅਤੇ ਸੋਚਣ ਦਾ ਢੰਗ ਬਿਲਕੁੱਲ ਹੀ ਵੱਖਰੇ ਸਨ।

ਉਹ ਜਿਆਦਾ ਫੈਸਲੇ ਦਿਲ ਤੋਂ ਲੈਂਦਾ ਸੀ ਅਤੇ ਇਹ ਗੱਲ ਮੰਨਦਾ ਸੀ ਕਿ, 'ਦਿਮਾਗ ਦਾ ਕੰਮ ਦਿਲ ਦੀਆਂ ਖੁਹਾਇਸ਼ਾਂ ਨੂੰ ਪੂਰੀਆਂ ਕਰਨ ਦਾ ਹੁੰਦਾ ਹੈ, ਪਰ ਅਸੀਂ ਦਿਮਾਗ ਤੋਂ ਦਿਲ ਦੀਆਂ ਸੱਧਰਾਂ ਨੂੰ ਦਬਾਉਣ ਦਾ ਕੰਮ ਲੈਂਦੇ ਹਾਂ।' ਇਹੀ ਕਾਰਨ ਹੈ ਕਿ ਅਸੀਂ ਦਿਮਾਗ ਨਾਲ ਸੋਚ ਕੇ ਹੀ ਇਹ ਕਹਿੰਦੇ ਹਾਂ ਕਿ ਅਤੀਤ ਵਿੱਚ ਰਹਿਣ ਵਾਲਾ ਮਨੁੱਖ ਕਦੇ ਤਰੱਕੀ ਨਹੀਂ ਕਰ ਸਕਦਾ ਪਰ ਜ਼ਿੰਦਗੀ ਵਿੱਚ, ਆਪਣੇ ਦਿਲਦਾਰਾਂ ਨਾਲ ਬਿਤਾਏ ਪਲਾਂ ਨੂੰ ਯਾਦ ਕਰਕੇ, ਉਹਨਾਂ ਖ਼ੂਬਸੂਰਤ ਲਮਹਿਆਂ ਨੂੰ ਯਾਦ ਕਰਕੇ ਅਸੀਂ ਵਰਤਮਾਨ ਸਥਿਤੀ ਵਿੱਚ ਜੇਕਰ ਮਾੜੇ ਦੌਰ ਵਿੱਚੋਂ ਵੀ ਗੁਜ਼ਰ ਰਹੇ ਹੋਈਏ ਤਾਂ ਉਹ ਖ਼ੂਬਸੂਰਤ ਪਲ ਸਾਨੂੰ ਜੋਸ਼, ਉਤਸ਼ਾਹ ਅਤੇ ਜ਼ਿੰਦਾਦਿਲੀ ਦੇ ਸਕਦੇ ਹਨ। ਇਸ ਲਈ ਖ਼ੂਬਸੂਰਤ ਪਲਾਂ ਨੂੰ ਸੰਭਾਲ ਕੇ ਰੱਖਣਾ, ਉਨ੍ਹਾਂ ਨੂੰ ਯਾਦ ਕਰਨਾ ਅਤੇ ਖੁਸ਼ੀ-ਖੁਸ਼ੀ ਭਵਿੱਖ ਲਈ ਕਾਰਜ ਕਰਨਾ ਸਾਡੀ ਜ਼ਿੰਦਗੀ ਨੂੰ ਹਮੇਸ਼ਾਂ ਰੋਸ਼ਨ

ਕਰਦਾ ਹੈ।

ਦਰਅਸਲ ਅਮਰ ਦੀ ਪਿੱਛਲੀ ਜ਼ਿੰਦਗੀ ਦੀ ਗੱਲ ਕਰੀਏ ਤਾਂ ਉਹ ਬਹੁਤ ਤੇਜ਼-ਤਰਾਰ ਬੁੱਧੀ ਦਾ ਮਾਲਕ ਸੀ ਬਿਲਕੁਲ ਹੁਣ ਵਾਂਙ ਹੀ। ਉਸਦੀ ਜ਼ਿੰਦਗੀ ਨੂੰ ਜਿਊਣ ਦਾ ਮਕਸਦ ਉਸਦੀ ਮਹਿਬੂਬਾ ਕਿਰਨਜੀਤ ਨੇ ਦਿੱਤਾ ਸੀ। ਉਹ ਵੀ ਉਸਦੀ ਕਾਰਬਨ ਕਾਪੀ ਦੀ ਤਰ੍ਹਾਂ ਹੀ ਸੀ। ਸੰਜੀਦਾ, ਸਿਆਣੀ, ਸੁਸ਼ੀਲ, ਨਿਹਾਇਤ ਖ਼ੂਬਸੂਰਤ ਅਤੇ ਤੀਖਣ ਬੁੱਧੀ ਦੀ ਮਾਲਕਣ ਸੀ। ਇਹਨਾਂ ਦੋਹਾਂ ਦਾ ਮੇਲ ਹੋਇਆ ਫਿਰ ਮੇਲ ਤੋਂ ਮੁਲਾਕਾਤਾਂ, ਮੁਲਾਕਾਤਾਂ ਤੋਂ ਵਾਅਦੇ, ਵਾਅਦਿਆਂ ਤੋਂ ਬਾਅਦ ਕੰਡਿਆਂ ਭਰਿਆ ਸਫ਼ਰ। ਇਹ ਉਹੀ ਕੰਡੇ ਨੇ, ਜਿਨ੍ਹਾਂ ਉੱਤੇ ਤੁਰਨਾ - ਪਰ ਸੀ ਨਾ ਕਰਨਾ, ਇਸ਼ਕ ਦੀ ਇਬਾਦਤ ਕਰਨ ਲਈ ਜ਼ਰੂਰੀ ਹੈ। ਦੋਹਾਂ ਨੇ ਇੱਕ ਦੂਜੇ ਦਾ ਹੱਥ ਫੜ ਕੇ ਕੰਡਿਆਂ ਤੇ ਤੁਰਨਾ ਸ਼ੁਰੂ ਕੀਤਾ ਅਤੇ ਇਸ਼ਕ ਦੀ ਦਰਗਾਹ 'ਤੇ ਪਰਵਾਨ ਹੋਏ। ਦੋਹਾਂ ਦੀ ਜ਼ਿੰਦਗੀ ਦਾ ਮਕਸਦ ਇੱਕ ਦੂਜੇ ਦੇ ਸੁਪਨੇ ਪੂਰੇ ਕਰਨਾ ਸੀ। ਜਿਸ ਲਈ ਦੋਵੇਂ ਜਾਣੇ ਅੱਡੋ-ਅੱਡ ਅਤੇ ਸਾਂਝੇ ਰੂਪ ਵਿੱਚ ਜਤਨ ਕਰਦੇ ਹੀ ਰਹਿੰਦੇ ਸਨ।

ਦੋਹਾਂ ਨੇ ਆਪਣੀ ਜ਼ਿੰਦਗੀ ਦਾ ਹਸੀਨ ਸਫ਼ਰ ਇਕੱਠਿਆਂ ਸ਼ੁਰੂ ਕੀਤਾ। ਪਰਿਵਾਰਕ ਰਜ਼ਾਮੰਦੀ ਨਾਲ ਸਾਰੀਆਂ ਧਾਰਮਿਕ ਅਤੇ ਸਮਾਜਿਕ ਰਸਮਾਂ-ਰਿਵਾਜ਼ਾਂ ਨੂੰ ਨਿਭਾਉਂਦੇ ਹੋਏ ਦੋਹੇਂ ਇੱਕ ਦੂਜੇ ਨਾਲ ਸਦਾ ਲਈ ਜੁੜ ਗਏ। ਇੱਕ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਹੋ ਗਈ। ਇੱਕ ਦੂਜੇ ਨਾਲ ਦੇਖੇ ਸੁਪਨੇ ਪੂਰੇ ਕਰਨ ਲਈ ਉਹਨਾਂ ਵਾਸਤੇ ਸਖ਼ਤ ਮਿਹਨਤ ਕਰਨ ਦਾ ਸਮਾਂ ਆ ਬਣਿਆ। ਦੋਵਾਂ ਨੇ ਟੀਚੇ ਮਿੱਥ ਲਏ। ਸ਼ੇਅਰ ਮਾਰਕੀਟ ਵਿੱਚ ਪੈਸਾ ਲਗਾਉਣਾ ਸ਼ੁਰੂ ਕੀਤਾ ਅਤੇ ਮਾਰਕੀਟ ਦੇ ਹਰ ਪਹਿਲੂ ਦਾ ਚੰਗੀ ਤਰ੍ਹਾਂ ਅਧਿਐਨ ਕਰਦੇ।

ਕੁੱਝ ਸਮੇਂ ਬਾਅਦ ਹੀ ਦੋਹਾਂ ਨੂੰ ਚੋਖਾ ਮੁਨਾਫ਼ਾ ਹੋਣ ਲੱਗ ਪਿਆ। ਨਾਲ ਦੀ ਨਾਲ ਇੱਕ ਛੋਟਾ ਪਲੇਅ-ਪੈਨ ਸਕੂਲ ਖੋਲ੍ਹ ਲਿਆ। ਜਿਸ ਨਾਲ ਦੋਵੇਂ ਕਾਰੋਬਾਰ ਅਤੇ ਸ਼ੇਅਰ ਮਾਰਕੀਟ ਵਿੱਚ ਹੋਰ ਵੀ ਮਸ਼ਰੂਫ ਹੋ ਗਏ। ਹਰ ਚੀਜ਼ ਬਹੁਤ ਵਧੀਆ ਅਤੇ ਸੁਹਣੇ ਢੰਗ ਨਾਲ ਚੱਲ ਰਹੀ ਸੀ ਤਾਂ ਦੋਹਾਂ ਨੇ ਆਪਣੇ ਪਰਵਾਰ ਨੂੰ ਵਧਾਉਣ ਲਈ ਵੀ ਸੋਚਣਾ ਸ਼ੁਰੂ ਕਰ ਦਿੱਤਾ। ਆਖਿਰ ਉਹ ਸਮਾਂ ਵੀ ਆ ਬਣਿਆ ਅਤੇ ਡਾਕਟਰ ਨੇ ਘਰ ਆਉਣ ਵਾਲੇ ਨਵੇਂ ਮਹਿਮਾਨ ਦੇ ਆਉਣ ਦੀ ਤਰੀਕ ਦੀ ਪੁਸ਼ਟੀ ਕਰ ਦਿੱਤੀ।

ਪਰ ਹੋਣੀ ਨੂੰ ਕੁੱਝ ਹੋਰ ਮਨਜ਼ੂਰ ਸੀ, ਇਸ ਤੋਂ ਪਹਿਲਾਂ ਕਿ ਨੰਨ੍ਹਾਂ ਜਿਹਾ ਪਿਆਰਾ ਬੱਚਾ ਇਹਨਾਂ ਦੇ ਘਰ ਵਿੱਚ ਕਿਲਕਾਰੀਆਂ ਮਾਰਦਾ ਡਲਿਵਰੀ ਦੌਰਾਨ ਦੋਵੇਂ ਮਾਂ-ਪੁੱਤ ਇਸ ਜਹਾਨ ਨੂੰ ਅਲਵਿਦਾ ਆਖ ਗਏ ਤੇ ਪਿਛੇ ਰਹਿ ਗਿਆ ਅਮਰ। ਜਿਸ ਕੋਲ ਜਿਊਣ ਦੀ ਕੋਈ ਵਜ੍ਹਾ ਹੀ ਨਹੀਂ ਸੀ ਰਹੀ, ਪਰ ਕਿਰਨ ਦੇ ਅਧੂਰੇ ਸੁਪਨੇ

ਪੂਰੇ ਕਰਨ ਦੀ ਇੱਛਾ ਨੇ ਉਸਨੂੰ ਜਿਉਂਦਾ ਰਹਿਣ ਲਈ ਮਜ਼ਬੂਰ ਕਰ ਦਿੱਤਾ ਅਤੇ ਉਸਨੇ ਕਿਰਨ ਦੇ ਹਰ ਸੁਪਨੇ ਨੂੰ ਸੱਚ ਕਰ ਦਿੱਤਾ ਜੋ ਕਿਰਨ ਨੇ ਕਦੇ ਉਸਨੂੰ ਦੱਸਿਆ ਸੀ ਜਾਂ ਜੋ ਉਹ ਆਪਣੀ ਡਾਇਰੀ ਵਿੱਚ ਲਿਖਦੀ ਸੀ।

ਜਿਵੇਂ ਕਹਾਣੀ ਦੇ ਪਹਿਲੇ ਪੈਰ੍ਹੇ ਵਿੱਚ ਲਿਖਿਆ ਹੈ ਕਿ ਅਮਰ ਦਾ ਗ਼ਰੀਬਖਾਨਾ ਕਿਸੇ ਲਾਇਬ੍ਰੇਰੀ ਤੋਂ ਘੱਟ ਨਹੀਂ ਸੀ, ਦਰਅਸਲ ਇਹ ਲਾਇਬ੍ਰੇਰੀ ਸੂਬੇ ਦੀ ਸੱਭ ਤੋਂ ਵਿਸ਼ਾਲ ਅਤੇ ਨਾਮਵਰ ਯੂਨੀਵਰਸਿਟੀ ਦੇ ਵਿੱਚ ਪੈਂਦੀ ਹੈ, ਅਤੇ ਇਸ ਏ.ਕੇ. ਯੂਨਵਰਸਿਟੀ ਦਾ ਮਾਲਕ ਹੈ 'ਅਮਰ ਸਿੰਘ ਰਤਨ'। ਉਸਦੀ ਇਸ ਸਫ਼ਲਤਾ ਦਾ ਰਾਜ਼ ਐਨਾ ਹੀ ਸੀ ਕਿ ਉਸਨੇ ਕਿਰਨ ਨਾਲ ਗੁਜ਼ਾਰੇ ਆਪਣੇ ਖ਼ੂਬਸੂਰਤ ਪਲਾਂ ਨੂੰ ਕਦੇ ਨਹੀਂ ਭੁੱਲਿਆ ਸਗੋਂ ਉਹਨਾਂ ਖ਼ੂਬਸੂਰਤ ਪਲਾਂ ਨੂੰ ਆਪਣੇ ਜੋਸ਼, ਆਪਣੀ ਤਾਕਤ ਵਾਂਗ ਵਰਤਿਆ ਅਤੇ ਸੱਚੀ ਮੁਹੱਬਤ ਨੂੰ ਅਮਰ ਕਰਨ ਦੀਆਂ ਕੋਸ਼ਿਸ਼ਾਂ ਨੇ ਅਮਰ ਨੂੰ ਵੀ ਅਮਰ ਕਰ ਦਿੱਤਾ।

***********

'ਸ਼ਾਬਾਸ਼! ਉਹਨਾਂ ਨੂੰ, ਜਿਹੜੇ ਆਪਣੀਆਂ ਘਰਵਾਲੀਆਂ ਨੂੰ ਰਾਣੀਆਂ ਬਣਾ ਕੇ ਰੱਖਦੇ ਨੇ। 'ਤੇ ਫਿਰ ਸ਼ਾਬਾਸ਼! ਉਹਨਾਂ ਰਾਣੀਆਂ ਨੂੰ, ਜਿਹੜੀਆਂ ਆਪਣੇ ਰਾਜਿਆਂ ਦੇ ਤਖ਼ਤ ਤਾਜ਼ ਨੂੰ ਆਂਚ ਨਹੀਂ ਆਉਣ ਦਿੰਦੀਆਂ।' - ਇਕਵਾਕ ਸਿੰਘ ਪੱਟੀ



ਸਰਵਣ ਸਿੰਘ ਹੱਡ-ਚੀਰਵੀਂ ਮਿਹਨਤ ਕਰਦਾ, ਪਰ ਫਿਰ ਵੀ ਮੀਂਹ-ਹਨੇਰੀ ਵਿੱਚ ਛੱਤ ਚੋਣ ਲੱਗ ਜਾਂਦੀ, ਰੋਟੀ ਵੀ ਦੋ ਟਾਈਮ ਹੀ ਖਾਂਦਾ ਸੀ, ਉਹ ਵੀ ਲੂਣ ਦੇ ਨਾਲ ਜਾ ਬੇਹੀ ਰੋਟੀ ਚਾਹ ਦੇ ਗਲਾਸ ਨਾਲ ਖਾ ਕੇ ਕੰਮ 'ਤੇ ਤੁਰ ਜਾਂਦਾ। ਇਸ ਸਭ-ਕੁਝ ਨੂੰ ਉਹ ਰੱਬ ਦਾ ਭਾਣਾ ਮੰਨ ਕੇ ਬਰਦਾਸ਼ਤ ਕਰਦਾ ਸੀ, ਸਿਰਫ ਇੱਕ ਗੱਲ ਹੁੰਦੀ ਸੀ, ਜੋ ਉਸਦੇ ਦਿਲ ਨੂੰ ਚੀਰ ਜਾਂਦੀ ਸੀ, ਉਹ ਇਹੀ ਸੀ ਕਿ ਜਦ ਕਦੇ ਵੀ ਉਸਦਾ ਬਾਲ ਗੁਰਾਂਦਿੱਤਾ ਗਲੀ ਦੇ ਨਿਆਣਿਆਂ ਵਾਂਗ ਕੁਝ ਖਾਣ ਵਾਲੀ ਸ਼ੈਅ ਨੂੰ ਜਾਂ ਖੇਡਣ ਨੂੰ ਖਿਡਾਓਣਾ ਮੰਗਦਾ ਤਾਂ ਉਹ ਲੈ ਕੇ ਨਹੀਂ ਸੀ ਦੇ ਸਕਦਾ ਹੁੰਦਾ।

# ਮਿਹਨਤ ਦਾ ਮੁੱਲ



ਦਿਹਾੜੀ ਠੱਪਾ ਕਰਕੇ ਜ਼ਿੰਦਗੀ ਦਾ ਗੁਜ਼ਰ ਕਰਨਾ, ਜ਼ਿੰਦਗੀ ਨੂੰ ਨਾ-ਚਾਹੁੰਦਿਆਂ ਹੋਇਆਂ ਵੀ ਧੱਕਾ ਲਗਾਉਣ ਵਾਂਗ ਹੁੰਦਾ ਹੈ। ਸਰਵਣ ਸਿਹੁੰ ਦੀ ਜ਼ਿੰਦਗੀ ਵੀ ਕੁਝ ਇਸ ਤਰ੍ਹਾਂ ਦੀ ਹੀ ਸੀ। ਇੱਕ ਤਾਂ ਕੰਮ-ਕਾਰ ਕੁੱਝ ਨਹੀਂ ਸੀ, ਦੂਜਾ ਠੇਕੇਦਾਰ ਦਿਹਾੜੀ ਪੂਰੀ ਨਹੀਂ ਸੀ ਦਿੰਦਾ। ਜਿੰਨੇ ਕੁ ਪੈਸੇ ਮਿਲਦੇ ਉਹ ਘਰ ਦਾ ਮੁੱਕਿਆ ਰਾਸ਼ਨ ਜਾਂ ਸੌਦਾ-ਪੱਤਾ ਜੋ ਕਦੇ ਨਹੀਂ ਸੀ ਪੂਰੀ ਫੜ ਸਕਿਆ ਉਸ ਵਿੱਚ ਹੀ ਲੱਗ ਜਾਂਦੇ। ਇੱਕ ਹੀ ਉਸਦਾ ਪੁੱਤਰ ਸੀ, ਗੁਰਾਂਦਿੱਤਾ ਸਿੰਘ, ਜੋ ਰੱਬ ਨੇ ਸਰਵਣ ਦੇ ਵਿਆਹ ਤੋਂ ਸੱਤ ਸਾਲ ਦੇ ਇੰਤਜ਼ਾਰ ਮਗਰੋਂ ਉਸਦੀ ਝੋਲੀ ਪਾਇਆ ਸੀ।

ਸਰਵਣ ਸਿੰਘ ਹੱਡ-ਚੀਰਵੀਂ ਮਿਹਨਤ ਕਰਦਾ, ਪਰ ਫਿਰ ਵੀ ਮੀਂਹ-ਹਨੇਰੀ ਵਿੱਚ ਛੱਤ ਚੋਣ ਲੱਗ ਜਾਂਦੀ, ਰੋਟੀ ਵੀ ਦੋ ਟਾਈਮ ਹੀ ਖਾਂਦਾ ਸੀ, ਉਹ ਵੀ ਲੂਣ ਦੇ ਨਾਲ ਜਾ ਬੇਹੀ ਰੋਟੀ ਚਾਹ ਦੇ ਗਲਾਸ ਨਾਲ ਖਾ ਕੇ ਕੰਮ 'ਤੇ ਤੁਰ ਜਾਂਦਾ। ਇਸ ਸਭ ਕੁਝ ਨੂੰ ਉਹ ਰੱਬ ਦਾ ਭਾਣਾ ਮੰਨ ਕੇ ਬਰਦਾਸ਼ਤ ਕਰਦਾ ਸੀ, ਸਿਰਫ ਇੱਕ ਗੱਲ ਹੁੰਦੀ ਸੀ, ਜੋ ਉਸਦੇ ਦਿਲ ਨੂੰ ਚੀਰ ਜਾਂਦੀ ਸੀ, ਉਹ ਇਹੀ ਸੀ ਕਿ ਜਦ ਕਦੇ ਵੀ ਉਸਦਾ ਬਾਲ ਗੁਰਾਂਦਿੱਤਾ ਗਲੀ ਦੇ ਨਿਆਣਿਆਂ ਵਾਂਗ ਕੁੱਝ ਖਾਣ ਵਾਲੀ ਸ਼ੈਅ ਨੂੰ ਜਾਂ ਖੇਡਣ ਨੂੰ ਖਿਡਾਉਣਾ ਮੰਗਦਾ ਤਾਂ ਉਹ ਲੈ ਕੇ ਨਹੀਂ ਸੀ ਦੇ ਸਕਦਾ ਹੁੰਦਾ।

ਦਿਨ ਤਿਓਹਾਰ ਕੀ ਹੁੰਦੇ ਨੇ, ਤੇ ਕਿੰਨੀਆਂ ਖੁਸ਼ੀਆਂ ਨਾਲ ਮਨਾਏ ਜਾਂਦੇ ਨੇ, ਇਸ ਬਾਰੇ ਤਾਂ ਸਰਵਣ ਭੁੱਲ ਹੀ ਚੁੱਕਿਆ ਸੀ। ਗੁਰਾਂਦਿੱਤਾ ਸੱਤ ਸਾਲਾਂ ਦਾ ਹੋ ਗਿਆ ਸੀ, ਉਹ ਤਾਂ ਵੱਡਾ ਹੋ ਰਿਹਾ ਸੀ, ਪਰ ਸਰਵਣ ਜਿਵੇਂ ਘੱਟਦਾ ਜਾ ਰਿਹਾ ਸੀ। ਰੱਬ ਨੂੰ ਓਲਾਮ੍ਹਾ ਦੇਣ ਦਾ ਮਨ ਕਰਦਾ ਵੀ ਤਾਂ ਚੁੱਪ ਜਿਹਾ ਹੋ ਜਾਂਦਾ। ਇਸ ਵਾਰ ਗੁਰਾਂਦਿੱਤਾ ਨੇ ਸਕੂਲ ਜਾਣ ਲਈ ਨਵੇਂ ਬੂਟ ਅਤੇ ਨਵਾਂ ਬਸਤਾ ਮੰਗਿਆ ਸੀ। ਸਰਵਣ ਨੇ ਵਾਅਦਾ ਕੀਤਾ ਸੀ ਕਿ ਇਸ ਵਾਰ ਮੱਸਿਆ 'ਤੇ, ਪੱਕਾ ਨਵੇਂ ਬੂਟ ਅਤੇ ਬਸਤਾ ਲਿਆ ਕੇ ਦੇਵੇਗਾ।

ਇਹਨਾਂ ਦਿਨਾਂ ਵਿੱਚ ਹੀ ਕਿਸੇ ਨੇ ਨਵੀਂ ਕੋਠੀ ਪਾਉਣੀ ਸੀ ਅਤੇ ਮਿਸਤਰੀਆਂ ਨਾਲ ਲੇਬਰ ਦੇ ਵਿੱਚ ਸਰਵਣ ਸਿੰਘ ਨੂੰ ਵੀ ਕੰਮ ਮਿਲ ਗਿਆ ਅਤੇ ਕੰਮ ਵੀ ਬੜੀ ਤੇਜ਼ੀ ਨਾਲ ਕਰਨਾ ਸੀ, ਦਿਹਾੜੀ ਵੀ ਰੋਜ਼ ਮਿਲਣੀ ਸੀ ਅਤੇ ਪੂਰੀ ਮਿਲਣੀ ਸੀ। ਸਰਵਣ ਲਈ ਤਾਂ ਇਹ ਸਭ ਰੱਬ ਦੇ ਤੋਹਫ਼ੇ ਵਰਗਾ ਸੀ, ਉਸਨੂੰ ਲੱਗਣ

ਲੱਗਾ ਇਸ ਵਾਰ ਮੱਸਿਆ 'ਤੇ ਕਾਕੇ ਦੀਆਂ ਹੀ ਨਹੀਂ ਬਲਕਿ ਆਪਣੀਆਂ ਰੀਝਾਂ ਵੀ ਪੂਰੀਆਂ ਕਰ ਲਵਾਂਗੇ ਤੇ ਲਾਣੇਦਾਰਨੀ ਨੂੰ ਵੀ ਨਵਾਂ ਸੂਟ ਸਵਾਂ ਦੇਵਾਂਗੇ ਤੇ ਛੱਤ ਦੀ ਮੁਰੰਮਤ ਕਰਨ ਜੋਗੇ ਪੈਸੇ ਵੀ ਜੁੜ ਜਾਣਗੇ।

ਖੈਰ! ਕੋਠੀ ਦਾ ਕੰਮ ਸ਼ੁਰੂ ਹੋ ਗਿਆ। ਕੋਠੀ ਦਾ ਮਾਲਕ ਰੋਜ਼ ਇੱਕ ਨੁੱਕਰ ਵਿੱਚ ਕੁਰਸੀ ਡਾਹ ਕੇ ਬੈਠ ਜਾਂਦਾ ਤੇ ਸਾਰਾ ਕੰਮ-ਕਾਰ ਹੁੰਦਾ ਅੱਖੀਂ ਵੇਖਦਾ। ਹਰ ਬੰਦੇ ਉੱਤੇ ਉਸਦੀ ਤਿੱਖੀ ਨਜ਼ਰ ਹੁੰਦੀ। ਮਿਸਤਰੀਆਂ, ਲੇਬਰ ਜਾਂ ਹੋਰ ਆਉਣ ਜਾਣ ਵਾਲੇ ਬੰਦੇ ਦੀ ਹਰ ਗੱਲਬਾਤ ਅਤੇ ਹਰ ਗਤੀਵਿਧੀ 'ਤੇ ਤਿੱਖੀ ਨਜ਼ਰ ਰੱਖਦਾ। ਠੇਕੇਦਾਰ ਵੀ ਦੋ ਟਾਈਮ ਗੇੜਾ ਮਾਰਦਾ ਅਤੇ ਕੰਮ ਦਾ ਜਾਇਜ਼ਾ ਲੈ ਕੇ ਮੁੜ ਜਾਂਦਾ। ਸ਼ਾਮੀਂ ਉਹ ਦਿਹਾੜੀ ਦੇਣ ਵੇਲੇ ਮੁੜ ਆਉਂਦਾ। ਉਹ ਅਕਸਰ ਦਿਹਾੜੀ ਵਾਲੇ ਕਾਮਿਆਂ ਦੀ ਦਿਹਾੜੀ ਵਿੱਚੋਂ ਕੁੱਝ ਰੁਪਏ ਕੱਟ ਲੈਂਦਾ। ਸਾਰਾ ਦਿਨ ਸਖ਼ਤ ਮਿਹਨਤ ਕਰਕੇ ਭਾਵੇਂ ਕਿ ਸੱਭ ਮਜ਼ਦੂਰਾਂ ਦੇ ਚਿਹਰੇ ਮਸੋਸੇ ਜਿਹੇ ਹੁੰਦੇ ਪਰ ਚੰਦ ਰੁਪਿਆਂ ਦੀ ਚਮਕ ਅੱਗੇ ਖਿੜ੍ਹ ਜਾਂਦੇ। ਸਰਵਣ ਦਾ ਸੁਭਾਅ ਥੋੜਾ ਵੱਖਰਾ ਸੀ, ਸਾਰਾ ਦਿਨ ਮੂੰਹੋਂ ਵਾਹਿਗੁਰੂ ਉਚਾਰਦਾ ਰਹਿੰਦਾ ਤੇ ਜਿੰਨੀ ਦਿਹਾੜੀ ਮਿਲਦੀ ਉਸਨੂੰ ਮੱਥੇ ਲਾ ਕੇ ਜੇਬ ਵਿੱਚ ਪਾ ਲੈਂਦਾ।

ਕੁਝ ਦਿਨ ਲੰਘੇ ਤਾਂ ਕੋਠੀ ਦੇ ਮਾਲਕ ਨੇ ਸਰਵਣ ਨੂੰ ਆਪਣੇ ਕੋਲ ਬੁਲਾ ਕੇ ਠੇਕੇਦਾਰ ਵੱਲੋਂ ਕੱਟੇ ਜਾਂਦੇ ਪੈਸਿਆਂ ਦਾ ਮਾਜ਼ਰਾ ਪੁੱਛਿਆ ਤਾਂ ਸਰਵਣ ਕਹਿਣ ਲੱਗਾ, ਜੀ ਕੀ ਕਰੀਏ! ਅਸੀਂ ਗ਼ਰੀਬ ਲੋਕ ਹਾਂ, ਜੇ ਇਸ ਠੇਕੇਦਾਰ ਨਾਲ ਕੰਮ ਕਰਦੇ ਰਹਾਂਗੇ ਤਾਂ ਕੰਮ ਮਿਲਦਾ ਰਹੂ, ਘਰ ਦਾ ਚੁੱਲ੍ਹਾ ਠੰਡਾ ਤੇ ਉਦਾਸ ਨਹੀਂ ਹੋਵੇਗਾ, ਇਹ ਆਪਣੀ ਮਰਜ਼ੀ ਨਾਲ ਪੈਸੇ ਕੱਟ ਲੈਂਦਾ ਹੈ, ਹੁਣ ਇਹ ਕੋਠੀ ਦਾ ਕੰਮ ਮਹੀਨਾ ਭਰ ਚੱਲਣਾ, ਪੂਰੇ ਮਹੀਨੇ ਮਿਲਣ ਵਾਲੇ ਪੈਸਿਆਂ ਨਾਲ ਬਹੁਤ ਸਾਰੇ ਕੰਮ ਕਰਨੇ ਨੇ, ਪੁੱਤਰ ਲਈ ਬੂਟ ਅਤੇ ਬਸਤਾ, ਘਰਵਾਲੀ ਲਈ ਲੀੜਾ-ਲੱਤਾ ਸੱਭ ਲੈਣ ਵਾਲਾ ਹੈ। ਜੇ ਅਸੀਂ ਠੇਕੇਦਾਰ ਨਾਲ ਬਹਿਸ ਕਰਾਂਗੇ ਤਾਂ ਇਹਨੇ ਕੱਲ੍ਹ ਤੋਂ ਸਾਡੀ ਛੁੱਟੀ ਕਰ ਦੇਣੀ ਤੇ ਹੋਰ ਮਜ਼ਦੂਰ ਲੈ ਆਉਣੇ। ਕੀ ਕਰੀਏ ਜੀ ਅਸੀਂ ਗ਼ਰੀਬ ਹਾਂ, ਗ਼ਰੀਬੀ ਹੀ ਸਾਡਾ ਜੀਵਨ ਹੈ।

ਕੋਠੀ ਮਾਲਕ ਸੱਭ ਕੁੱਝ ਸੁਣ ਕੇ ਚੁੱਪ ਕਰ ਗਿਆ ਤੇ ਮਨੋਂ ਮਨੀ ਸੋਚਣ ਲੱਗਾ ਕਿ ਅਸਲ ਵਿੱਚ ਗਰੀਬ ਕੌਣ ਹੈ? ਉਸਨੂੰ ਠੇਕੇਦਾਰ ਜਿਆਦਾ ਗ਼ਰੀਬ ਲੱਗ ਰਿਹਾ ਸੀ, ਤੇ ਮਜ਼ਦੂਰ ਸੱਭ ਤੋਂ ਵੱਧ ਅਮੀਰ, ਜੋ ਆਪਣੇ ਹਿੱਸੇ ਦੀ ਕਮਾਈ ਵੀ ਠੇਕੇਦਾਰ ਨੂੰ ਦੇ ਦਿੰਦੇ ਸਨ ਤੇ ਸ਼ੁਕਰ ਮਨਾਉਂਦੇ ਸਨ। ਅਗਲੇ ਦਿਨ ਕੋਠੀ ਮਾਲਕ ਨੇ, ਠੇਕੇਦਾਰ ਨੂੰ ਕੰਮ ਰੋਕ ਦੇਣ ਲਈ ਕਿਹਾ ਅਤੇ ਆਪਣਾ ਹਿਸਾਬ ਕਰਨ ਨੂੰ ਕਿਹਾ। ਠੇਕੇਦਾਰ ਦੇ ਤਾਂ ਜਿਵੇਂ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੋਵੇ। ਉਹ ਆਪਣੀ ਗ਼ਲਤੀ ਪੁੱਛਣ ਲੱਗਾ ਤਾਂ, ਕੋਠੀ ਮਾਲਕ ਕਹਿਣ ਲੱਗਾ, ਗ਼ਲਤੀ ਇੱਕ ਨਹੀਂ ਹਜ਼ਾਰਾਂ ਨੇ।

ਠੇਕੇਦਾਰ ਨਿੰਮੋਝੂਣਾ ਹੋਇਆ, ਹੱਥ ਜੋੜੀ ਖੜਾ ਸੀ ਅਤੇ ਆਖਿਰ ਇਹ ਫੈਸਲਾ ਹੋਇਆ ਕਿ, 'ਮਜ਼ਦੂਰਾਂ ਨੂੰ ਉਹਨਾਂ ਦੀ ਬਣਦੀ ਪੂਰੀ ਦਿਹਾੜੀ ਦਿੱਤੀ ਜਾਵੇਗੀ, ਇਸ ਕੋਠੀ ਦਾ ਕੰਮ ਜਿਸ ਦਿਨ ਤੋਂ ਸ਼ੁਰੂ ਹੋਇਆ, ਉਸ ਦਿਨ ਤੋਂ ਹੁਣ ਤੱਕ ਕੱਟੇ ਗਏ ਸਾਰੇ ਪੈਸੇ ਵਾਪਸ ਕੀਤੇ ਜਾਣਗੇ ਅਤੇ ਜਿਹੜੇ ਮਜ਼ਦੂਰ ਕੰਮ ਕਰ ਰਹੇ ਹਨ ਇਨ੍ਹਾਂ ਵਿੱਚੋਂ ਕਿਸੇ ਨੂੰ ਕੰਮ ਤੋਂ ਨਹੀ ਕੱਢਿਆ ਜਾਵੇਗਾ ਅਤੇ ਜੇਕਰ ਲੋੜ ਹੈ ਤਾਂ ਹੋਰ ਮਜ਼ਦੂਰ ਵੀ ਭਰਤੀ ਕਰ ਲਏ ਜਾਣਗੇ।

ਸਰਵਣ ਸਿੰਘ ਦੀਆਂ ਅੱਖਾਂ ਵਿੱਚ ਸ਼ੁਕਰਾਨੇ ਦੇ ਹੰਝੂ ਸਨ। ਸੋਚ ਰਿਹਾ ਸੀ ਜੇਕਰ ਮਨੁੱਖ ਨੂੰ ਉਸਦੀ ਮਿਹਨਤ ਦਾ ਹੱਕ ਇਸੇ ਤਰ੍ਹਾਂ ਮਿਲਦਾ ਰਹੇ ਤਾਂ ਨਾ ਹੀ ਕੋਈ ਗ਼ਰੀਬ ਹੋਵੇਗਾ ਅਤੇ ਨਾ ਹੀ ਕਿਧਰੇ ਕੋਈ ਗ਼ਰੀਬੀ ਰਹੇਗੀ।

***********

'ਖ਼ੁਸ਼ੀਆਂ! ਇੱਕ ਅਜਿਹੀ ਸੌਗ਼ਾਤ ਹੈ, ਜੋ ਤੁਹਾਡੇ ਕੋਲ ਨਾ ਵੀ ਹੋਵੇ, ਤਾਂ ਵੀ ਤੁਸੀਂ ਦੂਸਰਿਆਂ ਨਾਲ ਵੰਡ ਸਕਦੇ ਹੋ।' – ਇਕਵਾਕ ਸਿੰਘ ਪੱਟੀ



ਪਾਪਾ! ਇਹ ਵੀ ਕੋਈ ਵੱਡੀ ਗੱਲ ਹੈ? ਤੁਹਾਨੂੰ ਨਹੀਂ ਪਸੰਦ ਤਾਂ ਅੱਜ ਤੋਂ ਬਾਅਦ ਮੈਨੂੰ ਵੀ ਨਹੀਂ ਪਸੰਦ। ਤੁਸੀਂ ਬਚਪਨ ਤੋਂ ਹੁਣ ਤੱਕ ਮੇਰੀ ਹਰ ਜਾਇਜ਼-ਨਜਾਇਜ਼ ਮੰਗ ਪ੍ਵਾਨ ਕੀਤੀ ਹੈ, ਮੇਰੀ ਹਰ ਵਿੱਸ਼ ਪੂਰੀ ਕੀਤੀ ਹੈ, ਮੈਂ ਤੁਹਾਡੀ ਇੱਕ ਵੀ ਵਿਸ਼ ਪੂਰੀ ਨਹੀਂ ਕਰ ਸਕਦੀ। ਤੁਸੀਂ ਜਿੱਥੇ ਕਹੋਗੇ ਮੈਂ ਉੱਥੇ ਹੀ ਵਿਆਹ ਕਰਵਾਵਾਂਗੀ। ਗ਼ਲਤ ਸਟੈੱਪ ਚੁੱਕਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਪਾਪਾ। ਤੁਸੀਂ ਇਹ ਕਦੇ ਸੋਚਣਾ ਵੀ ਨਹੀਂ।

# ਆਈਸਕ੍ਰੀਮ ਕੌਣ?



ਗਰਮੀਆਂ ਦੇ ਵਿੱਚ ਠੰਡਾ ਖਾਣਾ, ਠੰਡੇ ਪਾਣੀ ਨਾਲ ਨਹਾਉਣਾ, ਠੰਡੇ ਸਾਫਟ ਡਰਿੰਕਸ ਪੀਣਾ ਜਾਂ ਠੰਢੀ ਠਾਰ ਕੁਲਫੀ/ਆਈਸਕ੍ਰੀਮ ਵਗੈਰਾ ਖਾਣਾ ਸਭ ਨੂੰ ਪਸੰਦ ਹੁੰਦਾ ਹੈ। ਮਨਰਾਜ ਗਰਮੀਆਂ ਵਿੱਚ ਮਟਕਾ ਕੁਲਫ਼ੀ, ਆਈਸਕ੍ਰੀਮ ਜਾਂ ਸੌਫਟੀ ਤਾਂ ਬਹੁਤ ਖਾਂਦੀ ਸੀ, ਪਰ ਸਰਦੀਆਂ ਵਿੱਚ ਖ਼ਾਸ ਤੌਰ 'ਤੇ ਜਦ ਦਸੰਬਰ ਦੇ ਮਹੀਨੇ ਵਿੱਚ ਧੁੰਦ ਪੈਣੀ ਤਾਂ ਮਨਰਾਜ ਦੀ ਮੰਗ ਹੁੰਦੀ ਸੀ ਕਿ ਉਸਨੂੰ ਆਈਸਕ੍ਰੀਮ ਲਿਆ ਕੇ ਦਿੱਤੀ ਜਾਵੇ।

ਸਭ ਉਸਦੀ ਇਸ ਅਜੀਬ ਜਿਹੀ ਡਿਮਾਂਡ ਤੋਂ ਤੰਗ ਆਉਂਦੇ ਸਨ, ਸਿਰਫ ਉਸਦੇ ਪਾਪਾ ਹੀ ਉਸਨੂੰ ਉਸੇ ਵੇਲੇ ਆਪਣੀ ਮੋਟਰਸਾਈਕਲ 'ਤੇ ਬਿਠਾ ਕੇ ਬਾਜ਼ਾਰ ਲੈ ਜਾਂਦੇ ਅਤੇ ਆਈਸਕ੍ਰੀਮ ਖੁਆ ਕੇ ਵਾਪਸ ਘਰ ਲੈ ਆਉਂਦੇ। ਸਰਦੀਆਂ ਦੌਰਾਨ ਜੇਕਰ ਕਦੇ ਮਨਰਾਜ ਥੋੜ੍ਹਾ ਬਹੁਤਾ ਬਿਮਾਰ ਹੋ ਜਾਂਦੀ ਤਾਂ ਪਾਪਾ ਤੋਂ ਸਿਵਾਏ ਕਿਸੇ ਨੂੰ ਵੀ ਨਾ ਦੱਸਦੀ, ਕਿਉਂਕਿ ਪਤਾ ਸੀ ਸਾਰਾ ਕਸੂਰ ਆਈਸਕ੍ਰੀਮ ਦਾ ਨਿਕਲਣਾ ਤੇ ਦੋਸ਼ੀ ਆਈਸਕ੍ਰੀਮ ਖਵਾਉਣ ਵਾਲੇ ਨੇ ਬਣ ਜਾਣਾ।

ਆਈਸਕ੍ਰੀਮ ਲਈ ਮਨਰਾਜ ਦਾ ਪਾਗਲਪਣ ਘਰ ਵਿੱਚ ਨਹੀਂ ਬਲਕਿ ਜਿਵੇਂ ਜਿਵੇਂ ਉਹ ਵੱਡੀ ਹੋਈ ਉਸਦੇ ਕਾਲਜ ਵਿੱਚ ਵੀ ਸਭ ਨੂੰ ਪਤਾ ਲੱਗ ਚੁੱਕਿਆ ਸੀ। 22 ਵਰ੍ਹਿਆਂ ਦੀ ਮਨਰਾਜ ਦੀ ਜ਼ਿੰਦਗੀ ਵਿੱਚ ਆਈਸਕ੍ਰੀਮ ਨਾਲ ਜੁੜੇ ਸੈਂਕੜੇ ਦਿਲਚਸਪ ਕਿੱਸੇ ਸਨ। ਜੋ ਉਹ ਹਰ ਕਿਸੇ ਨੂੰ ਦੱਸ ਵੀ ਦਿੰਦੀ ਸੀ ਅਤੇ ਬਚਪਨ ਦੇ ਪਲਾਂ ਨੂੰ ਯਾਦ ਕਰਕੇ ਭਾਵੁਕ ਵੀ ਹੋ ਜਾਂਦੀ ਸੀ, ਤੇ ਜੇਕਰ ਬਚਪਨ ਜ਼ਿਆਦਾ ਚੇਤੇ ਆਉਂਦਾ ਤਾਂ ਆਈਸਕ੍ਰੀਮ ਖਾਣ ਲਈ ਕਿਸੇ ਦੁਕਾਨ 'ਤੇ ਚਲੀ ਜਾਂਦੀ ਤੇ ਕਹਿ ਦਿੰਦੀ ਮੈਂ ਸਿਰਫ ਆਈਸਕ੍ਰੀਮ ਖਾਣ ਨਹੀਂ ਆਈ, ਮੈਂ ਤਾਂ ਆਪਣਾ ਬਚਪਨ ਜਿਊਣ ਆਈ ਹਾਂ।

ਜਿਸ ਕਾਲਜ ਵਿੱਚ ਮਨਰਾਜ ਪੜ੍ਹਾਈ ਕਰਦੀ ਸੀ, ਉਸੇ ਕਾਲਜ ਵਿੱਚ ਹੀ ਗੁਰਤੇਜ ਜੋ ਉਸਦਾ ਹਮਜਮਾਤੀ ਵੀ ਸੀ ਤੇ ਸ਼ਾਇਦ ਕੁੱਝ ਹੋਰ ਵੀ, ਉਸਦੇ ਨਾਲ ਹੀ ਪੜ੍ਹਦਾ ਸੀ। ਗੁਰਤੇਜ ਤੇ ਮਨਰਾਜ ਦੀ ਕੈਮਿਸਟਰੀ ਵੀ ਕੁੱਝ ਆਈਸਕ੍ਰੀਮ ਵਰਗੀ ਹੀ ਸੀ, ਇੱਕ ਦਮ ਠੰਡੀ ਅਤੇ ਮਨਰਾਜ ਦੀ ਜ਼ਿੰਦਗੀ ਵਿੱਚ ਖੁਸ਼ੀਆਂ ਭਰਨ ਵਾਲੀ। ਆਈਸਕ੍ਰੀਮ ਤੋਂ ਬਾਅਦ ਜੇਕਰ ਮਨਰਾਜ ਨੂੰ ਕੋਈ ਸਭ ਤੋਂ ਜਿਆਦਾ ਪਸੰਦ ਸੀ ਤਾਂ

ਉਹ ਸੀ ਗੁਰਤੇਜ। ਗੁਰਤੇਜ ਤੇ ਮਨਰਾਜ ਸਾਰੀ-ਸਾਰੀ ਰਾਤ ਮੋਬਾਇਲ ਤੇ ਚੈਟਿੰਗ ਕਰਦੇ ਰਹਿੰਦੇ, ਕਾਲਜ ਵਿੱਚ ਵੀ ਸਾਰਾ ਦਿਨ ਗੱਲਾਂ ਕਰਦੇ ਰਹਿੰਦੇ, ਨਾ ਤਾਂ ਦੋਹਾਂ ਦੀਆਂ ਗੱਲਾਂ ਕਦੇ ਮੁੱਕੀਆਂ ਸੀ ਤੇ ਨਾ ਹੀ ਕਦੇ ਸੁਪਨੇ। ਆਪਣੀ ਕਲਾਸ ਵਿੱਚ ਪੜ੍ਹਾਈ ਪੱਖੋਂ ਵੀ ਦੋਵੇਂ ਬਹੁਤ ਹੁਸ਼ਿਆਰ ਸਨ।

ਆਪਣੀ ਜਿੰਦਗੀ ਨੂੰ ਇੱਕ ਦੂਜੇ ਨਾਲ ਸ਼ੁਰੂ ਕਰਨ ਦਾ ਖਿਆਲ ਭਾਵੇਂ ਆਉਂਦਾ ਸੀ, ਪਰ ਮਨਰਾਜ ਕਹਿੰਦੀ ਹੁੰਦੀ ਸੀ, 'ਕਿ ਜ਼ਿੰਦਗੀ ਤਾਂ ਅਸੀਂ ਦੋਵੇਂ ਸ਼ੁਰੂ ਕਰ ਚੁੱਕੇ ਹਾਂ, ਹੁਣ ਤਾਂ ਬੱਸ ਦੇਖੇ ਹੋਏ ਸੁਪਨੇ ਸੱਚ ਕਰਨੇ ਨੇ।' ਭਾਵੇਂ ਕਿ ਦੋਹਾਂ ਦੇ ਇਸ ਰਿਸ਼ਤੇ ਬਾਰੇ ਦੋਹਾਂ ਦੇ ਘਰਾਂ ਵਿੱਚ ਕਿਸੇ ਨੂੰ ਕੁਝ ਵੀ ਨਹੀਂ ਸੀ ਪਤਾ। ਮਨਰਾਜ ਦਾ ਮੋਬਾਇਲ ਵੀ ਬਿਨ੍ਹਾਂ ਕਿਸੇ ਪਾਸਵਰਡ ਤੋਂ ਹੁੰਦਾ ਸੀ, ਘਰ ਦੇ ਵਿੱਚ ਕੋਈ ਵੀ ਉਸਦਾ ਫੋਨ ਫੜ ਸਕਦਾ ਸੀ, ਪਰ ਕਦੇ ਕਿਸੇ ਨੇ ਮਨਰਾਜ 'ਤੇ ਕਿਸੇ ਵੀ ਕਿਸਮ ਦਾ ਸ਼ੱਕ ਨਹੀਂ ਸੀ ਕੀਤਾ। ਸਾਰਾ ਪਰਿਵਾਰ ਇੱਕ ਦੂਜੇ ਨਾਲ ਫ੍ਰੈਂਕ ਸੀ ਅਤੇ ਆਪਸ ਵਿੱਚ ਸਭ ਦਾ ਵਿਉਹਾਰ ਪੂਰੀ ਤਰ੍ਹਾਂ ਦੋਸਤਾਨਾ ਸੀ। ਬੱਚਿਆਂ ਨੂੰ ਮਾਤਾ-ਪਿਤਾ ਨੇ ਦੋਸਤਾਂ ਵਾਂਙ ਰੱਖਿਆ ਸੀ ਅਤੇ ਹਰ ਵਿਸ਼ੇ 'ਤੇ ਇੱਕ ਦੂਜੇ ਦੀ ਰਾਇ ਮੰਗੀ ਜਾਂਦੀ ਸੀ ਅਤੇ ਪੂਰੇ ਪਰਵਾਰ ਨੂੰ ਭਰੋਸੇ ਵਿੱਚ ਲੈ ਕੇ ਹੀ ਇਸ ਘਰ ਵਿੱਚ ਹਰ ਤਰ੍ਹਾਂ ਦੇ ਫੈਸਲੇ ਲਏ ਜਾਂਦੇ ਅਤੇ ਕਾਰ-ਵਿਹਾਰ ਕੀਤੇ ਜਾਂਦੇ ਸਨ।

ਪਰ ਫਿਰ ਵੀ ਇੱਕ ਅਣਚਾਹੇ ਜਿਹੇ ਡਰ ਕਾਰਨ ਗੁਰਤੇਜ ਨੇ ਮਨਰਾਜ ਨੂੰ ਚੌਕੰਨੇ ਰਹਿਣ ਲਈ ਕਿਹਾ ਹੋਇਆ ਸੀ, ਕਿ ਜਦ ਕਦੇ ਵੀ ਤੇਰੇ ਵੱਲੋਂ ਜਾਂ ਮੇਰੇ ਵੱਲੋਂ ਮੋਬਾਇਲ 'ਤੇ ਕੋਈ ਮੈਸਜ਼ ਆਵੇ ਤਾਂ ਮੈਂ ਇੱਕ ਸਵਾਲੀਆ ਨਿਸ਼ਾਨ ਨਾਲ ਮੈਸਜ਼ ਭੇਜਾਂਗਾ, ਜਿਸ ਵਿੱਚ ਦੋ ਹੀ ਅੱਖਰ ਹੋਣਗੇ, 'ਆਈਸਕ੍ਰੀਮ ਕੌਣ?' ਤਾਂ ਤੂੰ ਜੁਆਬ ਵਿੱਚ ਭੇਜਣਾ, 'ਗੁਰੀ ਦੀ ਜਾਨ ਦੀ ਜਾਨ'। ਤਾਂ ਕਿ ਮੈਨੂੰ ਇਲਮ ਹੋ ਜਾਵੇ ਕਿ ਮੋਬਾਇਲ ਫੋਨ ਤੇਰੇ ਹੱਥਾਂ ਵਿੱਚ ਹੀ ਹੈ। ਮਨਰਾਜ, ਗੁਰਤੇਜ ਦੇ ਨਿੱਕ ਨੇਮ 'ਗੁਰੀ' ਨਾਲ ਹੀ ਉਸਨੂੰ ਬੁਲਾਉਂਦੀ ਸੀ। ਇਹ ਸਿਲਸਲਾ ਲੰਮਾਂ ਸਮਾਂ ਚੱਲਦਾ ਰਿਹਾ। ਪੜ੍ਹਾਈ ਪੂਰੀ ਹੋ ਗਈ ਤਾਂ ਦੋਵੇਂ ਘਰ ਬੈਠ ਗਏ। ਗੁਰਤੇਜ ਆਪਣੀ ਨੌਕਰੀ ਵਗੈਰਾ ਲੱਭਣ ਵਿੱਚ ਰੁਝਿਆ ਰਹਿੰਦਾ ਜਾਂ ਕਦੇ ਆਪਣੇ ਪਾਪਾ ਨਾਲ ਦਫ਼ਤਰ ਚਲਿਆ ਜਾਂਦਾ। ਮਨਰਾਜ ਸਾਰਾ ਦਿਨ ਘਰ ਹੀ ਰਹਿੰਦੀ ਜਾਂ ਕਦੇ-ਕਦੇ ਆਪਣੀ ਭਾਬੀ ਨਾਲ ਸਿਲਾਈ ਦੇ ਕੰਮ ਵਿੱਚ ਹੱਥ ਵਟਾ ਦਿੰਦੀ।

ਗੱਲਾਂ-ਗੱਲਾਂ ਵਿੱਚ ਹੀ ਮਨਰਾਜ ਨੇ ਗੁਰਤੇਜ ਬਾਰੇ ਸਾਰੀ ਗੱਲਬਾਤ ਆਪਣੀ ਭਾਬੀ ਨੂੰ ਦੱਸ ਦਿੱਤੀ ਅਤੇ ਭਾਬੀ ਨੇ ਘਰ ਵਿੱਚ ਸਾਰੀ ਗੱਲ ਕਰ ਲਈ। ਭਾਵੇਂ ਕਿ ਮਨਰਾਜ ਨਾਲ ਇਸ ਗੱਲ ਦਾ ਸਭ ਨੇ ਇਤਰਾਜ਼ ਕੀਤਾ, ਪਰ ਹਰ ਵਾਰ ਦੀ ਤਰ੍ਹਾਂ ਮਨਰਾਜ ਦੇ ਪਾਪਾ ਨੇ ਕਿਹਾ, 'ਪਹਿਲਾਂ ਉਹ ਆਪ ਇੱਕ ਵਾਰ ਮੁੰਡੇ ਬਾਰੇ ਬਾਹਰੋਂ ਪਤਾ ਕਰਵਾਉਣਗੇ ਜੇ ਉਹਨਾਂ ਨੂੰ ਵੀ ਜੱਚ ਗਿਆ ਤਾਂ ਘਰ ਵਿੱਚ ਕਿਸੇ ਨੂੰ ਕੋਈ

ਇਤਰਾਜ਼ ਨਹੀਂ ਹੋਵੇਗਾ। ਇਸ ਵਿਸ਼ੇ ਤੇ ਤਦ ਤੱਕ ਘਰ ਵਿੱਚ ਕੋਈ ਵੀ ਕਿਸੇ ਕਿਸਮ ਦੀ ਗੱਲ ਨਹੀਂ ਕਰੇਗਾ ਅਤੇ ਨਾ ਹੀ ਗੱਲ ਘਰੋਂ ਬਾਹਰ ਜਾਵੇਗੀ।'

ਲਗਭਗ ਇੱਕ ਮਹੀਨੇ ਬਾਅਦ ਮਨਰਾਜ ਦੇ ਕਮਰੇ ਵਿੱਚ ਉਸਦੇ ਪਾਪਾ ਨੇ ਉਸ ਦੇ ਕੋਲ ਆ ਕੇ ਕਿਹਾ, 'ਮਨਰਾਜ ਬੇਟਾ! ਹਰ ਬਾਪ ਦੀ ਇਹ ਖ਼ੁਹਾਇਸ਼ ਹੁੰਦੀ ਹੈ, ਕਿ ਇੱਕ ਰਾਜ ਕੁਮਾਰ ਵਰਗਾ ਲਾੜ੍ਹਾ ਮੇਰੀ ਧੀ ਨੂੰ ਲੈਣ ਆਵੇ। ਜੋ ਮੇਰੇ ਵਾਂਗ ਹੀ ਮੇਰੀ ਧੀ ਨੂੰ ਫੁੱਲਾਂ ਦੀ ਤਰ੍ਹਾਂ ਰੱਖੇ। ਮੇਰੀ ਧੀ ਲੰਮੀਆਂ ਉਮਰਾਂ ਮਾਣੇ ਅਤੇ ਆਪਣੇ ਘਰ ਪਰਵਾਰ ਵਿੱਚ ਸਭ ਤੋਂ ਸਿਆਣੀ ਹੋਵੇ। ਉਸਦੀ ਸਿਆਣਪ, ਸੁਚੱਜਤਾ ਦੋਹਾਂ ਘਰਾਂ ਵਿੱਚ ਸਲਾਹੀ ਜਾਂਦੀ ਹੋਵੇ। ਧੀ, ਪਰਿਵਾਰ ਵਾਲੀ ਬਣੇ।'

ਮਨਰਾਜ ਸਭ-ਕੁੱਝ ਬੜੇ ਧਿਆਨ ਨਾਲ ਸੁਣ ਰਹੀ ਸੀ।

ਮਨਰਾਜ ਦੇ ਪਾਪਾ ਨੇ ਅੱਗੇ ਬੋਲਣਾ ਸ਼ੁਰੂ ਕੀਤਾ, 'ਧੀਏ! ਅੱਜ ਤੱਕ ਕੋਈ ਇੱਕ ਵੀ ਤੇਰੀ ਅਜਿਹੀ ਖ਼ੁਹਾਇਸ਼ ਨਹੀਂ ਹੈ, ਜੋ ਮੈਂ ਪੂਰੀ ਨਾ ਕੀਤੀ ਹੋਵੇ, ਮੈਨੂੰ ਇਸ ਦੁਨੀਆਂ 'ਤੇ ਤੇਰੇ ਤੋਂ ਪਿਆਰਾ ਹੋਰ ਕੋਈ ਵੀ ਨਹੀਂ, ਮੇਰੀ ਜ਼ਿੰਦਗੀ ਜਿਊਣ ਦੀ ਵਜ੍ਹਾ ਹੀ ਤੂੰ ਹੈ, ਪਰ ਜੇ ਮੈਂ ਇਹ ਕਹਾਂ ਕਿ, ਮੈਨੂੰ ਗੁਰਤੇਜ ਪਸੰਦ ਨਹੀਂ ਆਇਆ ਤਾਂ ਤੂੰ ਕੋਈ ਗ਼ਲਤ ਸਟੈੱਪ ਨਾ ਚੁੱਕ ਲਵੇਂ, ਮੈਨੂੰ ਬਹੁਤ ਡਰ ਹੈ।'

ਮਨਰਾਜ ਇੱਕ ਦਮ ਉੱਠੀ ਤੇ ਪਾਪਾ ਦਾ ਹੱਥ ਫੜ ਕੇ ਕਹਿਣ ਲੱਗੀ, 'ਪਾਪਾ! ਇਹ ਵੀ ਕੋਈ ਵੱਡੀ ਗੱਲ ਹੈ? ਜੇ ਤੁਹਾਨੂੰ ਗੁਰੀ ਨਹੀਂ ਪਸੰਦ ਤਾਂ ਅੱਜ ਤੋਂ ਬਾਅਦ ਮੈਨੂੰ ਵੀ ਨਹੀਂ ਪਸੰਦ। ਤੁਸੀਂ ਬਚਪਨ ਤੋਂ ਹੁਣ ਤੱਕ ਮੇਰੀ ਹਰ ਜਾਇਜ਼-ਨਜਾਇਜ਼ ਮੰਗ ਪ੍ਰਵਾਨ ਕੀਤੀ ਹੈ, ਮੇਰੀ ਹਰ ਵਿੱਸ਼ ਪੂਰੀ ਕੀਤੀ ਹੈ, ਮੈਂ ਤੁਹਾਡੀ ਇੱਕ ਵੀ ਵਿਸ਼ ਪੂਰੀ ਨਹੀਂ ਕਰ ਸਕਦੀ। ਤੁਸੀਂ ਜਿੱਥੇ ਕਹੋਗੇ ਮੈਂ ਉੱਥੇ ਹੀ ਵਿਆਹ ਕਰਵਾਵਾਂਗੀ। ਗ਼ਲਤ ਸਟੈੱਪ ਚੁੱਕਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਪਾਪਾ। ਤੁਸੀਂ ਇਹ ਕਦੇ ਸੋਚਣਾ ਵੀ ਨਹੀਂ।'

ਮੈਨੂੰ ਤੇਰੇ ਤੋਂ ਇਹੀ ਉਮੀਦ ਸੀ ਮੇਰੀਏ ਲਾਡਲੀਏ ਧੀਏ! ਜੋ ਲੜਕਾ ਮੈਨੂੰ ਪਸੰਦ ਹੈ ਉਸਦੀ ਫ਼ੋਟੋ ਮੈਂ ਟੇਬਲ ਤੇ ਰੱਖ ਦਿੱਤੀ ਹੈ, ਇੱਕ ਵਾਰ ਦੇਖ ਲਵੀਂ, ਅਸੀਂ ਸਾਰਾ ਪਰਵਾਰ ਤੇਰੇ ਜੁਆਬ ਦਾ ਇੰਤਜ਼ਾਰ ਕਰਾਂਗੇ, ਕਹਿ ਕੇ ਮਨਰਾਜ ਦੇ ਪਾਪਾ ਕਮਰੇ ਵਿੱਚੋਂ ਬਾਹਰ ਨਿਕਲ ਗਏ।

ਕਿੰਨੀ ਦੇਰ ਮਨਰਾਜ ਬੁੱਤ ਬਣ ਕੇ, ਉਸੇ ਥਾਂ 'ਤੇ ਬੈਠੀ ਰਹੀ, ਜਿੱਥੇ ਉਸਦੇ ਪਾਪਾ ਬੈਠੇ ਸਨ। ਹਿੰਮਤ ਜਿਹੀ ਕਰਦੀ ਨੇ, ਦਿਲ 'ਤੇ ਪੱਥਰ ਰੱਖ ਕੇ, ਮਨਰਾਜ ਟੇਬਲ ਦੇ ਕੋਲ ਗਈ ਅਤੇ ਫ਼ੋਟੋ ਆਪਣੇ ਹੱਥਾਂ ਵਿੱਚ ਫੜ੍ਹ ਕੇ, ਭਿੱਜੀਆਂ ਅੱਖਾਂ ਨਾਲ ਦੇਖੀ ਤਾਂ ਮਾਨੋਂ ਜਿਵੇਂ ਫੁਲਾਂ ਤੇ ਬਹਾਰ ਆ ਗਈ ਹੋਵੇ, ਇਹ ਤਾਂ ਗੁਰਤੇਜ ਦੀ ਹੀ ਫ਼ੋਟੋ ਸੀ, ਫ਼ੋਟੋ ਹੱਥ ਵਿੱਚ ਫੜੀ ਪਾਪਾ-ਪਾਪਾ ਚੀਕਦੀ ਹੋਈ ਕਮਰੇ ਵਿੱਚੋਂ ਬਾਹਰ ਨਿਕਲੀ ਤਾਂ ਬਾਹਰ ਮਨਰਾਜ ਦਾ ਸਾਰਾ ਪਰਵਾਰ ਅਤੇ ਗੁਰਤੇਜ ਦੇ ਮੰਮੀ ਪਾਪਾ ਉਸਦਾ

ਇੰਤਜ਼ਾਰ ਕਰ ਰਹੇ ਸਨ। ਪਰ ਸਭ ਨੂੰ ਅੱਖੋਂ-ਪਰੋਖੇ ਕਰ ਕੇ ਮਨਰਾਜ ਸਿੱਧਾ ਆਪਣੇ ਪਾਪਾ ਦੇ ਗਲ ਲੱਗ ਕੇ ਰੋਣ ਲੱਗ ਪਈ ਤੇ ਲਵ ਯੂ ਪਾਪਾ, ਲਵ ਯੂ ਪਾਪਾ ਦੀ ਸੁਰ ਅਲਾਪਦੀ ਰਹੀ।

ਮਨਰਾਜ ਦੇ ਮੰਮੀ ਨੇ ਉਸਨੂੰ ਪਾਪਾ ਤੋਂ ਖਿੱਚ ਕੇ ਆਪਣੇ ਕਲਾਵੇ ਵਿੱਚ ਲਿਆ ਤੇ ਗੁਰਤੇਜ ਦੇ ਮੰਮੀ-ਪਾਪਾ ਦੇ ਪੈਰੀਂ ਹੱਥ ਲਗਾ ਕੇ ਬੈਠਣ ਨੂੰ ਕਿਹਾ। ਦੋਵੇਂ ਪਰਵਾਰ ਖੁਸ਼ੀ ਨਾਲ ਫੁੱਲੇ ਨਾ ਸਮਾ ਰਹੇ ਸਨ। ਸਤੰਬਰ ਮਹੀਨੇ ਤੇ ਆਖ਼ਰੀ ਐਤਵਾਰ ਨੂੰ ਦੋਹਾਂ ਦਾ ਰੋਕਾ ਲਗਾਉਣ ਦੀ ਰਸਮ ਦਾ ਐਲਾਨ ਕੀਤਾ ਗਿਆ।

ਐਨੇ ਨੂੰ ਮਨਰਾਜ ਦੇ ਫ਼ੋਨ 'ਤੇ ਗੁਰਤੇਜ ਦਾ ਮੈਸਜ਼ ਆ ਗਿਆ, ਆਈਸਕ੍ਰੀਮ ਕੌਣ? ਤਾਂ ਮਨਰਾਜ ਨੇ, 'ਗੁਰੀ ਦੀ ਜਾਨ ਦੀ ਜਾਨ' ਲਿਖ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਤੇ ਕਹਿਣ ਲੱਗੀ, ਹੁਣ ਆਈਸਕ੍ਰੀਮ ਵਾਲਾ ਕੰਮ ਖ਼ਤਮ, ਹੁਣ ਜਦ ਮਰਜ਼ੀ ਮੈਸਜ਼ ਕਰੋ, ਫ਼ੋਨ ਕਰੋ ਤੇ ਕੁੱਝ ਮਹੀਨਿਆਂ ਬਾਅਦ ਇਹ ਕੰਮ ਵੀ ਖ਼ਤਮ ਹੋ ਜਾਣਾ ਕਿਉਂਕਿ ਮੈਂ ਹਮੇਸ਼ਾਂ ਲਈ ਤੁਹਾਡੇ ਕੋਲ ਆ ਜਾਣਾ। ਦੋਵੇਂ ਜਾਣੇ ਕਾਫ਼ੀ ਲੰਮਾਂ ਸਮਾਂ ਗੱਲਾਂ ਕਰਦੇ ਰਹੇ।

ਸਤੰਬਰ ਮਹੀਨੇ ਦਾ ਆਖਰੀ ਐਤਵਾਰ ਵੀ ਆ ਗਿਆ। ਦੋਹਾਂ ਪਰਵਾਰਾਂ ਨੇ ਖ਼ੂਬ ਤਿਆਰੀ ਕੀਤੀ। ਘਰ ਵਿੱਚ ਪੂਰੀ ਤਰ੍ਹਾਂ ਨਾਲ ਰੌਣਕ, ਖੁਸ਼ੀਆਂ-ਖੇੜਿਆਂ ਦਾ ਮਾਹੌਲ ਬਣਿਆ ਹੋਇਆ ਸੀ। ਮਨਰਾਜ ਅਤੇ ਗੁਰੀ ਵੱਲੋਂ ਆਪਣੇ ਸਾਰੇ ਸਕੂਲ/ਕਾਲਜ ਦੇ ਦੋਸਤਾਂ ਨੂੰ ਸੱਦਾ ਪੱਤਰ ਭੇਜੇ ਗਏ ਸਨ।

ਸਬੰਧਿਤ ਰਿਜ਼ੋਰਟ ਪੂਰੀ ਤਰ੍ਹਾਂ ਸੱਜਿਆ ਹੋਇਆ ਸੀ। ਮਨਰਾਜ ਨੇ ਗੁਰੀ ਨੂੰ ਫੋਨ ਕੀਤਾ ਅਤੇ ਕਿਹਾ, 'ਜਦੋਂ ਹੀ ਤੁਸੀਂ ਰਿਜ਼ੋਰਟ ਦੇ ਬਾਹਰ ਆਓਗੇ ਤਾਂ ਅੱਜ ਇੱਕ ਆਖ਼ਰੀ ਵਾਰ 'ਆਈਸਕ੍ਰੀਮ ਕੌਣ?' ਦਾ ਮੈਸਜ਼ ਕਰਨਾ, ਮੈਂ ਰਿਜ਼ੋਰਟ ਵਿੱਚ ਲੱਗੀਆਂ ਵੱਡੀਆਂ ਟੀ.ਵੀ ਸਕਰੀਨਾਂ ਤੇ ਕੈਮਰੇ ਰਾਹੀਂ ਸੱਭ ਨੂੰ ਤੁਹਾਡਾ ਮੈਸਜ਼ ਦਿਖਾਉਣਾ ਤੇ ਮਾਈਕ ਤੋਂ ਬੋਲ ਕੇ ਕਹਿਣਾ, 'ਗੁਰੀ ਦੀ ਜਾਨ ਦੀ ਜਾਨ'। ਗੁਰਤੇਜ ਕਹਿਣ ਲੱਗਾ, ' ਕੀ ਤੂੰ ਛੋਟੀ ਬੱਚੀ ਹੈਂ? ਲੋਕ ਕੀ ਕਹਿਣਗੇ?' ਤਾਂ ਮਨਰਾਜ ਕਹਿਣ ਲੱਗੀ, 'ਮੈਨੂੰ ਨਹੀਂ ਪਤਾ, ਬੱਸ ਮੇਰੀ ਵਿਸ਼ ਹੈ, ਮੈਂ ਸਭ ਨੂੰ ਦੱਸਾਂ, ਮੈਂ ਇਸ ਮੈਮੋਰੀ ਨੂੰ ਹਮੇਸ਼ਾਂ ਯਾਦ ਰੱਖਾਂਗੀ ਤੇ ਤੁਸੀਂ ਵੀ ਤੇ ਸਾਰੇ ਰਿਸ਼ਤੇਦਾਰ ਵੀ।' ਤਾਂ ਗੁਰਤੇਜ ਮੰਨ ਗਿਆ।

ਮਨਰਾਜ ਸਟੇਜ ਦੇ ਕੋਲ ਬੈਠੀ ਸੀ, ਮੋਬਾਇਲ 'ਤੇ ਪਹਿਲਾਂ ਹੀ 'ਗੁਰੀ ਦੀ ਜਾਨ ਦੀ ਜਾਨ' ਟਾਈਪ ਕਰ ਕੇ ਰੱਖ ਲਿਆ, ਕੈਮਰੇ ਮਨਰਾਜ ਵੱਲ ਸੀ। ਮਹਿਮਾਨਾਂ ਦੇ ਆਉਣ ਦਾ ਸਮਾਂ ਹੋ ਰਿਹਾ ਸੀ। ਮਨਰਾਜ ਦੇ ਹੱਥ ਪੈਰ ਠੰਡੇ ਹੋ ਰਹੇ ਸਨ। ਐਨਾ ਚਾਅ ਸੀ ਕਿ ਉਸ ਨੂੰ ਆਪਣੇ ਹਾਵ-ਭਾਵ ਪ੍ਰਗਟ ਕਿਵੇਂ ਕਰੇ ਸਮਝ ਨਹੀਂ ਸੀ ਆ ਰਹੀ। ਮੋਬਾਇਲ ਫ਼ੋਨ 'ਤੇ ਆਉਣ ਵਾਲੇ ਸੁਨੇਹੇ ਵਿੱਚ ਜਿਵੇਂ ਉਸਦੀ ਜਾਨ ਫਸੀ

ਪਈ ਸੀ। ਇੱਕ-ਇੱਕ ਸਕਿੰਟ ਘੰਟਿਆਂ ਵਰਗਾ ਲੱਗ ਰਿਹਾ ਸੀ।

ਹੋਰ ਇੰਤਜ਼ਾਰ ਕਰਨ ਦੀ ਹਿੰਮਤ ਨਹੀਂ ਸੀ ਤਾਂ ਮਨਰਾਜ ਨੇ ਫਟਾਫਟ ਆਪਣੇ ਫ਼ੋਨ ਤੋਂ ਗੁਰਤੇਜ ਨੂੰ ਕਾਲ ਕੀਤੀ ਤਾਂ ਅੱਗੋਂ ਉਸਦਾ ਫ਼ੋਨ ਸਵਿੱਚ ਆਫ ਆ ਰਿਹਾ ਸੀ। ਸਭ ਪ੍ਰੇਸ਼ਾਨ ਸਨ ਅਤੇ ਆਉਣ ਵਾਲੇ ਇਨ੍ਹਾਂ ਮੁੱਖ ਮਹਿਮਾਨਾਂ ਦੀ ਇਸ ਲੇਟ-ਲਤੀਫੀ ਲਈ ਘੁਸਰ-ਮੁਸਰ ਸ਼ੁਰੂ ਹੋ ਚੁੱਕੀ ਸੀ, ਐਨੇ ਨੂੰ ਮਨਰਾਜ ਦੇ ਪਾਪਾ ਦੇ ਫ਼ੋਨ ਤੇ ਕਿਸੇ ਦਾ ਫੋਨ ਆਇਆ ਕਿ, 'ਗੁਰਤੇਜ ਦੇ ਪਰਵਾਰ ਦੀ ਗੱਡੀ ਰਸਤੇ ਵਿੱਚ ਸੜਕੀ ਹਾਦਸੇ ਦਾ ਸ਼ਿਕਾਰ ਹੋ ਗਈ ਅਤੇ ਗੱਡੀ ਵਿੱਚ ਸਵਾਰ ਕੋਈ ਵੀ ਵਿਅਕਤੀ ਨਹੀਂ ਬਚ ਸਕਿਆ।'

ਮਨਰਾਜ ਦੀਆਂ ਪੱਥਰ ਹੋਈਆਂ ਅੱਖਾਂ ਵਿੱਚੋਂ ਵਗਦੇ ਹੰਝੂ, ਮੋਬਾਇਲ ਦੇ ਸਕਰੀਨ ਤੇ ਆਈਸਕ੍ਰੀਮ ਕੌਣ ਦਾ ਸੁਨੇਹਾ ਉਡੀਕ ਰਹੇ ਸਨ....

***********

'ਜੋ ਲੋਕ ਦੁੱਖ ਵੇਲੇ ਭੱਜ ਕੇ ਤੁਹਾਡੇ ਕੋਲ ਆਉਂਦੇ ਨੇ, ਉਹਨਾਂ ਨੂੰ ਆਪਣੀ ਜ਼ਿੰਦਗੀ ਦੀਆਂ ਤਮਾਮ ਖ਼ੁਸ਼ੀਆਂ ਵਿੱਚ ਜ਼ਰੂਰ ਸ਼ਾਮਲ ਕਰੋ।' - ਇਕਵਾਕ ਸਿੰਘ ਪੱਟੀ



ਸਭ ਤੋਂ ਪਹਿਲਾ ਸ਼ਿਕਾਇਤ ਕਰਤਾ ਉੱਠਿਆ ਅਤੇ ਬਾਕੀਆਂ ਦੀ ਨੁਮਾਇੰਦਗੀ ਕਰਦਾ ਹੋਇਆ ਬੜੀ ਹਲੀਮੀ ਨਾਲ ਸ਼ਬਦਾਂ ਦਾ ਸੰਘਣਾ ਜਾਲ ਬੁਣਦਿਆਂ ਕਹਿਣ ਲੱਗਾ, ਕਿ ਇਸ ਕਲੋਨੀ ਵਿੱਚ ਹਰ ਘਰ ਦਾ ਹਰ ਮੈਂਬਰ ਪੜ੍ਹਿਆ-ਲਿਖਿਆ ਹੈ ਅਤੇ ਆਪਣੇ ਬੱਚਿਆਂ ਨੂੰ ਵੀ ਸਮੇਂ ਦਾ ਹਾਣੀ ਬਣਾਉਣ ਲਈ ਚੰਗੇ ਅਤੇ ਮਹਿੰਗੇ ਸਕੂਲ ਵਿੱਚ ਪੜ੍ਹਾ ਰਿਹਾ ਹੈ ਤਾਂ ਕਿ ਬੱਚੇ ਵੀ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਬਣ ਸਕਣ, ਪਰ...

# ਜੀਵੇ ਪੰਜਾਬੀ



ਸ਼ਹਿਰ ਦੀਆਂ ਛੋਟੀਆਂ ਤੰਗ ਗਲੀਆਂ ਮੁਹੱਲਿਆਂ ਵਿੱਚੋਂ ਨਿਕਲ ਕੇ ਸ਼ਹਿਰ ਦੇ ਬਾਹਰਵਰ ਕੱਟੀਆਂ ਜਾ ਰਹੀਆਂ ਨਵੀਆਂ ਕਲੋਨੀਆਂ ਵਿੱਚ ਸ਼ਹਿਰ ਦੇ ਕਹੇ ਜਾਂਦੇ ਉੱਚ ਵਰਗ ਦੇ ਪੜ੍ਹੇ ਲਿਖੇ ਲੋਕਾਂ ਨੇ ਆਪੋ-ਆਪਣੀਆਂ ਥਾਵਾਂ ਲੈ ਕੇ ਮਨਮਰਜ਼ੀ ਦੀਆਂ ਕੋਠੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਵਿਦੇਸ਼ਾਂ ਵਿੱਚ ਪੜ੍ਹਨ ਭੇਜੇ ਬੱਚਿਆਂ ਦੀਆਂ ਸਲਾਹਾਂ ਨਾਲ ਵਿਦੇਸ਼ੀ ਰੰਗ-ਢੰਗ ਦੀਆਂ ਕੋਠੀਆਂ ਉਸਰ ਰਹੀਆਂ ਸਨ। ਇੱਕ ਵਧੀਆ ਅਤੇ ਸਾਫ਼-ਸੁਥਰਾ ਮਾਹੌਲ ਬਣ ਗਿਆ। ਸਾਫ਼-ਸੁਥਰੀ ਪਾਰਕ, ਸੁਪਰ ਮਾਰਕੀਟ, ਕਾਰਾਂ ਗੱਡੀਆਂ ਖੜ੍ਹੀਆਂ ਕਰਨ ਲਈ ਖੁੱਲ੍ਹੀ-ਡੁੱਲੀ ਥਾਂ, ਹਰ ਘਰ ਦੇ ਮੂਹਰੇ ਹਰਿਆਵਲ ਲਈ ਰੁੱਖ-ਬੂਟੇ ਵਗੈਰਾ ਲੱਗੇ ਹੋਏ ਸਨ। ਕਲੋਨੀ ਦੇ ਅੰਦਰ ਹੀ ਸ਼ਹਿਰ ਦੇ ਮਹਿੰਗੇ ਸਕੂਲਾਂ ਦੀਆਂ ਬੱਸਾਂ ਬੱਚਿਆਂ ਨੂੰ ਲੈਣ ਅਤੇ ਛੱਡਣ ਆਉਂਦੀਆਂ। ਪਰ ਪਿਛਲੇ ਕੁਝ ਦਿਨਾਂ ਤੋਂ ਕਲੋਨੀ ਵਿੱਚ ਨਵੀਂ ਨਕੋਰ ਕੋਠੀ ਬਣਵਾ ਕੇ ਰਹਿਣ ਆਏ ਨਵੇਂ ਪਰਵਾਰ ਤੋਂ ਸਾਰੀ ਕਲੋਨੀ ਦੇ ਲੋਕ ਕੁੱਝ ਦੁੱਖੀ ਸੀ। ਹਰ ਕੋਈ ਉਹਨਾਂ ਵੱਲ ਬੜੀ ਕੈਰੀ ਜਿਹੀ ਅੱਖ ਨਾਲ ਤੱਕਦਾ ਸੀ। ਜਿਵੇਂ ਸਾਰੇ ਉਹਨਾਂ ਤੋਂ ਗੁੱਸੇ/ਨਾਰਾਜ਼ ਹੋਣ। ਆਖਿਰ ਕਲੋਨੀ ਵਿੱਚੋਂ ਹੀ ਇੱਕ ਸਿਆਣੇ ਬਜ਼ੁਰਗ ਨੇ ਆਉਂਦੇ ਐਤਵਾਰ ਸਾਰਿਆਂ ਦੀ ਇਕੱਤਰਤਾ ਸੱਦ ਲਈ ਤਾਂ ਕਿ ਮਸਲਾ ਵਿਚਾਰਿਆ ਅਤੇ ਸੁਲਝਾਇਆ ਜਾ ਸਕੇ। ਆਖਿਰ ਸੁੱਖ-ਦੁੱਖ ਵੇਲੇ ਰਿਸ਼ਤੇਦਾਰਾਂ ਤੋਂ ਵੀ ਪਹਿਲਾਂ ਤਾਂ ਆਂਢ-ਗੁਆਂਢ ਨੇ ਹੀ ਕੰਮ ਆਉਣਾ ਹੁੰਦਾ।

ਐਤਵਾਰ ਦੀ ਸ਼ਾਮ ਸਬੰਧਿਤ ਪਰਵਾਰ ਜੋ ਇਸ ਗੱਲ ਤੋਂ ਹੈਰਾਨ ਸੀ ਕਿ ਲੋਕ ਉਹਨਾਂ ਤੋਂ ਔਖੇ ਕਿਉਂ ਹਨ, ਉਹ ਵੀ ਪੁੱਜ ਚੁੱਕਾ ਸੀ ਅਤੇ ਕਲੋਨੀ ਦੇ ਅਗਾਂਹਵਧੂ ਮੰਨੇ ਜਾਂਦੇ ਲੋਕ ਵੀ ਕੁਰਸੀਆਂ 'ਤੇ ਸੱਜ ਚੁੱਕੇ ਸਨ। ਸਭ ਤੋਂ ਪਹਿਲਾਂ ਸ਼ਿਕਾਇਤ ਕਰਤਾ ਉੱਠਿਆ ਅਤੇ ਬਾਕੀਆਂ ਦੀ ਨੁਮਾਇੰਦਗੀ ਕਰਦਾ ਹੋਇਆ ਬੜੀ ਹਲੀਮੀ ਨਾਲ ਸ਼ਬਦਾਂ ਦਾ ਸੰਘਣਾ ਜਾਲ ਬੁਣਦਿਆਂ ਕਹਿਣ ਲੱਗਾ, 'ਕਿ ਇਸ ਕਲੋਨੀ ਵਿੱਚ ਹਰ ਘਰ ਦਾ ਹਰ ਮੈਂਬਰ ਪੜ੍ਹਿਆ-ਲਿਖਿਆ ਹੈ ਅਤੇ ਆਪਣੇ ਬੱਚਿਆਂ ਨੂੰ ਵੀ ਸਮੇਂ ਦਾ ਹਾਣੀ ਬਣਾਉਣ ਲਈ ਚੰਗੇ ਅਤੇ ਮਹਿੰਗੇ ਸਕੂਲ ਵਿੱਚ ਪੜ੍ਹਾ ਰਿਹਾ ਹੈ ਤਾਂ ਕਿ ਬੱਚੇ ਵੀ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਬਣ ਸਕਣ। ਕਲੋਨੀ ਵਿੱਚ ਆਏ ਇਸ ਨਵੇਂ ਪਰਵਾਰ ਤੋਂ ਸਾਨੂੰ ਕੋਈ ਬਹੁਤਾ ਇਤਰਾਜ਼ ਨਹੀਂ ਹੈ,

ਕਿਉਂਕਿ ਇਹ ਵੀ ਸਾਡੇ ਵਾਂਗ ਪੜ੍ਹੇ-ਲਿਖੇ ਹਨ। ਭਾਜੀ ਹੁਣੀ ਆਪ ਆਰਕੀਟੈਕਚਰ ਹਨ ਅਤੇ ਭਰਜਾਈ ਜੀ ਵੀ ਪੀ.ਐੱਚ.ਡੀ ਹੋਲਡਰ ਹਨ। ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਇਹ ਸਾਡੀ ਕਲੋਨੀ ਵਿੱਚ ਹਨ, ਪਰ ਹੈਰਾਨਗੀ ਹੈ ਕਿ ਐਨਾ ਪੜ੍ਹ-ਲਿਖ ਕੇ ਵੀ ਇਹਨਾਂ ਨੇ ਆਪਣੇ ਬੱਚੇ ਸਰਕਾਰੀ ਸਕੂਲ ਵਿੱਚ ਪਾਏ ਹੋਏ ਹਨ। ਉੱਥੇ ਦੇ ਬੱਚਿਆਂ ਦੀਆਂ ਆਦਤਾਂ ਸਿੱਖ ਕੇ ਆ ਰਹੇ ਇਹਨਾਂ ਦੇ ਬੱਚੇ ਪੂਰੇ ਮੁਹੱਲੇ ਦੇ ਬੱਚਿਆਂ ਦੀ ਆਦਤਾਂ ਵੀ ਵਿਗਾੜ ਸਕਦੇ ਹਨ। ਇਸੇ ਗੱਲ ਦਾ ਸਾਰੀ ਕਲੋਨੀ ਨੂੰ ਇਤਰਾਜ਼ ਹੈ ਕਿ ਅਸੀਂ ਸਾਰੇ ਮਿਹਨਤਾਂ ਕਰਕੇ ਬੜੀ ਮੁਸ਼ਕਲ ਨਾਲ ਮਹਿੰਗੇ ਸਕੂਲਾਂ ਵਿੱਚ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾਉਣ ਲਈ ਭੇਜਦੇ ਹਾਂ। ਜੇ ਇਹ ਪਰਵਾਰ ਕਲੋਨੀ ਵਿੱਚ ਰਹੇਗਾ ਤਾਂ ਸਾਡੇ ਬੱਚਿਆਂ ਦਾ ਭਵਿੱਖ ਕੀ ਹੋਵੇਗਾ?' ਐਨਾ ਕਹਿੰਦੇ ਹੋਏ ਉਹ ਧੰਨਵਾਦ ਕਰਕੇ ਬੈਠ ਗਿਆ।

ਬਜ਼ੁਰਗ ਸਾਰਾ ਮਸਲਾ ਸਮਝ ਚੁੱਕਿਆ ਸੀ ਅਤੇ ਸਬੰਧਿਤ ਪਰਿਵਾਰ ਦੇ ਮੁਖੀ ਨੂੰ ਬੋਲਣ ਦਾ ਮੌਕਾ ਦਿੱਤਾ ਗਿਆ, ਤਾਂ ਉਸਨੇ ਬੜੀ ਪਿਆਰ ਭਰੀ ਬੋਲੀ ਅਤੇ ਮਿੱਠੇ ਲਹਿਜੇ ਵਿੱਚ ਆਪਣੀ ਗੱਲ ਕਰਨੀ ਸ਼ੁਰੂ ਕੀਤੀ ਕਿ, 'ਜਿਵੇਂ ਮੇਰੇ ਤੋਂ ਪਹਿਲਾਂ ਸ਼ਿਕਾਇਤ ਕਰਤਾ ਨੇ ਦੱਸਿਆ ਕਿ ਮੈਂ ਇੱਕ ਆਰਕੀਟੈਕਚਰ ਹਾਂ ਇਸ ਲਈ ਇਹ ਦੱਸਦਾ ਜਾਵਾਂ ਕਿ ਮੇਰੀ ਵੀ ਬਾਰਵ੍ਹੀਂ ਜਮਾਤ ਤੱਕ ਦੀ ਪੜ੍ਹਾਈ ਸਰਕਾਰੀ ਸਕੂਲ ਦੀ ਹੀ ਹੈ ਅਤੇ ਮੇਰੀ ਘਰਵਾਲੀ ਜੋ ਪੀ.ਐੱਚ.ਡੀ ਹੋਲਡਰ ਹੈ, ਦੀ ਪੜ੍ਹਾਈ ਵੀ ਸਰਕਾਰੀ ਸਕੂਲ ਦੀ ਹੈ ਅਤੇ ਮੈਰਿਟ ਵਿੱਚ ਆਉਣ ਕਰਕੇ ਮਿਲੇ ਵਜੀਫ਼ਿਆਂ ਦੇ ਸਿਰ 'ਤੇ ਹੀ ਉਹ ਪੀ.ਐੱਚ.ਡੀ ਕਰ ਸਕੀ ਹੈ। ਸਾਨੂੰ ਇਹ ਮਾਣ ਬਿਨ੍ਹਾਂ ਸ਼ੱਕ ਵਿੱਦਿਆ ਨੇ ਦਿਵਾਇਆ ਹੈ। ਵਿੱਦਿਆ ਤਾਂ ਵਿੱਦਿਆ ਹੀ ਹੈ ਉਹ ਸਰਕਾਰੀ ਸਕੂਲ ਦੀ ਹੋਵੇ ਜਾਂ ਨਿੱਜੀ ਸਕੂਲਾਂ ਦੀ। ਸਿਰਫ਼ ਉਸ ਵਿੱਦਿਆ ਨੂੰ ਪ੍ਰਾਪਤ ਕਰਨ ਦਾ ਕੋਈ ਫ਼ਾਇਦਾ ਨਹੀਂ ਜਿਸ ਨੂੰ ਪ੍ਰਾਪਤ ਕਰਕੇ ਅਸੀਂ ਆਪਣੀ ਮਾਂ-ਬੋਲੀ ਭੁੱਲ ਜਾਈਏ, ਆਪਣੀ ਵਿਰਾਸਤ, ਆਪਣਾ ਵਿਰਸਾ, ਆਪਣਾ ਸੱਭਿਆਚਾਰ, ਆਪਣਾ ਇਤਿਹਾਸ ਭੁੱਲ ਜਾਈਏ। ਭਾਜੀ ਨੇ ਸ਼ੱਕ ਜ਼ਾਹਰ ਕੀਤਾ ਹੈ ਕਿ ਸਾਡੀ ਕਲੋਨੀ ਦੇ ਬੱਚੇ ਵਿਗੜ ਜਾਣਗੇ, ਜੇ ਬੱਚੇ ਵਿਗੜ ਜਾਣਗੇ ਤਾਂ ਜਿਹੜੀ ਮਹਿੰਗੀ ਅਤੇ ਚਮਕਦੀਆਂ ਇਮਾਰਤਾਂ ਵਿੱਚੋਂ ਉਹ ਵਿੱਦਿਆ ਸਿੱਖ ਕੇ ਆ ਰਹੇ ਹਨ ਕੀ ਉਹ ਐਨੀਂ ਹੌਲੀ/ਹਲਕੀ ਹੈ ਜੋ ਚੰਗੇ ਬੁਰੇ ਦੀ ਪਹਿਚਾਣ ਕਰਨ ਤੋਂ ਅਸਮਰੱਥ ਹੈ। ਅਸੀਂ ਤਾਂ ਇਹ ਸੋਚ ਕੇ ਇਸ ਕਲੋਨੀ ਵਿੱਚ ਕੋਠੀ ਪਾਈ ਸੀ ਕਿ ਇੱਥੇ ਕਾਫ਼ੀ ਪੜ੍ਹੇ ਲਿਖੇ ਹੋਣਗੇ ਪਰ ਅਫ਼ਸੋਸ ਹੋਇਆ। ਇਸ ਨਾਲੋਂ ਤਾਂ ਅਸੀਂ ਸ਼ਹਿਰ ਦੀਆਂ ਤੰਗ ਗਲੀਆਂ ਬਾਜ਼ਾਰਾਂ ਵਿਚ ਹੀ ਚੰਗੇ ਸੀ, ਜਿੱਥੇ ਬੱਚੇ ਇਕੱਠੇ ਖੇਡਦੇ ਸੀ, ਇੱਕ ਦੂਜੇ ਨਾਲ ਖਾਣ-ਪੀਣ ਤੋਂ ਇਲਾਵਾ ਆਪਣੇ ਖਿਡੌਣੇ ਤੱਕ ਸਾਂਝੇ ਕਰ ਲੈਂਦੇ ਸੀ। ਨਾ ਰੰਗ ਦੇਖਦੇ ਸੀ ਨਾ ਜਾਤ-ਪਾਤ ਦੇਖਦੇ ਸੀ, ਨਾ ਅਮੀਰੀ ਦੇਖਦੇ ਸੀ ਨਾ ਗ਼ਰੀਬੀ ਦੇਖਦੇ ਸੀ। ਬੱਸ ਆਪਣੇ ਬਚਪਨ ਨੂੰ ਜਿਉਂਦੇ ਸੀ, ਕੁਦਰਤ ਦੇ ਰੰਗਾਂ ਨੂੰ ਮਾਣਦੇ ਸੀ।'

'ਸਿਆਣੇ ਬਜ਼ੁਰਗ ਨੇ ਵਿਚੋਂ ਹੀ ਟੋਕਦਿਆਂ ਕਿਹਾ ਸਰਦਾਰ ਸਾਹਿਬ ਬੈਠ ਜਾਉ ! ਸਾਰੀ ਕਲੋਨੀ ਵਾਲਿਆਂ ਦੀਆਂ ਝੁਕੀਆਂ ਹੋਈਆਂ ਗਰਦਨਾਂ ਅਤੇ ਨੀਵੀਆਂ ਹੋਈਆਂ ਅੱਖਾਂ, ਹੁਣ ਤੁਹਾਡੇ ਨਾਲ ਹੀ ਉੱਪਰ ਉੱਠਣਾ ਚਾਹੁੰਦੀਆਂ ਹਨ।'

ਬੱਸ ਫਿਰ ਕੀ ਸੀ ਹੁਣ ਤੱਕ ਸੱਭ ਸਾਂਝੇ ਤੌਰ 'ਤੇ ਰਹਿੰਦੇ ਹਨ। ਕਲੋਨੀ ਦਾ ਨਾਮ ਦੱਸਦੀ ਤਖਤੀ ਵੀ ਪੰਜਾਬੀ ਵਿੱਚ ਹੈ ਅਤੇ ਘਰਾਂ ਦੇ ਬਾਹਰ ਲੱਗੀਆਂ ਤਖਤੀਆਂ ਉੱਤੇ ਵੀ ਪੰਜਾਬੀ ਉਕਰੀ ਹੋਈ ਹੈ। ਗੁਰਦੁਆਰਾ ਸਾਹਿਬ ਦੇ ਭਾਈ ਕੋਲੋਂ ਵੀ ਹਰ ਹਫ਼ਤੇ ਕਲੋਨੀ ਦੇ ਬੱਚਿਆਂ ਲਈ ਪੰਜਾਬੀ ਦੀ ਕਲਾਸ ਲਗਾਉਣ ਦਾ ਵਾਅਦਾ ਵੀ ਲੈ ਲਿਆ ਗਿਆ ਹੈ।

***********

'ਜਿਸ ਘਰ ਵਿੱਚ ਮਾਂ ਬੋਲੀ ਦੀ ਕਦਰ ਨਾ ਹੁੰਦੀ ਹੋਵੇ, ਉਸ ਘਰ ਨੂੰ ਬੌਧਿਕ ਤੌਰ 'ਤੇ ਸੱਖਣਾ ਮੰਨਿਆ ਜਾਣਾ ਚਾਹੀਦਾ ਹੈ।' – ਇਕਵਾਕ ਸਿੰਘ ਪੱਟੀ



ਐਤਵਾਰ ਸ਼ਾਮੀਂ ਸਾਰੇ ਹੀ ਨੀਤੂ ਦੇ ਘਰ ਪੁੱਜ ਗਏ। ਸਾਰੇ ਬੈਠੇ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ ਕਿ, ਨੀਤੂ ਦੇ ਮੰਮੀ ਰਵੀ ਨੂੰ ਕਹਿਣ ਲੱਗੀ ਬੇਟਾ! ਨੀਤੂ ਲਈ ਰਿਸ਼ਤਾ ਆਇਆ ਹੈ, ਮੁੰਡਾ ਬਹੁਤ ਚੰਗਾ ਹੈ ਪੜ੍ਹਿਆ ਲਿਖਿਆ ਹੈ, ਤੇਰੇ ਵਰਗਾ ਹੀ ਹੈ, ਕਿਉਂ ਨਾ ਇਸ ਹਫ਼ਤੇ ਆਪਾਂ ਘਰ-ਬਾਹਰ ਵੇਖ ਆਈਏ ਤਾਂ ਨੀਤੂ ਇੱਕ ਦਮ ਉਠ ਖੜ੍ਹੀ, ਇਸ ਹਫ਼ਤੇ ਨਹੀਂ ਕਿਸੇ ਵੀ ਹਫ਼ਤੇ ਨਹੀਂ, ਬਲਕਿ ਕਿਸੇ ਸਾਲ ਵੀ ਨਹੀਂ, ਸਗੋਂ ਮੈਂ ਪੂਰੇ ਇਸ ਜਨਮ ਵਿੱਚ ਵੀ ਨਹੀਂ, ਕਿਸੇ ਨੇ ਕਿਤੇ ਕਿਸੇ ਨੂੰ ਵੇਖਣ ਨਹੀਂ ਜਾਣਾ...

# ਸ਼ਾਮ ਮਸਤਾਨੀ



ਰਵੀ ਪੁਰਾਣੇ ਗੀਤ ਸੁਣਨ ਦਾ ਬਹੁਤ ਸ਼ੌਕੀਨ ਸੀ, ਅਕਸਰ ਉਹ ਕਹਿੰਦਾ ਸੀ ਕਿ ਪੁਰਾਣੇ ਗੀਤਾਂ ਵਿੱਚ ਗੀਤਾਂ ਦੀ ਸ਼ਬਦਾਵਲੀ, ਗਾਉਣ ਵਾਲੇ ਦੀ ਅਵਾਜ਼ ਅਤੇ ਸ਼ਾਂਤ ਸੰਗੀਤ ਮਨ ਨੂੰ ਅਨੰਦਿਤ ਕਰ ਦਿੰਦਾ ਹੈ, ਜਦਕਿ ਇਸ ਦੇ ਮੁਕਾਬਲੇ ਮੌਜੂਦਾ ਦੌਰ ਵਿੱਚ ਚੱਲਣ ਵਾਲਾ ਗੀਤ-ਸੰਗੀਤ ਇੱਕ ਭੜਕਾਹਟ ਪੈਦਾ ਕਰਦਾ ਹੈ, ਸ਼ੋਰ ਸ਼ਰਾਬਾ ਪੈਦਾ ਕਰਦਾ ਹੈ।

ਅਕਸਰ ਜਦ ਉਹ ਆਪਣੀ ਹਮ-ਜਮਾਤਣ ਰਹੀ, ਨੀਤੂ ਨਾਲ ਕਾਲਜ ਕਲਾਸਾਂ ਤੋਂ ਬਾਅਦ ਵੀਕਐਂਡ ਦੀ ਸ਼ਾਮ ਨੂੰ ਕਦੇ ਘੁੰਮਣ ਜਾਂਦਾ ਤਾਂ, ਕਿਸ਼ੋਰ ਕੁਮਾਰ ਦੀ ਆਵਾਜ਼ ਵਿੱਚ ਗਾਇਆ ਗੀਤ, 'ਯਹ ਸ਼ਾਮ ਮਸਤਾਨੀ, ਮਦਹੋਸ਼ ਕੀਏ ਜਾਏ, ਕੋਈ ਡੋਰ ਮੁਝੇ ਖੀਂਚੇ, ਤੇਰੀ ਔਰ ਲੀਏ ਜਾਏ' ਜ਼ਰੂਰ ਗੁਣਗਣਾਉਂਦਾ। ਤਾਂ ਨੀਤੂ ਵੀ ਉਸਨੂੰ ਕਹਿ ਦਿੰਦੀ, ਡੋਰ ਤੁਹਾਨੂੰ ਮੇਰੇ ਵੱਲ ਖਿੱਚਦੀ ਜ਼ਰੂਰ ਹੈ, ਪਰ ਮੇਰੇ ਨਾਲ ਜੋੜਦੀ ਕਿਉਂ ਨਹੀਂ? ਤਾਂ ਰਵੀ ਹਾਸੇ ਵਿੱਚ ਕਹਿ ਦਿੰਦਾ, ਜੁੜੀ ਤਾਂ ਪਈ ਹੈ, ਬੱਸ ਸਮਾਜਿਕ ਅਤੇ ਧਾਰਮਿਕ ਪ੍ਰਵਾਨਗੀ ਦੀ ਲੋੜ ਹੈ, ਬੱਸ ਆਹ ਪੜ੍ਹਾਈ ਪੂਰੀ ਹੋ ਜਾਏ ਤਾਂ ਕਰਦੇ ਹਾਂ ਘਰ ਗੱਲ ਸ਼ੁਰੂ।

ਰਵੀ ਅਤੇ ਨੀਤੂ ਬਚਪਨ ਤੋਂ ਹੀ ਪੜ੍ਹਾਈ ਇਕੱਠੇ ਕਰਦੇ ਆ ਰਹੇ ਸਨ। ਦੋਹਾਂ ਦੇ ਮਾਤਾ-ਪਿਤਾ ਵੀ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਸਕੂਲ ਦੀ ਪੜ੍ਹਾਈ ਤੋਂ ਬਾਅਦ ਦੋਹਾਂ ਨੇ ਕਾਲਜ ਵੀ ਇਕੋ ਹੀ ਚੁਣਿਆ ਸੀ। ਸਕੂਲ ਸਮੇਂ ਵੀ ਅਤੇ ਹੁਣ ਕਾਲਜ ਵਿੱਚ ਵੀ ਹਰ ਇੱਕ ਸੱਭਿਆਚਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਰਹਿੰਦੇ ਸਨ। ਪੜ੍ਹਾਈ ਵਿੱਚ ਵੀ ਦੋਵੇਂ ਬਹੁਤ ਹੁਸ਼ਿਆਰ ਸਨ। ਇੱਕ ਦੂਜੇ ਦੇ ਹਮਸਾਏ ਵਾਂਗ ਇਕੱਠੇ ਆਉਣਾ, ਇਕੱਠੇ ਜਾਣਾ, ਕੰਟੀਨ ਹੋਵੇ ਜਾਂ ਲਾਇਬ੍ਰੇਰੀ ਹਰ ਥਾਂ ਇੱਕ ਦੂਜੇ ਦੇ ਪੂਰਕ ਬਣੇ ਰਹਿੰਦੇ ਸਨ।

ਇਹ ਦੋਹਾਂ ਦਾ ਆਖਰੀ ਸਾਲ ਸੀ ਅਤੇ ਦੋਵੇਂ ਚਾਹੁੰਦੇ ਸਨ ਕਿ ਪੜ੍ਹਾਈ ਤੋਂ ਬਾਅਦ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰੀਏ ਅਤੇ ਜੇਕਰ ਕੋਈ ਕਾਰੋਬਾਰ ਸ਼ੁਰੂ ਕਰਨਾ ਹੈ ਤਾਂ ਪਹਿਲਾਂ ਵਿਆਹ ਕਰਵਾ ਲਈਏ ਅਤੇ ਫਿਰ ਇੱਕ ਦੂਜੇ ਦੀ ਤਾਕਤ ਬਣ ਕੇ ਸਾਂਝੇ ਤੌਰ 'ਤੇ ਕੁੱਝ ਨਵਾਂ ਅਤੇ ਆਪਣਾ ਕਾਰੋਬਾਰ ਸ਼ੁਰੂ ਕੀਤਾ ਜਾਵੇ ਤਾਂ ਕਿ ਭਵਿੱਖ ਵਿੱਚ ਬੱਚਿਆਂ ਨੂੰ ਕੋਈ ਪਰੇਸ਼ਾਨੀ ਨਾ ਆਵੇ। ਨੀਤੂ ਇਸ ਲਈ ਵੀ ਚਾਹੁੰਦੀ

ਸੀ ਕਿ ਘਰ ਸਾਡੇ ਬਾਰੇ ਸੱਭ ਕੁੱਝ ਪਤਾ ਹੋਵੇ।

ਦੂਜੇ ਪਾਸੇ ਦੋਹਾਂ ਦੇ ਮਾਤਾ-ਪਿਤਾ ਪਹਿਲਾਂ ਹੀ ਇੱਕ ਦੂਜੇ ਦੇ ਰਿਸ਼ਤੇਦਾਰ ਬਣਨ ਨੂੰ ਤਿਆਰ ਸਨ ਤੇ ਬਸ ਬੱਚਿਆਂ ਦੇ ਮੂੰਹ ਵੱਲ ਹੀ ਦੇਖ ਰਹੇ ਸਨ, ਕਿ ਕੋਈ ਮੌਕਾ ਬਣੇ ਤਾਂ ਗੱਲ ਕਰੀਏ। ਇਨ੍ਹਾਂ ਦਿਨਾਂ ਵਿੱਚ ਹੀ ਨੀਤੂ ਦੇ ਮੰਮੀ ਦੀ ਇੱਕ ਦੋਸਤ ਦੇ ਬੇਟੇ ਦਾ ਰਿਸ਼ਤਾ ਨੀਤੂ ਲਈ ਆ ਗਿਆ, ਤਾਂ ਉਹਨਾਂ ਨੇ ਸਲਾਹ ਕਰਕੇ ਦੱਸਾਂਗੇ ਕਹਿ ਕੇ, ਨੀਤੂ ਦੇ ਪਿਤਾ ਜੀ ਨਾਲ ਗੱਲ ਕੀਤੀ। ਨੀਤੂ ਦੇ ਪਿਤਾ ਜੀ ਨੇ ਇੱਕ ਵਾਰ ਸਰਸਰੀ ਤੌਰ 'ਤੇ ਨੀਤੂ ਅਤੇ ਰਵੀ ਦੇ ਰਿਸ਼ਤੇ ਸਬੰਧੀ ਗੱਲ ਸਾਫ਼ ਕਰਨ ਲਈ, ਰਵੀ ਦੇ ਮਾਤਾ-ਪਿਤਾ ਤੱਕ ਪਹੁੰਚ ਕੀਤੀ। ਰਵੀ ਦੇ ਮਾਤਾ-ਪਿਤਾ ਨੇ ਉਨ੍ਹਾਂ ਨੂੰ ਇੱਕ ਦਮ ਹਾਂ ਕਹਿ ਦਿੱਤੀ ਅਤੇ ਜਲਦੀ ਹੀ ਦੋਹਾਂ ਬੱਚਿਆਂ ਨੂੰ ਸੱਦ ਕੇ ਇੱਕ-ਦੂਜੇ ਦੇ ਸਾਹਮਣੇ ਸਭ-ਕੁਝ ਸਾਫ਼ ਕਰਨ ਲਈ ਆਉਂਦੇ ਐਤਵਾਰ ਸ਼ਾਮੀਂ ਚਾਹ ਦੇ ਸਮੇਂ 'ਤੇ ਰਸਮੀਂ ਮੁਲਾਕਾਤ ਰੱਖ ਲਈ।

ਐਤਵਾਰ ਸ਼ਾਮੀਂ ਸਾਰੇ ਹੀ ਨੀਤੂ ਦੇ ਘਰ ਪੁੱਜ ਗਏ। ਸਾਰੇ ਬੈਠੇ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ ਕਿ, ਨੀਤੂ ਦੇ ਮੰਮੀ ਰਵੀ ਨੂੰ ਕਹਿਣ ਲੱਗੀ ਬੇਟਾ! ਨੀਤੂ ਲਈ ਰਿਸ਼ਤਾ ਆਇਆ ਹੈ, ਮੁੰਡਾ ਬਹੁਤ ਚੰਗਾ ਹੈ ਪੜ੍ਹਿਆ ਲਿਖਿਆ ਹੈ, ਤੇਰੇ ਵਰਗਾ ਹੀ ਹੈ, ਕਿਉਂ ਨਾ ਇਸ ਹਫ਼ਤੇ ਆਪਾਂ ਘਰ-ਬਾਹਰ ਵੇਖ ਆਈਏ ਤਾਂ ਨੀਤੂ ਇੱਕ ਦਮ ਉਠ ਖੜ੍ਹੀ, ਇਸ ਹਫ਼ਤੇ ਨਹੀਂ ਕਿਸੇ ਵੀ ਹਫ਼ਤੇ ਨਹੀਂ, ਬਲਕਿ ਕਿਸੇ ਸਾਲ ਵੀ ਨਹੀਂ, ਸਗੋਂ ਮੈਂ ਪੂਰੇ ਇਸ ਜਨਮ ਵਿੱਚ ਵੀ ਨਹੀਂ, ਕਿਸੇ ਨੇ ਕਿਤੇ ਕਿਸੇ ਨੂੰ ਵੇਖਣ ਨਹੀਂ ਜਾਣਾ, ਜਿਸ ਨੇ ਵੇਖਣਾ ਹੁਣੇ ਵੇਖੋ, ਇੱਥੇ ਹੀ ਵੇਖੋ ਤੇ ਨਾਲ ਹੀ ਰਵੀ ਨੂੰ ਕਹਿਣ ਲੱਗੀ ਤੁਸੀਂ ਕੁੱਝ ਬੋਲ ਕਿਉਂ ਨਹੀਂ ਰਹੇ, ਦੱਸੋ! ਹੁਣ ਸੱਭ ਨੂੰ ਕਿ ਅਸੀਂ ਇੱਕ ਦੂਜੇ ਬਿਨ੍ਹਾਂ ਨਹੀਂ ਰਹਿ ਸਕਦੇ ਅਤੇ ਸਾਡੀ ਸਾਰੀ ਜ਼ਿੰਦਗੀ ਇੱਕ ਦੂਜੇ ਨੂੰ ਸਮਰਪਤ ਹੈ। ਬੱਸ ਫਿਰ ਕੀ ਸੀ, ਦੋਹਾਂ ਪਰਵਾਰਾਂ ਦੇ ਚਿਹਰਿਆਂ 'ਤੇ ਖ਼ੁਸ਼ੀ ਝਲਕ ਪਈ ਤੇ ਰਵੀ ਨੇ ਵੀ ਆਪਣੇ ਅਤੇ ਨੀਤੂ ਦੇ ਮਾਤਾ ਪਿਤਾ ਨੂੰ ਸੰਬੋਧਨ ਕਰਦੇ ਹੋਏ ਇਸ ਰਿਸ਼ਤੇ ਦੀ ਦਿਲੋਂ ਹਾਮੀ ਭਰੀ।

ਪੜ੍ਹਾਈ ਖ਼ਤਮ ਹੁੰਦੇ ਹੀ ਦੋਹਾਂ ਦੇ ਵਿਆਹ ਦੀ ਤਰੀਕ ਮੁਕੱਰਰ ਕਰ ਦਿੱਤੀ ਗਈ। ਕਾਲਜ ਦਾ ਨਤੀਜਾ ਐਲਾਨਿਆ ਗਿਆ ਤਾਂ ਦੋਹੇਂ ਵਧੀਆਂ ਅੰਕਾਂ ਨਾਲ ਪਾਸ ਹੋਏ। ਦੋਹਾਂ ਨੂੰ ਕਾਲਜ ਵੱਲੋਂ ਪਲੇਸਮੈਂਟ ਲਈ ਵਧੀਆ ਨੌਕਰੀਆਂ ਦਾ ਮੌਕਾ ਦਿੱਤਾ ਗਿਆ ਪਰ ਦੋਹਾਂ ਨੇ ਠੁਕਰਾ ਦਿੱਤਾ ਅਤੇ ਆਪਣਾ ਕਾਰੋਬਾਰ ਸ਼ੁਰੂ ਕਰਨ ਦੀ ਗੱਲ ਕੀਤੀ। ਇਸੇ ਦੌਰਾਨ ਰਵੀ ਦੇ ਮਾਤਾ-ਪਿਤਾ ਨੇ ਸ਼ਹਿਰ ਤੋਂ ਬਾਅਦ ਇੱਕ ਵਧੀਆ ਕਲੋਨੀ ਕੱਟੀ ਅਤੇ ਨੀਤੂ ਦੇ ਨਾਂ 'ਤੇ ਉਸ ਦਾ ਨਾਂ ਰੱਖਿਆ।

ਮਹੀਨੇ ਦੇ ਆਖਰੀ ਐਤਵਾਰ ਉਸਦੇ ਉਦਘਾਟਨ ਦਾ ਦਿਨ ਸੀ। ਇਸੇ ਦਿਨ ਦੋਹਾਂ ਦੀ ਮੰਗਣੀ (ਅੰਗੇਜ਼ਮੈਂਟ) ਦੀ ਰਸਮ ਵੀ ਕੀਤੀ ਜਾਣੀ ਸੀ ਤਾਂ ਕਿ

ਕਲਾਸੀਕਲ ਜਿਹਾ ਮਾਹੌਲ ਤਿਆਰ ਕੀਤਾ ਜਾ ਰਿਹਾ ਸੀ। ਹਰ ਪਾਸੇ ਹਰਿਆਵਾਲ, ਪ੍ਰਾਕਿਰਤੀ ਨਾਲ ਪਿਆਰ ਪੈਦਾ ਕਰਦੇ ਹੋਏ ਦ੍ਰਿਸ਼ ਸਨ। ਇਹ ਵੀ ਪੱਕਾ ਸੀ ਕਿ ਕਲੋਨੀ ਵਿੱਚ ਕਿਸੇ ਵੀ ਪੁਰਾਤਨ ਦਰੱਖ਼ਤ ਨੂੰ ਨਹੀਂ ਕੱਟਿਆ ਜਾਏਗਾ ਅਤੇ ਜੇਕਰ ਮਜ਼ਬੂਰੀ ਵੱਸ ਕੱਟਣਾ ਪੈਂਦਾ ਹੈ ਤਾਂ ਬਦਲਵੀਂ ਥਾਂ 'ਤੇ ਸ਼ਿਫਟ ਕਰ ਦਿੱਤਾ ਜਾਏਗਾ।

ਉਦਘਾਟਨ ਵਾਲੇ ਦਿਨ ਸਾਰਾ ਪ੍ਰੋਗ੍ਰਾਮ ਸੋਚੇ ਅਨੁਸਾਰ ਹੋ ਰਿਹਾ ਸੀ। ਹਰ ਪਾਸੇ ਖ਼ੁਸ਼ੀ ਸੀ। ਰਵੀ, ਨੀਤੂ ਅਤੇ ਦੋਹਾਂ ਦੇ ਮਾਤਾ-ਪਿਤਾ ਸਟੇਜ ਤੇ ਸਨ। ਰਿੰਗ ਬਦਲਣ ਦਾ ਮੌਕਾ ਬਣ ਚੁੱਕਿਆ ਸੀ। ਹਰ ਕਿਸੇ ਦੀ ਨਜ਼ਰ ਸਟੇਜ 'ਤੇ ਸੀ। ਰਵੀ ਅਤੇ ਨੀਤੂ ਇੱਕ ਦੂਜੇ ਦੇ ਬਿਲਕੁਲ ਨੇੜੇ ਸਨ। ਮੌਸਮ ਵੀ ਕਰਵਟ ਬਦਲ ਚੁੱਕਿਆ ਸੀ। ਅਸਮਾਨ ਵਿੱਚ ਬੱਦਲਵਾਈ ਅਤੇ ਠੰਡੀ ਹਵਾ ਨੇ ਸ਼ਾਮ ਦੀ ਇਸ ਸਭਾ ਵਿੱਚ ਹੋਰ ਰੰਗੀਨੀ ਭਰ ਦਿੱਤੀ ਸੀ। ਡੀ.ਜੇ. ਤੇ ਰਵੀ ਦਾ ਮਨਪਸੰਦ ਗੀਤ 'ਯਹ ਸ਼ਾਮ ਮਸਤਾਨੀ, ਮਦਹੋਸ਼ ਕੀਏ ਜਾਏ। ਕੋਈ ਡੋਰ ਮੁਝੇ ਖੀਂਚੇ, ਤੇਰੀ ਔਰ ਲੀਏ ਜਾਏ' ਚੱਲ ਰਿਹਾ ਸੀ।

ਨੀਤੂ ਨੂੰ ਅੰਗੂਠੀ ਪਹਿਨਾਉਣ ਲੱਗੇ ਰਵੀ ਕਹਿਣ ਲੱਗਾ, 'ਅੱਜ ਇਹ ਡੋਰ ਸਾਨੂੰ ਇੱਕ ਦੂਜੇ ਨਾਲ ਹਮੇਸ਼ਾਂ ਜੋੜਨ ਜਾ ਰਹੀ ਹੈ, ਮੈਂ ਵਾਅਦਾ ਕਰਦਾ ਹਾਂ ਕਿ ਸੱਤ ਜਨਮਾਂ ਦੇ ਪਿਆਰ ਦਾ ਤਾਂ ਪਤਾ ਨਹੀਂ, ਪਰ ਸੱਤ ਜਨਮਾਂ ਜਿੰਨਾਂ ਪਿਆਰ ਤੈਨੂੰ ਇਸ ਜਨਮ ਵਿੱਚ ਜ਼ਰੂਰ ਦੇਵਾਂਗਾ। ਤੂੰ ਮੇਰਾ ਪਹਿਲਾ ਹੀ ਨਹੀਂ, ਆਖਰੀ ਪਿਆਰ ਵੀ ਹੈ। ਤੇਰੇ ਤੋਂ ਬਾਅਦ ਨਹੀਂ ਤੇਰੇ ਤੋਂ ਬਿਨ੍ਹਾਂ ਨਹੀਂ। ਨੀਤੂ ਦੀਆਂ ਅੱਖਾਂ ਤ੍ਰਿਪ ਤ੍ਰਿਪ ਵਹਿ ਤੁਰੀਆਂ, ਉਸਨੇ ਆਪਣਾ ਸੱਜਾ ਹੱਥ ਅੱਗੇ ਕੀਤਾ ਕਿ ਅਸਮਾਨ ਵਿੱਚ ਗੜਗੜਹਾਟ ਵੀ ਤੇਜ਼ ਹੋ ਗਈ ਅਤੇ ਇੱਕ ਚਮਕਦੀ ਅਸਮਾਨੀ ਬਿਜਲੀ ਟੈਂਟ ਨੂੰ ਚੀਰਦੀ ਹੋਈ, ਨੀਤੂ ਨੂੰ ਮੌਤ ਦੀ ਆਗੋਸ਼ ਵਿੱਚ ਸੁੱਟ ਕੇ ਗਾਇਬ ਹੋ ਗਈ। ਇਸ ਤੋਂ ਪਹਿਲਾਂ ਕਿ ਕੁੱਝ ਸਮਝ ਆਉਂਦਾ ਹਰ ਪਾਸੇ ਅਫ਼ਰਾ-ਤਫ਼ਰੀ ਮੱਚ ਗਈ। ਜੇ ਕੋਈ ਪੱਥਰ ਵਾਂਗ ਖੜ੍ਹਾ ਸੀ ਤਾਂ ਉਹ ਸੀ ਰਵੀ, ਤੇ ਗੀਤ ਦੇ ਬੋਲ ਚੱਲ ਰਹੇ ਸਨ, ਯਹ ਸ਼ਾਮ ਮਸਤਾਨੀ.....

***********

'ਕਿਸੇ ਦਾ ਭਲਾ ਸੋਚਣਾ ਚੰਗੀ ਗੱਲ ਹੈ, ਪਰ
ਭਲਾ ਕਰਨਾ ਸੱਭ ਤੋਂ ਚੰਗੀ ਗੱਲ ਹੈ।' - ਇਕਵਾਕ ਸਿੰਘ ਪੱਟੀ



ਅੱਜ ਫਿਰ ਰੱਬ ਬੜੀ ਨੇੜੇ ਪ੍ਰਤੀਤ ਹੋਇਆ, ਕਈ ਤਰ੍ਹਾਂ ਦੇ ਗਿਲੇ-ਸ਼ਿਕਵੇ ਮੁੜ ਉਸ ਨਾਲ ਕੀਤੇ। ਹਜ਼ਾਰ ਵਾਰ ਆਪਣਾ ਗੁਨਾਹ ਪੁੱਛਿਆ, ਕਦੀਂ ਖੁਦ ਨੂੰ ਗ਼ਲਤ ਸਾਬਤ ਕੀਤਾ, ਕਦੇ ਰੱਬ ਨੂੰ, ਤੇ ਕਦੇ ਇਹਨਾਂ ਘਟਨਾਵਾਂ ਦਾ ਭਾਂਡਾ ਅਖੌਤੀ ਸਮਾਜ ਦੇ ਸਿਰ ਭੰਨਿਆ। ਰੱਬ ਹਮੇਸ਼ਾਂ ਦੀ ਤਰ੍ਹਾਂ ਚੁੱਪ ਰਿਹਾ, ਨਾ ਕੁੱਝ ਬੋਲਿਆ ਨਾ ਕੁੱਝ ਕੀਤਾ। ਸਾਰੀ ਰਾਤ ਚਿੰਤਾ ਝੋਰੇ ਵਿੱਚ ਗੁਜ਼ਰ ਗਈ।

# ਸੁਪਨਾ



ਇਹ ਕੋਈ ਇੱਕ ਦਮ ਜਾਂ ਇੱਕ ਨਜ਼ਰ ਵਿੱਚ ਹੋਇਆ ਪਿਆਰ ਨਹੀਂ ਸੀ। ਮੈਂ ਉਸਨੂੰ ਬਚਪਨ ਤੋਂ ਦੇਖਦਾ ਆ ਰਿਹਾ ਸੀ, ਜਦ ਨਵਪ੍ਰੀਤ ਸਾਡੇ ਘਰ ਅਕਸਰ ਆਪਣੇ ਖਿਡੌਣੇ ਲੈ ਕੇ ਖੇਡਣ ਆਇਆ ਕਰਦੀ ਸੀ। ਬਚਪਨ ਵਿੱਚ ਮੈਂ ਵੀ ਉਹਨਾਂ ਦੇ ਘਰ ਚਲਿਆ ਜਾਂਦਾ। ਬੱਚਿਆਂ ਵਿੱਚ ਬੱਚੇ ਬਣ ਕੇ ਖੇਡਦੇ ਰਹਿਣਾ ਸ਼ਾਮਾਂ ਪੈਣੀਆਂ ਤਾਂ ਆਪੋ-ਆਪਣੇ ਘਰਾਂ ਨੂੰ ਚਲੇ ਜਾਣਾ।

ਸਮਾਂ ਕਦ ਖੜ੍ਹਿਆ? ਚਾਹੇ ਉਹ ਚੰਗਾ ਹੋਵੇ ਜਾਂ ਬੁਰਾ। ਆਖਰ ਬਚਪਨ ਵੀ ਮੁਕਦਾ ਗਿਆ, ਪੜ੍ਹਾਈਆਂ ਵੀ ਔਖੀਆਂ ਹੁੰਦੀਆਂ ਗਈਆਂ ਤੇ ਘਰ ਦੇ ਕੰਮ ਕਰਨ ਦੀਆਂ ਜਿੰਮੇਵਾਰੀਆਂ ਵੀ ਸਿਰ ਉੱਤੇ ਪੈਂਦੀਆਂ ਗਈਆਂ ਪਤਾ ਹੀ ਨਾ ਲੱਗਾ ਕਦ ਜਵਾਨੀ ਵਿੱਚ ਆ ਗਈ ਅਤੇ ਇੱਕ ਜਿੰਮੇਵਾਰ ਵਿਅਕਤੀ ਬਣ ਗਏ।

ਦੂਜੇ ਪਾਸੇ ਉਸਨੇ ਵੀ ਬਾਰਵ੍ਹੀਂ ਪਾਸ ਕਰ ਲਈ। ਉਹ ਤਿੰਨ ਭੈਣਾਂ ਸਨ ਤੇ ਇੱਕ ਵੱਡਾ ਭਰਾ ਸੀ। ਮੈਂ ਵੀ ਇੱਕ ਮੱਧ-ਵਰਗੀ ਪਰਿਵਾਰ ਨਾਲ ਸਬੰਧਿਤ ਸੀ ਤੇ ਉਹ ਵੀ। ਮੱਧ ਵਰਗ ਦੀਆਂ ਮੁਸ਼ਕਲਾਂ ਬਾਰੇ ਇੱਥੇ ਬਹੁਤਾ ਦੱਸਣ ਦੀ ਲੋੜ ਨਹੀਂ ਲੱਗਦੀ। ਮੈਂ ਵੀ ਕੋਈ ਕੰਮ ਲੱਭ ਕੇ ਘਰ ਦਾ ਖ਼ਰਚਾ ਚਲਾਉਣ ਲਈ ਯਤਨਸ਼ੀਲ਼ ਹੋਇਆ ਤੇ ਉਹ ਵੀ ਆਪਣੀਆਂ ਵੱਡੀਆਂ ਭੈਣਾਂ ਵਾਂਗ ਸਿਲਾਈ-ਕਢਾਈ ਦਾ ਕੰਮ ਘਰ ਵਿੱਚ ਕਰਨ ਲੱਗ ਪਈ।

ਹੁਣ ਸਾਡਾ ਇੱਕ ਦੂਜੇ ਦੇ ਘਰ ਆਉਣਾ-ਜਾਣਾ ਪ੍ਰਾਹੁਣਿਆਂ ਦੇ ਵਾਂਗ ਹੁੰਦਾ ਸੀ। ਇੱਕ ਦਿਨ ਬੈਠੇ-ਬੈਠੇ ਬਚਪਨ ਯਾਦ ਕਰਦਿਆਂ, ਜਵਾਨੀ ਦੀ ਆਮਦ ਅਤੇ ਹੋਰ ਗੱਲਾਂ ਕਰਦਿਆਂ ਸਾਨੂੰ ਅਹਿਸਾਸ ਹੋਇਆ ਕਿ ਸਾਡੇ ਵਿੱਚ ਕੋਈ ਹੋਰ ਰਿਸ਼ਤਾ ਵੀ ਜਨਮ ਲੈ ਰਿਹਾ ਹੈ ਜਾਂ ਲੈ ਚੁੱਕਾ ਸੀ। ਸ਼ਾਇਦ ਇਹ ਉਹੀ ਰਿਸ਼ਤਾ ਸੀ ਜਿਸਨੂੰ 'ਪਿਆਰ' ਕਿਹਾ ਜਾਂਦਾ ਹੈ। ਉਹ ਪਿਆਰ ਜਿਸ ਵਿੱਚ ਜਿਸਮਾਂ ਦੀ ਨਹੀਂ ਰੂਹਾਂ ਦੀ ਸਾਂਝ ਹੁੰਦੀ ਹੈ। ਜਿਸ ਵਿੱਚ ਇੱਕ ਦੂਜੇ ਪ੍ਰਤੀ ਫਰਜ਼ ਨਿਭਾਏ ਜਾਂਦੇ ਹਨ, ਜ਼ਿੰਮੇਵਾਰੀਆਂ ਨਿਭਾਈਆਂ ਜਾਂਦੀਆਂ ਹਨ, ਜਿਸ ਵਿੱਚ ਜ਼ਮਾਨੇ ਦਾ ਡਰ ਤੇ ਪਰਿਵਾਰ ਦਾ ਫਿਕਰ ਵੀ ਹੁੰਦਾ ਹੈ, ਜਿਸ ਵਿੱਚ ਬੇਪਰਵਾਹੀ, ਹੋ ਕੇ ਵੀ ਗੰਭੀਰਤਾ ਅਤੇ ਗੰਭੀਰ ਹੋ ਕੇ ਵੀ ਬੇਪਰਵਾਹੀ ਹੁੰਦੀ ਹੈ। ਜਿਸ ਵਿੱਚ ਕੋਮਲ ਅਹਿਸਾਸ, ਅਧੀਨਗੀ, ਸ਼ਰਮ, ਹਯਾ ਦੇ ਨਾਲ ਅਪਣੱਤ ਦੀ ਵੀ ਵਿਸ਼ੇਸ਼ ਥਾਂ ਹੁੰਦੀ ਹੈ।

ਸਮਾਂ ਬੀਤਣ ਦੇ ਨਾਲ-ਨਾਲ ਅਹਿਸਾਸ ਵੱਧਦਾ ਗਿਆ, ਇਸ ਰਿਸ਼ਤੇ ਵਿੱਚ ਗੰਭੀਰਤਾ ਆਉਂਦੀ ਗਈ, ਲਗਾਵ ਵਿੱਚ ਬੇਸ਼ੁਮਾਰ ਵਾਧਾ ਹੁੰਦਾ ਗਿਆ, ਬੇਚੈਨੀਆਂ ਵੱਧਦੀਆਂ ਗਈਆਂ, ਇੰਞ ਮਹਿਸੂਸ ਹੋਣ ਲੱਗ ਪਿਆ ਸ਼ਾਇਦ ਇੱਕ-ਦੂਜੇ ਦੇ ਬਿਨ੍ਹਾਂ ਜਿਊਣਾ ਹੁਣ ਦੁਸ਼ਵਾਰ ਬਣ ਜਾਵੇਗਾ। ਅਜਿਹੀਆਂ ਗੱਲਾਂ ਸੋਚਦੇ ਤਾਂ ਕਈ ਤਰ੍ਹਾਂ ਦੇ ਉਤਰਾਅ-ਚੜ੍ਹਾਅ ਸਾਹਮਣੇ ਨਜ਼ਰ ਆਉਂਦੇ। ਕਦੀ ਤਾਂ ਇੰਞ ਲੱਗਦਾ ਕਿ ਸੱਭ ਕੁੱਝ ਠੀਕ ਹੋ ਜਾਵੇਗਾ ਜ਼ਮਾਨਾ ਮਾਡਰਨ (ਅਗਾਂਹਵਧੂ) ਹੈ, ਪਰ ਦੂਜੇ ਹੀ ਪਲ ਇਵੇਂ ਮਹਿਸੂਸ ਹੁੰਦਾ ਕਿ ਜਿਵੇਂ ਸਮਾਜ ਨੇ ਬੱਸ ਕੁੰਞ ਬਦਲੀ ਹੈ, ਅੰਦਰੋਂ ਸੋਚ, ਸਮਝ, ਵਿਚਾਰ ਪੁਰਾਣੇ ਹੀ ਨੇ। ਸਿਰਫ ਕੱਪੜੇ, ਗੱਲਬਾਤ ਕਰਨ ਦਾ ਢੰਗ, ਰਹਿਣ-ਸਹਿਤ ਦਾ ਤਰੀਕਾ ਬਦਲਿਆ ਹੈ, ਪਰ ਸੋਚ ਉੱਤੇ ਅੱਜ ਵੀ ਪੁਰਾਣੇ ਰੀਤੀ-ਰਿਵਾਜ਼ਾਂ, ਪ੍ਰੰਪਰਾਵਾਂ, ਜਾਤ-ਪਾਤ, ਊਚ-ਨੀਚ ਦੀ ਗਰਦ ਪਹਿਲਾਂ ਵਾਂਗ ਹੀ ਜੰਮੀ ਹੋਈ ਹੈ।

ਮੈਨੂੰ ਹਮੇਸ਼ਾਂ ਰੱਬ 'ਤੇ ਵਿਸ਼ਵਾਸ਼ ਸੀ, ਉਹ ਮੇਰੇ ਤੋਂ ਵੀ ਵੱਧ ਰੱਬ ਨੂੰ ਮੰਨਦੀ ਸੀ। ਔਖੇ ਵੇਲੇ ਜਦੋਂ ਕੋਈ ਨੇੜੇ ਨਹੀਂ ਦਿੱਸਦਾ ਤਾਂ ਰੱਬ ਸੱਭ ਤੋਂ ਕਰੀਬ ਮਹਿਸੂਸ ਹੁੰਦਾ ਹੈ। ਸਿੱਧੀ ਗੱਲਬਾਤ ਰੱਬ ਨਾਲ ਇੰਞ ਹੁੰਦੀ ਹੈ ਜਿਵੇਂ ਉਹ ਵੀ ਸਾਡੇ ਹਾਣ ਦਾ ਹੋਵੇ ਤੇ ਅਸੀਂ ਉਸ ਕੋਲੋਂ ਮਦਦ ਮੰਗ ਰਹੇ ਹੋਈਏ।

ਉਹ ਸ਼ਹਿਰ ਦੇ ਇੱਕ ਪ੍ਰਾਈਵੇਟ ਸੈਕਟਰ ਵਿੱਚ ਨੌਕਰੀ ਕਰਨ ਲੱਗ ਪਈ। ਜਿਵੇਂ ਕਹਿੰਦੇ ਨੇ ਕੁੱਝ ਰਿਸ਼ਤੇ ਛੁਪਾਇਆਂ ਨਹੀਂ ਛਿੱਪਦੇ, ਇਸ ਲਈ ਅਸੀਂ ਦੋਹਾਂ ਨੇ ਇੱਕ ਦੂਜੇ ਦੇ ਘਰ ਆਉਣ-ਜਾਣਾ ਬਿਲਕੁਲ ਘਟਾ ਦਿੱਤਾ ਤਾਂ ਕਿ ਚਾਹ ਕੇ ਵੀ ਕਿਸੇ ਨੂੰ ਸਾਡੀ ਇਸ ਸਾਂਝ ਦਾ ਪਤਾ ਨਾ ਲੱਗ ਜਾਵੇ। ਨਾਲੇ ਜਦ ਦੀ ਉਹ ਨੌਕਰੀ ਕਰਨ ਲੱਗ ਪਈ ਸੀ ਘਰ ਘੱਟ ਹੀ ਰਹਿੰਦੀ ਅਤੇ ਸਿਲਾਈ ਕਢਾਈ ਵੀ ਉਸਨੇ ਛੱਡ ਦਿੱਤੀ। ਇਹਨਾਂ ਦਿਨਾਂ ਵਿੱਚ ਹੀ ਮੈਂ ਉਸਨੂੰ ਬਾਹਰ ਕਿਤੇ ਘੁੰਮਣ ਜਾਣ ਲਈ ਕਿਹਾ ਜਿੱਥੇ ਅਸੀਂ ਦੋਵੇਂ ਖ਼ੂਬ ਗੱਲਾਂ ਕਰ ਸਕੀਏ ਤੇ ਕੁੱਝ ਪਲ ਯਾਦਗਾਰ ਬਣਾ ਸਕੀਏ। ਉਸਨੇ ਆਉਂਦੇ ਸ਼ਨੀਵਾਰ ਦਾ ਦਿਨ ਮਿੱਥ ਲਿਆ ਤੇ ਦਫ਼ਤਰ ਤੋਂ ਆਗਊਂ ਛੁੱਟੀ ਲਈ ਅਰਜ਼ੀ ਵੀ ਦੇ ਦਿੱਤੀ।

ਆਖੀਰ ਸਹੀ ਸਮੇਂ 'ਤੇ ਅਸੀਂ ਬੱਸ ਸਟੈਂਡ ਮਿਲੇ ਤੇ ਉੱਥੋਂ ਸਿੱਧੇ ਕਿਸੇ ਆਲੀਸ਼ਾਨ ਹੋਟਲ, ਰੈਸਟੋਰੈਂਟ ਜਾਣ ਦੀ ਥਾਂ ਗੁਰਦੁਆਰਾ ਸਾਹਿਬ ਵਿਖੇ ਗਏ। ਕੜਾਹ ਪ੍ਰਸਾਦਿ ਕਰਵਾਇਆ। ਗੁਰੂ ਘਰ ਜਾ ਕੇ, ਪ੍ਰਮਾਤਮਾ ਦੀ ਗੋਦ ਵਿੱਚ ਬੈਠ ਕੇ ਕੀਰਤਨ ਸਰਵਣ ਕੀਤਾ, ਲੰਗਰ ਛਕਿਆ। ਪ੍ਰਭੂ ਚਰਨਾਂ ਵਿੱਚ ਅਰਦਾਸ ਕੀਤੀ ਆਪਣੀ ਮਿਹਰ ਆਪ ਹੀ ਕਰ ਦੇਣੀ ਜੀ। ਅਸੀਂ ਚਾਹੁੰਦੇ ਹਾਂ ਕਿ ਬਿਨ੍ਹਾਂ ਸਮਾਜ ਦੇ ਉੱਲਟ ਜਾਇਆਂ, ਮਾਤਾ-ਪਿਤਾ, ਸਾਕ ਸਬੰਧੀਆਂ ਅਤੇ ਰਿਸ਼ਤੇਦਾਰਾਂ ਦੇ ਸਹਿਯੋਗ ਨਾਲ ਸਾਡਾ ਕਾਰਜ ਸਫ਼ਲ ਹੋ ਸਕੇ। ਰੱਬ ਤੇ ਇੰਨਾ ਵਿਸ਼ਵਾਸ਼ ਰੱਖਿਆ, ਪੂਰੀ

ਉਮੀਦ ਨਾਲ ਵਾਪਸ ਆਪਣੇ ਘਰ ਨੂੰ ਚੱਲ ਪਏ। ਰਸਤੇ ਵਿੱਚ ਮੈਂ ਪ੍ਰੀਤ ਨੂੰ ਆਖਿਆ ਜੇ ਇੱਕ ਵਾਰ ਤੂੰ ਸਾਥ ਦੇਵੇਂ ਤਾਂ ਫਿਰ ਕਿਸੇ ਦਿਨ ਆਪਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜਾ ਕੇ ਆਈਏ।

ਉਸਨੇ ਵੀ ਹਾਮੀ ਭਰ ਦਿੱਤੀ। ਕਿ ਇੱਕ ਸਾਥ ਪ੍ਰਕਰਮਾ ਕਰਾਂਗੇ, ਫਿਰ ਅੰਦਰ ਜਾ ਕੇ ਇੱਕੋ ਵਾਰ ਦੋਵੇਂ ਸੀਸ ਝੁਕਾਅ ਕੇ ਗੁਰੂ ਚਰਨਾਂ ਵਿੱਚ ਅਰਦਾਸ ਕਰਾਂਗੇ ਕਿ ਉਹ ਸਾਡੇ ਤੇ ਕ੍ਰਿਪਾ ਕਰ ਦੇਵੇ। ਰੱਬ ਕੋਲੋਂ ਇੱਕ ਦੂਜੇ ਨੂੰ ਤੇ ਇੱਕ ਦੂਜੇ ਦੀਆਂ ਖੁਸ਼ੀਆਂ ਮੰਗਾਂਗੇ। ਰੱਬ ਜ਼ਰੂਰ ਸਾਡੀ ਝੋਲੀ ਭਰ ਦੇਵੇਗਾ। ਅਸੀਂ ਕਿਹੜਾ ਅਖੌਤੀ ਆਸ਼ਕਾਂ ਵਾਂਗ ਜਿਸਮਾਂ ਨੂੰ ਹੰਢਾਉਣ ਲਈ ਕਦੇ ਰੈਸਟੋਰੈਂਟਾਂ ਜਾਂ ਹੋਟਲਾਂ ਵਿੱਚ ਚੱਕਰ ਮਾਰੇ ਨੇ, ਸਿਰਫ਼ ਪਿਆਰ ਕੀਤਾ ਹੈ ਤਾਂ ਕਿ ਭਵਿੱਖ ਵਿੱਚ ਆਉਣ ਵਾਲੇ ਸਮੇਂ ਵਿੱਚ ਇਸੇ ਤਰ੍ਹਾਂ ਇੱਕ ਦੂਜੇ ਪ੍ਰਤੀ ਸੰਜੀਦਗੀ ਨਾਲ ਇੱਕ ਖੁਸ਼ੀਆਂ-ਖੇੜਿਆਂ ਭਰਿਆ ਪਰਿਵਾਰ, ਮਾਹੌਲ ਮਾਨੋ ਇੱਕ ਨਵੀਂ ਦੁਨੀਆਂ ਨਵਾਂ ਸੰਸਾਰ ਸਿਰਜ ਸਕੀਏ। ਮੈਂ ਵੀ ਹਰ ਗੱਲ ਤੇ ਹਾਂ ਕਹੀ ਗਿਆ। ਠੀਕ ਦਫ਼ਤਰ ਦੀ ਛੁੱਟੀ ਹੋਣ ਵੇਲੇ ਸਮੇਂ ਮੈਂ ਉਸ ਨੂੰ ਮੁੱਖ ਚੌਂਕ ਵਿੱਚ ਉਤਾਰ ਕੇ ਆਟੋ 'ਤੇ ਬਿਠਾ ਦਿੱਤਾ ਤੇ ਕਿਹਾ ਕੇ ਘਰ ਜਾ ਕੇ ਮੈਸਜ ਕਰ ਦੇਵੇ ਕਿ ਸੱਭ ਕੁੱਝ ਠੀਕ-ਠਾਕ ਰਿਹਾ ਤੇ ਮੈਂ ਆਪਣੇ ਘਰ ਨੂੰ ਚੱਲ ਪਿਆ।

ਠੀਕ ਅੱਧੇ ਘੰਟੇ ਬਾਅਦ ਪ੍ਰੀਤ ਦਾ ਫ਼ੋਨ ਆਇਆ ਅਤੇ ਉਹ ਉੱਚੀ-ਉੱਚੀ ਰੋ ਪਈ। ਉਸਨੇ ਦੱਸਿਆ ਕਿ ਗਲੀ ਦੀ ਇੱਕ ਔਰਤ ਨੇ ਉਹਨਾਂ ਨੂੰ ਦੇਖ ਲਿਆ ਸੀ ਤੇ ਉਸਨੇ ਘਰ ਆ ਕੇ ਬਹੁਤ ਕੁੱਝ ਵਧਾ-ਚੜ੍ਹਾਅ ਕੇ ਦੱਸਿਆ, ਜਿਸ ਕਰਕੇ ਪਾਪਾ ਨੇ ਮਗਰੋਂ ਜ਼ਹਿਰ ਖਾ ਲਿਆ ਅਤੇ ਹੁਣ ਪਾਪਾ ਹਸਪਤਾਲ ਨੇ। ਮੈਨੂੰ ਸੱਭ ਕੁੱਝ ਛੋਟੀ ਭੈਣ ਨੇ ਦੱਸਿਆ, ਹੁਣ ਕੀ ਹੋਵੇਗਾ? ਮੈਨੂੰ ਬਹੁਤ ਡਰ ਲੱਗ ਰਿਹਾ, ਮੈਂ ਕੀ ਕਰਾਂ? ਮੇਰੇ ਕਰਕੇ ਮੇਰੇ ਪਾਪਾ........ ਕਿ ਉਸਨੇ ਹੋਰ ਵੀ ਉੱਚੀ-ਉੱਚੀ ਰੋਣਾਂ ਸ਼ੁਰੂ ਕਰ ਦਿੱਤਾ। ਮੈਂ ਨਾ ਤਾਂ ਉਸਦੇ ਘਰ ਜਾ ਸਕਦਾ ਸੀ ਨਾ ਹੀ ਫ਼ੋਨ ਤੇ ਕੁੱਝ ਕਰ ਸਕਦਾ ਸੀ ਬੱਸ ਸੱਭ ਕੁੱਝ ਠੀਕ ਹੋ ਜਾਣ ਦਾ ਦਿਲਾਸਾ ਹੀ ਦੇ ਸਕਿਆ।

ਅੱਜ ਫਿਰ ਰੱਬ ਬੜੀ ਨੇੜੇ ਪ੍ਰਤੀਤ ਹੋਇਆ, ਕਈ ਤਰ੍ਹਾਂ ਦੇ ਗਿਲੇ-ਸ਼ਿਕਵੇ ਮੁੜ ਉਸ ਨਾਲ ਕੀਤੇ। ਹਜ਼ਾਰ ਵਾਰ ਆਪਣਾ ਗੁਨਾਹ ਪੁੱਛਿਆ, ਕਦੀਂ ਖੁਦ ਨੂੰ ਗਲਤ ਸਾਬਤ ਕੀਤਾ, ਕਦੇ ਰੱਬ ਨੂੰ, ਤੇ ਕਦੇ ਇਹਨਾਂ ਘਟਨਾਵਾਂ ਦਾ ਭਾਂਡਾ ਅਖੌਤੀ ਸਮਾਜ ਦੇ ਸਿਰ ਭੰਨਿਆ। ਰੱਬ ਹਮੇਸ਼ਾਂ ਦੀ ਤਰ੍ਹਾਂ ਚੁੱਪ ਰਿਹਾ, ਨਾ ਕੁੱਝ ਬੋਲਿਆ ਨਾ ਕੁੱਝ ਕੀਤਾ। ਸਾਰੀ ਰਾਤ ਚਿੰਤਾ ਝੋਰੇ ਵਿੱਚ ਗੁਜ਼ਰ ਗਈ।

ਅਗਲੀ ਸਵੇਰ ਉਸਦਾ ਫ਼ੋਨ ਲਗਾਇਆ ਤਾਂ ਸਵਿੱਚ ਆਫ਼ ਆ ਰਿਹਾ ਸੀ। ਉਸਦੇ ਦਫਤਰ ਜਾ ਕੇ ਪਤਾ ਕੀਤਾ ਤਾਂ ਉੱਥੇ ਵੀ ਨਹੀਂ ਗਈ। ਉਥੇ ਕੰਮ ਕਰਦੀ ਉਸਦੀ ਇੱਕ ਦੋਸਤ ਨੂੰ ਆਪਣਾ ਨੰਬਰ ਦੇ ਆਇਆ ਕੇ ਉਹ ਜਦ ਵੀ ਆਵੇ ਤਾਂ ਉਸਨੂੰ ਮੇਰਾ ਸੁਨੇਹਾ ਦੇ ਦੇਵੇ ਅਤੇ ਉਸਦਾ ਨੰਬਰ ਮੈਂ ਲੈ ਆਇਆ ਤਾਂ ਕਿ ਪ੍ਰੀਤ

ਬਾਰੇ ਕੁੱਝ ਪਤਾ ਲੱਗ ਸਕੇ।

ਠੀਕ ਤਿੰਨ ਹਫ਼ਤੇ ਬਾਅਦ ਦਫ਼ਤਰ ਤੋਂ ਉਸਦੀ ਦੋਸਤ ਦਾ ਫ਼ੋਨ ਆਇਆ ਕਿ ਅੱਜ ਪ੍ਰੀਤ ਦਾ ਵਿਆਹ ਹੈ, ਕਿੱਥੇ ਹੈ, ਕਿਸ ਨਾਲ ਹੈ ਇਹ ਸੱਭ ਕੁੱਝ ਪੁੱਛਣ ਦਾ ਹੁਣ ਕੋਈ ਫਾਇਦਾ ਨਹੀਂ ਹੈ, ਉਸਦੇ ਪਾਪਾ ਠੀਕ ਹਨ, ਹਸਪਤਾਲ ਤੋਂ ਅਗਲੇ ਦਿਨ ਹੀ ਛੁੱਟੀ ਮਿਲ ਗਈ ਸੀ। ਬੱਸ ਪ੍ਰੀਤ ਨੇ ਇਹੀ ਕਿਹਾ ਹੈ ਕਿ ਉਹ ਉਸਨੂੰ ਕਦੇ ਭੁਲ ਨਹੀਂ ਸਕੇਗੀ ਪਰ ਉਹ ਆਪਣੀ ਜ਼ਿੰਦਗੀ ਨੂੰ ਖਰਾਬ ਨਾ ਕਰੇ ਤੇ ਆਪਣਾ ਭਵਿੱਖ ਜ਼ਰੂਰ ਵਧੀਆ ਸੰਵਾਰ ਲਵੇ, ਸ਼ਾਇਦ ਰੱਬ ਨੂੰ ਇਹੀ ਮਨਜ਼ੂਰ ਹੈ।

ਪਰ ਉਹ ਆਪ ਗੱਲ ਕਰਦੀ ਤਾਂ ਸ਼ਾਇਦ ਇੱਕ ਵਾਰ ਉਸ ਨਾਲ ਆਪਣਾ ਸੁਪਨਾ ਦਰਬਾਰ ਸਾਹਿਬ ਜਾ ਕੇ ਇੱਕ ਵਾਰ ਰੱਬ ਕੋਲੋਂ ਇੱਕ ਦੂਜੇ ਨੂੰ ਮੰਗਣ ਦਾ ਪੂਰਾ ਕਰ ਲੈਂਦਾ ਪਰ ਇਹ ਸੁਪਨਾ ਹਮੇਸ਼ਾਂ ਲਈ ਅਧੂਰਾ ਰਹਿ ਗਿਆ। ਬੱਸ ਬੜੀ ਮੁਸ਼ਕਿਲ ਨਾਲ ਇੰਨਾ ਕੇ ਪਤਾ ਲੱਗ ਸਕਿਆ ਕਿ ਉਹ ਵਿਆਹ ਤੋਂ ਬਾਅਦ ਵਿਦੇਸ਼ ਚਲੀ ਗਈ ਹੈ, ਮੁੰਡਾ ਰਿਸ਼ਤੇਦਾਰੀ ਵਿੱਚੋਂ ਹੀ ਸੀ।

ਸ਼ਾਇਦ ਹੁਣ ਇਹ ਸੁਪਨਾ ਕਦੇ ਵੀ ਨਹੀਂ ਪੂਰਾ ਹੋਵੇਗਾ, ਹਮੇਸ਼ਾਂ ਇਸ ਤਰ੍ਹਾਂ ਹੀ ਸੋਚਦਾ ਸੀ ਪਰ ਅੱਜ ਠੀਕ 6 ਸਾਲ ਬਾਅਦ ਰੱਬ ਨੇ ਮੇਰਾ ਉਹ ਸੁਪਨਾ ਕੀਤਾ। ਦੋ ਮਹੀਨੇ ਪਹਿਲਾਂ ਦਿੱਲੀ ਗਿਆ ਸੀ ਉੱਥੇ ਇੱਕ ਮਾਲ ਵਿੱਚ ਖ਼ਰੀਦੋ-ਫਰੋਖਤ ਕਰ ਰਿਹਾ ਸੀ ਤਾਂ ਇੱਕ ਅਣਜਾਣੀ ਜਿਹੀ ਆਵਾਜ਼ ਆਈ, 'ਇਕਵਾਕ ਸਰ!'

ਪਿੱਛੇ ਮੁੜ ਕੇ ਦੇਖਿਆ ਤਾਂ ਪ੍ਰੀਤ, ਜਿਵੇਂ ਨਵੇਂ ਅਵਤਾਰ ਵਿੱਚ ਹੋਵੇ। ਪੰਜਾਬੀ ਸੂਟ ਦੀ ਥਾਂ ਨੇਵੀ ਬਲਿਯੂ ਰੰਗ ਦੀ ਜੀਨ-ਅਤੇ ਪਿਆਜ਼ੀ ਰੰਗ ਦੀ ਟੀ ਸ਼ਰਟ ਨੇ ਲੈ ਕਈ, ਲੰਬੀ ਗੁੱਤ ਹਮੇਸ਼ਾਂ ਦੀ ਤਰ੍ਹਾਂ ਗਲੇ ਦੇ ਖੱਬੇ ਪਾਸਿਉਂ ਘੁਮਾ ਕੇ ਅੱਗੇ ਕੀਤੀ ਹੋਈ, ਅੱਖਾਂ ਵਿਚਲੀ ਉਹੀ ਚਮਕ, ਗੋਰਾ ਰੰਗ, ਬਾਹਾਂ ਦੇ ਵਿੱਚ ਉਹੀ ਕੰਗਣ ਜੋ ਮੈਂ ਉਸਨੂੰ ਗੁਰਦੁਆਰਾ ਸਾਹਿਬ ਦੇ ਬਾਹਰ ਵਾਲੀ ਮਾਰਕੀਟ ਵਿੱਚੋਂ ਲੈ ਕੇ ਦਿੱਤਾ ਸੀ ਮੇਰੇ ਵੱਲ ਵੱਧਦੀ ਆ ਰਹੀ ਸੀ। ਮੈਂ ਇਕ ਦਮ ਬੁੱਤ ਬਣਿਆ ਖੜ੍ਹਿਆ ਸੀ, ਉਸਨੇ ਕੋਲ ਆ ਕੇ ਮੇਰੀਆਂ ਅੱਖਾਂ ਦੇ ਅੱਗੇ ਆਪਣੇ ਹੱਥ ਨੂੰ ਖੱਬੇ ਤੋਂ ਸੱਜੇ ਦੋ ਵਾਰ ਘੁਮਾ ਕੇ ਫਿਰ ਕਿਹਾ, 'ਹੈਲੋਅਅਅਅ ਸਰ!

ਮੈਂ ਬੱਸ ਇੰਨਾ ਹੀ ਕਹਿ ਸਕਿਆ, 'ਪ੍ਰੀਤ......'।

ਉਹ ਇਕਦਮ ਹੈਰਾਨੀ ਪ੍ਰਗਟ ਕਰਦਿਆਂ ਬੋਲੀ, 'ਵਾਅਅਔਔ, ਅਮੇਜ਼ਿੰਗ, ਹਾਉ ਯੂ ਨੋ ਮਾਈ ਨੇਮ? ਤੁਹਾਨੂੰ ਕਿੱਦਾਂ ਪਤਾ ਮੇਰਾ ਨਾਮ ਪ੍ਰੀਤ ਹੈ..?

ਮੈਂ ਇੱਕ ਦਮ ਜ਼ਰਾ ਸੁਚੇਤ ਜਿਹਾ ਹੋ ਕੇ ਸਵਾਲੀਆ ਜਿਹਾ ਬਣ ਕੇ ਬੋਲਿਆ, 'ਨਵਪ੍ਰੀਤ...?'

ਨਵਪ੍ਰੀਤ....., ਨਹੀਂ ਸਰ ਅਮਨਪ੍ਰੀਤ ਹੈ ਮੇਰਾ ਨਾਮ।

ਸਰ ਤੁਸੀਂ ਸਟੋਰੀ ਰਾਈਟਰ ਹੋ ਨਾ, ਮੈਂ ਤੁਹਾਡੀਆਂ ਕਿਤਾਬਾਂ ਪੜ੍ਹੀਆਂ ਨੇ, ਰੀਅਲੀ ਵੈਰੀ ਇੰਟਰਸਟਿੰਗ, ਸੁਪਰਬਬਬਬ...

ਮੈਂ ਕੁਝ ਵੀ ਸਮਝ ਨਹੀਂ ਪਾ ਰਿਹਾ ਸੀ ਤੇ ਨਾ ਹੀ ਕੁਝ ਬੋਲਣ ਦੀ ਹਿੰਮਤ ਪੈ ਰਹੀ ਸੀ। ਬਸ ਮੇਰੇ ਮੂੰਹ ਚੋਂ ਲਫਜ਼ 'ਹਾਂ' ਨਿਕਲਿਆ।

ਇੰਨੀ ਦੇਰ ਨੂੰ ਇੱਕ ਦੋ ਕੁੜੀਆਂ ਹੋਰ ਸਾਡੇ ਕੋਲ ਆ ਗਈਆਂ ਅਤੇ ਉਹਨਾਂ ਨਾਲ ਇੱਕ 40-45 ਸਾਲ ਦੀ ਔਰਤ ਵੀ ਸੀ। ਅਮਨਪ੍ਰੀਤ ਨੇ ਮੇਰੀ ਜਾਣ-ਪਹਿਚਾਣ ਉਹਨਾਂ ਨਾਲ ਕਰਵਾਈ ਕਿ ਮੇਰੀਆਂ ਚਚੇਰੀਆਂ ਭੈਣਾਂ ਹਨ ਤੇ ਇਹ ਮੇਰੇ ਮੰਮਾਂ ਨੇ। ਮੰਮਾ ਇਹ ਸਟੋਰੀ ਰਾਈਟਰ ਨੇ ਪੰਜਾਬ ਤੋਂ.. ਜਿਹਨਾਂ ਦੀਆਂ ਬੁਕਸ ਮੈਂ ਲੈ ਕੇ ਆਈ ਸੀ ਜਦ ਚੰਡੀਗੜ੍ਹ ਗਈ ਸੀ।

ਓ.ਕੇ. ਬੇਟਾ। ਕਹਿ ਕਿ ਉਸ ਔਰਤ ਨੇ ਮੈਨੂੰ ਸੰਬੋਧਨ ਹੁੰਦਿਆਂ ਕਿਹਾ, 'ਸਤਿ ਸ੍ਰੀ ਅਕਾਲ ਬੇਟਾ! ਕਦ ਆਏ ਹੋ ਦਿੱਲੀ?'

ਮੈਂ ਦੱਸਿਆ ਕਿ, 'ਕਿਸੇ ਨਿੱਜੀ ਕੰਮ ਲਈ ਆਇਆ ਸੀ ਅਤੇ ਕੱਲ੍ਹ ਸਵੇਰੇ ਵਾਪਸੀ ਹੈ।'

'...ਤਾਂ ਉਹ ਕਹਿਣ ਲੱਗੇ ਵਾਪਸੀ ਹੈ ਤਾਂ ਅੱਜ ਰਾਤ ਦਾ ਖਾਣਾ ਸਾਡੇ ਘਰ ਖਾਉ! ਅਸੀਂ ਸਾਰੇ ਇਕੱਠੇ ਬੈਠ ਕੇ ਗੱਲਾਂ-ਬਾਤਾਂ ਕਰਾਂਗੇ, ਅਸੀਂ ਵੀ ਬੜਾ ਮਿਸ ਕਰਦੇ ਹਾਂ ਪੰਜਾਬ ਨੂੰ, ਸਾਨੂੰ ਵੀ ਕੁੱਝ ਪੰਜਾਬ ਬਾਰੇ ਦੱਸਿਉ।'

ਇਸ ਤਰ੍ਹਾਂ ਹੋਰ ਰਸਮੀਂ ਗੱਲਬਾਤ ਕਰਕੇ ਅਸੀਂ ਵਿਦਾਈ ਲੈ ਲਈ। ਸ਼ਾਮ ਕੋਈ ਸੱਤ ਵਜੇ ਉਹਨਾਂ ਦੀ ਗੱਡੀ ਮੈਨੂੰ ਹੋਟਲ ਤੋਂ ਘਰ ਲਿਜਾਣ ਵਾਸਤੇ ਪੁੱਜ ਗਈ। ਰਸਤੇ ਵਿੱਚੋਂ ਮੈਂ ਅਮਨਪ੍ਰੀਤ ਲਈ ਇੱਕ ਚਾਕਲੇਟਸ ਦਾ ਡੱਬਾ ਖ੍ਰੀਦ ਲਿਆ, ਉਹੀ ਫਲੇਵਰ ਲਿਆ ਜੋ ਨਵਪ੍ਰੀਤ ਨੂੰ ਬਹੁਤ ਪਸੰਦ ਸੀ। ਆਖਰ ਉਹਨਾਂ ਦੇ ਘਰ ਪੁੱਜੇ ਤਾਂ ਅਮਨਪ੍ਰੀਤ ਨੇ ਫਿਰ ਹੈਰਾਨੀ ਭਰਿਆ ਪ੍ਰਭਾਵ ਦਿੰਦਿਆ ਕਿਹਾ, 'ਵਾਅਅਅਉ! ਅਮੇਜ਼ਿੰਗ ਤੁਹਾਨੂੰ ਕਿੱਦਾਂ ਪਤਾ ਲੱਗਾ ਮੈਨੂੰ ਇਹ ਵਾਲਾ ਫਲੇਵਰ ਪਸੰਦ ਹੈ?'

ਮੈਂ ਕੋਈ ਜੁਆਬ ਨਾ ਦਿੱਤਾ।

ਰਾਤ 10:00 ਵਜੇ ਮੈਂ ਵਿਦਾਈ ਲਈ ਅਤੇ ਉਸ ਪਰਿਵਾਰ ਨੂੰ ਕਦੇ ਪੰਜਾਬ ਆਉਣ ਤਾਂ ਮਿਲ ਕੇ ਜਾਣ ਲਈ ਸੱਦਾ ਦੇ ਆਇਆਂ। ਪਰ ਮੈਂ ਬਹੁਤ ਹੈਰਾਨ ਸੀ ਕਿ ਅਮਨਪ੍ਰੀਤ ਦੇ ਨੈਣ-ਨਕਸ਼, ਬੋਲਣ-ਚਾਲਣ ਦਾ ਢੰਗ, ਸੋਚਣ ਦੇਖਣ ਦਾ ਤਰੀਕਾ, ਗੁਤ ਨੂੰ ਅੱਗੇ ਹੀ ਕਿਉਂ ਰੱਖਦੀ ਹੈ ਇਹ ਸੱਭ ਕੁੱਝ ਨਵਪ੍ਰੀਤ ਨਾਲ ਕਿਵੇਂ ਮਿਲਦਾ ਹੈ? ਤੇ ਖ਼ਾਸ ਕਰਕੇ ਉਹ ਕੰਗਣ ਜੋ ਉਸਨੇ ਹੱਥ ਵਿਚ ਪਾਇਆ ਸੀ ਉਹ ਉਸਨੂੰ ਕਿੱਥੋਂ ਮਿਲਿਆ, ਪਰ ਬਹੁਤੀ ਗੱਲਬਾਤ ਨਾ ਕਰ ਸਕਿਆ ਨਾ ਹੀ ਨਵਪ੍ਰੀਤ ਬਾਰੇ ਕੁੱਝ ਦੱਸ ਸਕਿਆ।

ਮਹੀਨਾ ਗੁਜ਼ਰਿਆ ਤਾਂ ਅਮਨਪ੍ਰੀਤ ਦਾ ਫੋਨ ਆਇਆ ਕਿ ਉਹ ਅਗਲੇ ਹਫ਼ਤੇ ਅੰਮ੍ਰਿਤਸਰ ਦਰਬਾਰ ਸਾਹਿਬ ਆ ਰਹੀਆਂ ਹਨ, ਮੈਂ ਉਹਨਾਂ ਨੂੰ ਜ਼ਰੂਰ ਮਿਲਾਂ। ਉਹ ਚੰਡੀਗੜ੍ਹ ਠਹਿਰੀਆਂ ਉਥੋਂ ਉਹਨਾਂ ਨੂੰ ਗੱਡੀ ਵਿਚ ਬਿਠਾ ਕੇ ਮੈਂ ਅੰਮ੍ਰਿਤਸਰ ਲੈ ਗਿਆ ਰਸਤੇ ਵਿੱਚ ਕਾਫੀ ਗੱਲਾਂ ਅਮਨ ਨਾਲ ਕਰਨਾ ਚਾਹੁੰਦਾ ਸੀ, ਕੁੱਝ ਕੀਤੀਆਂ ਕੁੱਝ ਰਹਿ ਗਈਆਂ। ਇਸ ਵਾਰ ਮੈਂ ਹਿੰਮਤ ਕਰਕੇ ਉਸ ਕੰਗਣ ਦਾ ਰਾਜ ਪੁਛਿਆ ਜੋ ਉਸਦੇ ਹੱਥ ਵਿੱਚ ਸੀ ਤਾਂ ਉਸਨੇ ਦੱਸਿਆ ਕਿ ਇਹ 'ਲਵ-ਕੰਗਣ' ਹੈ। 'ਲਵ-ਕੰਗਣ' ਕੀ ਮਤਲਬ?' ਮੈਂ ਪੁਛਿਆ... !

ਤਾਂ ਉਸਨੇ ਦੱਸਣਾ ਸ਼ੁਰੂ ਕੀਤਾ ਕਿ ਮੈਂ 6 ਸਾਲ ਪਹਿਲਾਂ ਪੰਜਾਬ ਆਈ ਸੀ। ਇੱਥੇ ਮੇਰਾ ਐਕਸੀਡੈਂਟ ਹੋ ਗਿਆ ਸੀ, ਤਾਂ ਇੱਕ ਲੋਕਲ ਹਸਪਤਾਲ ਵਿੱਚ ਮੈਨੂੰ ਭਰਤੀ ਕੀਤਾ ਗਿਆ, ਉੱਥੇ ਕੋਈ ਬਜ਼ੁਰਗ ਸੀ ਜਿਸਦਾ ਇਲਾਜ ਚੱਲ ਰਿਹਾ ਸੀ, ਉਸਦੇ ਕੋਲ ਇੱਕ ਬੜੀ ਹੀ ਸੋਹਣੀ ਜਿਹੀ ਕੁੜੀ ਪਤਲੀ ਜਿਹੀ ਸ਼ਾਇਦ ਮੇਰੇ ਵਰਗੀ ਸੀ, ਮਤਲਬ ਮੇਰੀ ਕੁ ਉਮਰ ਦੀ ਹੀ ਹੋਣੀ ਆ, ਉਹ ਬੜਾ ਹੀ ਰੋ ਰਹੀ ਸੀ। ਮੇਰਾ ਬੈੱਡ ਵੀ ਕੋਲ ਸੀ। ਮੈਂ ਉਸਨੂੰ ਵੈਸੇ ਹੀ ਪੁੱਛ ਲਿਆ ਤਾਂ ਉਸਨੇ ਆਪਣੇ ਬਾਰੇ ਦੱਸਿਆ ਕਿ ਉਹ ਕਿਸੇ ਲੜਕੇ ਨਾਲ ਪਿਆਰ ਕਰਦੀ ਹੈ ਤੇ ਕੱਲ੍ਹ ਹੀ ਅਸੀਂ ਡੇਟ ਤੇ ਗਏ ਸੀ, ਪਰ ਸ਼ਾਇਦ ਹੁਣ ਮੈਂ ਉਸਨੂੰ ਕਦੀਂ ਨਾ ਮਿਲ ਸਕਾਂ। ਬੱਸ ਕੁੱਝ ਇਸੇ ਤਰ੍ਹਾਂ ਦੇ ਹਾਲਾਤ ਪੈਦਾ ਹੋ ਗਏ ਹਨ। ਉਸਨੇ ਇਹ ਕੰਗਣ ਮੈਨੂੰ ਆਪਣੀ ਬਾਂਹ ਵਿੱਚੋਂ ਲਾਹ ਕੇ ਦੇ ਦਿੱਤਾ ਤੇ ਕਿਹਾ ਕਿ ਇਸ ਨੂੰ ਸਾਂਭ ਕੇ ਰੱਖੀ, ਤੇਰੀ ਜ਼ਿੰਦਗੀ ਵਿੱਚ ਜੋ ਵੀ ਆਊਗਾ ਭਾਵੇਂ ਅਰੇਂਜ ਮੈਰੀਜ਼ ਜਾਂ ਲਵ ਮੈਰਿਜ਼ ਨਾਲ ਉਹ ਤੈਨੂੰ ਬਹੁਤ ਖੁਸ਼ ਰੱਖੇਗਾ। ਪਹਿਲਾਂ ਤਾਂ ਮੈਂ ਇਸਨੂੰ ਪਰਸ 'ਚ ਰੱਖ ਛੱਡਿਆ ਪਰ ਫਿਰ ਬਾਂਹ ਵਿੱਚ ਪਾ ਲਿਆ, ਉਸ ਦਿਨ ਦਾ ਇਹ ਮੇਰੇ ਕੋਲ ਹੈ।'

ਮੈਂ ਇੰਨੀ ਵੱਡੀ ਬੇਵਕੂਫ ਹਾਂ ਕਿ ਨਾ ਤਾਂ ਕੁੜੀ ਦਾ ਨਾਮ ਪੁੱਛਿਆ ਨਾ ਉਸਦਾ ਕੋਈ ਸੰਪਰਕ ਨਾ ਪਤਾ ਤੇ ਨਾ ਹੀ ਉਸ ਦੇ ਬੁਆਏ ਫ੍ਰੈਂਡ ਦਾ ਨਾਮ ਪੁੱਛਿਆ.. ਇੰਨੇ ਚਿਰ ਵਿੱਚ ਸਾਡੀ ਪ੍ਰਕਰਮਾ ਪੂਰੀ ਹੋ ਗਈ ਤੇ ਅਸੀਂ ਦਰਬਾਰ ਸਾਹਿਬ ਦੇ ਪੁੱਲ ਤੇ ਭੀੜ ਵਿੱਚ ਖੜ੍ਹੇ ਸੀ, ਉਹ ਬਿਲਕੁਲ ਮੇਰੇ ਨਾਲ ਖੜ੍ਹੀ ਸੀ ਤੇ ਭੀੜ ਵਿੱਚ ਕੰਗਣ ਵਾਲੇ ਹੱਥ ਨਾਲ ਮੇਰੀ ਬਾਂਹ ਨੂੰ ਫੜ੍ਹਿਆ ਹੋਇਆ ਸੀ। ਨਵਪ੍ਰੀਤ ਦੀ ਥਾਂ ਨਵਪ੍ਰੀਤ ਵਰਗੀ ਅਮਨਪ੍ਰੀਤ, ਮੈਨੂੰ ਕੁੱਝ ਵੀ ਸਮਝ ਨਹੀਂ ਸੀ ਆ ਰਹੀ ਕਿ ਇਹ ਰੱਬ ਦੀ ਕੈਸੀ ਖੇਡ ਹੈ..? ਆਫ਼ਰ ਸਾਡੀ ਵਾਰੀ ਆਈ ਅਸੀਂ ਦੋਹਾਂ ਨੇ ਇੱਕ ਸਾਥ ਸਿਰ ਝੁਕਾਇਆ ਤੇ ਮੇਰੇ ਮੂੰਹੋਂ ਅਰਦਾਸ ਨਿਕਲੀ ਹੇ ਵਾਹਿਗੁਰੂ! ਇਸ ਕੁੜੀ ਨੂੰ ਉਹ ਸਾਰੀਆਂ ਖੁਸ਼ੀਆਂ ਦੇਵੀਂ ਜੋ ਮੈਂ ਤੇਰੇ ਦਰ 'ਤੇ ਆ ਕੇ ਨਵਪ੍ਰੀਤ ਲਈ ਮੰਗਣੀਆਂ ਸੀ, ਇਹ ਵੀ ਉਸਦਾ ਹੀ ਰੂਪ ਲੱਗਦੀ ਹੈ, ਤੇ ਜਿੱਥੇ ਕਿਤੇ ਨਵਪ੍ਰੀਤ ਰਹਿੰਦੀ ਹੋਵੇ ਉਹ ਵੀ ਸੁੱਖ ਮਾਣਦੀ ਹੋਵੇ। ਮੱਥਾ ਟੇਕ ਉਪਰ ਉੱਠੇ ਤਾਂ ਅਮਨਪ੍ਰੀਤ ਮੇਰੇ ਸੱਜੇ ਪਾਸੇ ਤੇ

ਨਵਪ੍ਰੀਤ ਮੇਰੇ ਖੱਬੇ ਪਾਸੇ ਖੜ੍ਹੀ ਸੀ।

ਬਾਹਰ ਨਿਕਲੇ ਤਾਂ ਅਮਨ ਹਰਿ ਕੀ ਪਉੜੀ ਤੋਂ ਚੂਲਾ ਲੈਣ ਚਲੀ ਗਈ । ਉਸੇ ਵੇਲੇ ਨਵਪ੍ਰੀਤ ਨੇ ਵੀ ਬੁਲਾ ਹੀ ਲਿਆ ਆਪਣੀ ਛੋਟੀ ਜਿਹੀ ਬੇਟੀ ਤੇ ਆਪਣੇ ਹਮਸਫ਼ਰ ਨਾਲ ਮਿਲਵਾਇਆ ਤੇ ਕਹਿਣ ਲੱਗੀ, ਸੁਪਨਾ ਪੂਰਾ ਹੋ ਗਿਆ? ਮੈਂ ਬਸ ਇੰਨਾ ਹੀ ਕਹਿ ਸਕਿਆ, 'ਹਾਂ !'

ਫਿਰ ਮੈਂ ਅਮਨਪ੍ਰੀਤ ਨੂੰ ਦਿੱਲੀ ਲਈ ਵਿਦਾ ਕਰ ਦਿੱਤਾ ਤੇ ਨਵਪ੍ਰੀਤ ਮੁੜ ਆਪਣੇ ਸਫ਼ਰ ਨੂੰ ਚਲੀ ਗਈ।

***********

'ਲੋਕ ਕੀ ਕਹਿਣਗੇ? ਕੀ ਸੋਚਣਗੇ?
ਇਹ ਛੱਡ ਕੇ, ਤੁਸੀਂ ਕੀ ਕਰਨਾ ਹੈ? ਕਿਉਂ ਕਰਨਾ ਹੈ?
ਸੋਚੋਗੇ ਤਾਂ ਕੁੱਝ ਬਣ ਜਾਓਗੇ।' – ਇਕਵਾਕ ਸਿੰਘ ਪੱਟੀ



ਮਾਂ! ਮੇਰੇ ਆੜੀ ਨੂੰ ਕੁੱਝ ਪੁਲਿਸ ਵਾਲੇ ਚੁੱਕ ਕੇ ਲੈ ਗਏ, ਮੈਂ ਵੀ ਉਸਦੇ ਨਾਲ ਸੀ, ਪਰ ਚੰਗੀ ਕਿਸਮਤ ਮੈਂ ਪਿਸ਼ਾਬ ਕਰਨ ਵਾਸਤੇ ਥੱਲੇ ਖੱਡ 'ਚ ਉਤਰਿਆ ਸੀ ਕਿ ਉਸਨੂੰ ਇਕੱਲਿਆਂ ਖੜ੍ਹੇ ਵੇਖ ਕੇ ਕੁੱਝ ਪੁਲਿਸ ਵਾਲਿਆਂ ਨੇ ਪਹਿਲਾਂ ਉਸ ਦੀ ਪੱਗ ਉਤਾਰ ਕੇ ਫੂਕ ਦਿੱਤੀ, ਫਿਰ ਜਬਰੀਂ ਸਿਗਰਟ ਉਸਦੇ ਮੂੰਹ ਵਿੱਚ ਤੁੰਨੀ ਤੇ ਫਿਰ ਉਸਦੇ ਢਿੱਡ ਵਿੱਚ ਲੱਤਾਂ ਮਾਰੀਆਂ । ਜਦ ਉਹ ਡਿੱਗ ਗਿਆ ਤਾਂ ਉਸਦੀ ਅਣਖ ਉਸਦੇ ਕੇਸਾਂ ਨੂੰ ਕੁੱਝ ਪੁਲਸੀਆਂ ਨੇ ਪੈਰਾਂ ਵਿੱਚ ਰੋਲਿਆ ।

# ਉਮੀਦ



ਕਈ ਸਾਲ ਹੋ ਚੱਲੇ ਨੇ, ਕਿ ਗੁਰਮੁੱਖ ਸਿੰਘ ਦੀ ਮਾਂ ਨੂੰ ਅਜੇ ਤੱਕ ਇਹ ਸਮਝ ਨਹੀਂ ਆ ਰਹੀ ਹੈ ਕਿ ਉਸਦਾ ਪੁੱਤਰ ਜਿਉਂਦਾ ਹੈ ਜਾਂ ਮਰ ਚੁੱਕਾ ਹੈ। ਜੇ ਮਰ ਚੁੱਕਾ ਹੈ ਤਾਂ ਉਸਦਾ ਮੌਤ ਦਾ ਸਰਟੀਫਿਕੇਟ ਉਸ ਨੂੰ ਮਿਲ ਜਾਵੇ, ਜੇ ਜਿਉਂਦਾ ਹੈ ਤਾਂ ਕਿੱਥੇ ਹੈ? ਸ਼ਾਇਦ ਇਸ ਰਹੱਸ ਨੂੰ ਸਮਝਣ ਦੀ ਕੋਸ਼ਿਸ਼ ਕਰਨ ਵਿੱਚ ਲੱਗੀ ਦਾ ਦਿਮਾਗ ਅੱਧੇ ਤੋਂ ਵੱਧ ਪਾਗਲ ਹੋ ਚੁੱਕਾ ਸੀ। ਕਦੇ ਪੁੱਤ ਦੇ ਜਿਉਂਦੇ ਹੋਣ ਦੀ ਆਸ ਤੇ ਕਦੇ ਉਸਦੀ ਮੌਤ ਦਾ ਦੁੱਖ।

ਕਈ ਤਰ੍ਹਾਂ ਦੇ ਲੋਕ ਆਉਂਦੇ ਨੇ, ਗੁਰਮੀਤ ਕੌਰ ਨੂੰ ਦਿਲਾਸਾ ਦਿੰਦੇ ਨੇ, ਹੌਸਲਾ ਦਿੰਦੇ ਨੇ, ਕਈ ਵਾਰ ਘਰ ਦੀ ਚੌਂਦੀ ਛੱਤ, ਆਟੇ ਤੋਂ ਬਿਨ੍ਹਾਂ ਆਟੇ ਵਾਲਾ ਡਰੰਮ, ਤੇ ਅੱਗ ਤੋਂ ਬਿਨ੍ਹਾਂ ਚੁੱਲ੍ਹੇ ਨੂੰ ਦੇਖ ਕੇ ਕੁੱਝ ਨਗਦੀ ਵੀ ਦੇ ਜਾਂਦੇ ਨੇ। ਪਰ ਮਾਂ ਦੇ ਸਾਹਮਣੇ ਕੋਈ ਵੀ ਚੀਜ਼ ਉਸਦੇ ਪੁੱਤ ਦੇ ਬਰਾਬਰ ਨਹੀਂ ਖੜ੍ਹ ਸਕਦੀ। ਇਸੇ ਗ਼ਮ ਵਿੱਚ ਥਾਣੇ, ਕਚਹਿਰੀਆਂ, ਵਕੀਲਾਂ ਦੇ ਚੱਕਰ ਕੱਟਦਾ-ਕੱਟਦਾ ਗੁਰਮੁੱਖ ਦਾ ਬਾਪ ਭੁੱਖ ਨਾਲ ਤੜਫਦਾ ਅਤੇ ਪਾਣੀ ਤੋਂ ਪਿਆਸਾ ਇਸ ਜਹਾਨੋਂ ਤੁਰ ਗਿਆ। ਹੱਥੀਂ ਪਾਲੇ-ਪੋਸੇ, ਵੱਡੇ ਕੀਤੇ, ਜਵਾਨ ਗੱਭਰੂ ਪੁੱਤ ਨੂੰ ਇੱਕ ਵਾਰ ਮਿਲਣ ਦੀ ਆਸ ਵਿੱਚ, ਮਿਲਣ ਤੋਂ ਪਹਿਲਾਂ ਹੀ ਇਸ ਸੰਸਾਰ ਤੋਂ ਕੂਚ ਕਰ ਗਿਆ। ਕਿਸਮਤ ਦੀ ਮਾਰ ਐਸੀ ਕਿ ਮਰਨ ਤੋਂ ਬਾਅਦ ਵੀ ਪੁੱਤ ਦਾ ਮੋਢਾ ਨਸੀਬ ਨਾ ਹੋਇਆ।

ਅੱਜ ਸ਼ਾਮੀਂ ਪਿੰਡ ਦੇ ਪਿੰਡ ਦੇ ਮੁਹਤਬਰ ਸ.ਬੰਤਾ ਸਿੰਘ ਨੇ ਨੇ ਗੁਰਮੀਤ ਕੌਰ ਨੂੰ ਦੱਸਿਆ ਕਿ ਫਲਾਣੇ ਪਿੰਡ ਦੀ ਜੇਲ੍ਹ ਵਿੱਚ ਸਫ਼ਾਈ ਵਾਸਤੇ ਇੱਕ ਔਰਤ ਦੀ ਲੋੜ ਹੈ, ਤੂੰ ਚਲੀ ਜਾ, ਪੁਲਿਸ ਵਾਲਿਆਂ ਨਾਲ ਨੇੜਤਾ ਹੋਵੇਗੀ ਤਾਂ ਹੋ ਸਕਦਾ ਤੇਰੇ ਪੁੱਤ ਦਾ ਕੋਈ ਥਹੁ-ਪਤਾ ਲੱਗ ਜਾਵੇ।

ਪਰ ਗੁਰਮੀਤ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਕਿਸੇ ਨੇ ਉਸਦੀ ਦੁਖਦੀ ਰਗ ਉੱਤੇ ਹੱਥ ਧਰ ਦਿੱਤਾ ਹੋਵੇ, ਕਿਉਂਕਿ ਪੁਲਿਸ ਦੇ ਨਾਮ ਅਤੇ ਵਰਦੀ ਤੋਂ ਹੀ ਉਸਨੂੰ ਨਫ਼ਰਤ ਹੋ ਚੁੱਕੀ ਸੀ। ਇੱਕ ਦਮ ਉਹ ਯਾਦਾਂ ਦੀ ਪਿਟਾਰੀ ਵਿੱਚ ਜਾ ਵੜੀ, ਜਦੋਂ ਉਹ ਭਿਆਨਕ ਸਮਾਂ ਸੀ, ਜਦ ਸਰਕਾਰਾਂ, ਜ਼ਾਲਮਾਂ ਦਾ ਰੂਪ ਧਾਰਨ ਕਰ ਗਈਆਂ ਸਨ। ਫ਼ੌਜੀਆਂ ਅਤੇ ਪੁਲਿਸ ਵਾਲਿਆਂ ਵਿੱਚ ਮੀਰ ਮੰਨੂ, ਜ਼ਕਰੀਆ ਖਾਨ, ਯਹੀਆ ਖਾਨ, ਸੂਬਾ ਸਰਹੰਦ ਦੀਆਂ ਰੂਹਾਂ ਪ੍ਰਵੇਸ਼ ਕਰ ਗਈਆਂ ਸਨ। ਕਿਵੇਂ ਘਰਾਂ

ਵਿੱਚੋਂ ਚੁਣ ਚੁਣ ਕੇ ਸਿੱਖ ਦਿੱਖ ਵਾਲੇ ਹਰ ਬੱਚੇ, ਨੌਜਵਾਨ ਅਤੇ ਬਜੁਰਗਾਂ ਨੂੰ ਕਤਲ ਕੀਤਾ ਜਾਂਦਾ ਰਿਹਾ, ਕਿਵੇਂ ਪੂਰੇ ਪੰਜਾਬ ਦੀਆਂ ਨਹਿਰਾਂ ਸਿੱਖਾਂ ਦੀਆਂ ਲਾਸ਼ਾਂ ਨਾਲ ਭਰ ਗਈਆਂ ਸਨ। ਕਿਵੇਂ ਇਹ ਰਾਜ ਸੱਤਾ ਅਤੇ ਕੁਰਸੀ ਦੀ ਹਵਸ ਵਿੱਚ ਚਿੱਟੇ ਦਿਨ ਵੇਲੇ ਵੀ ਕੁਕਰਮ ਕਰਨੋਂ ਨਹੀਂ ਡਰਦੇ ਸਨ। ਕਿਸ ਤਰ੍ਹਾਂ ਸਿੱਖਾਂ ਦੇ ਹੱਥ ਪਿੱਛੇ ਬੰਨ੍ਹ ਕੇ ਇੱਕ ਦੂਜੇ ਉੱਤੇ ਸੁੱਟ ਕੇ, ਜਿਉਂਦੇ ਵਿਅਕਤੀਆਂ ਦਾ ਢੇਰ ਬਣਾ ਕੇ ਉਸ ਉੱਪਰ ਮਿੱਟੀ ਦਾ ਤੇਲ ਛਿੜਕ ਕੇ ਅੱਗ ਲਗਾ ਦਿੱਤੀ ਜਾਂਦੀ ਸੀ। ਅਣਪਛਾਤੀਆਂ ਲਾਸ਼ਾਂ ਦੇ ਨਾਮ ਤੇ ਕਈ ਕਈ ਦੇਹਾਂ ਦਾ ਸੰਸਕਾਰ ਇੱਕੋਂ ਸਿਵੇ ਉੱਤੇ ਹੀ ਕਰ ਦਿੱਤਾ ਜਾਂਦਾ ਸੀ।

ਇਸੇ ਤਰ੍ਹਾਂ ਇੱਕ ਦਿਨ ਗੁਰਮੁੱਖ ਨੇ ਦੱਸਿਆ ਸੀ, ਮਾਂ! ਮੇਰੇ ਆੜੀ ਨੂੰ ਕੁੱਝ ਪੁਲਿਸ ਵਾਲੇ ਚੁੱਕ ਕੇ ਲੈ ਗਏ, ਮੈਂ ਵੀ ਉਸਦੇ ਨਾਲ ਸੀ, ਪਰ ਚੰਗੀ ਕਿਸਮਤ ਮੈਂ ਪਿਸ਼ਾਬ ਕਰਨ ਵਾਸਤੇ ਥੱਲੇ ਖੱਡ 'ਚ ਉਤਰਿਆ ਸੀ ਕਿ ਉਸਨੂੰ ਇਕੱਲਿਆਂ ਖੜ੍ਹੇ ਵੇਖ ਕੇ ਕੁੱਝ ਪੁਲਿਸ ਵਾਲਿਆਂ ਨੇ ਪਹਿਲਾਂ ਉਸ ਦੀ ਪੱਗ ਉਤਾਰ ਕੇ ਫੂਕ ਦਿੱਤੀ, ਫਿਰ ਜਬਰੀਂ ਸਿਗਰਟ ਉਸਦੇ ਮੂੰਹ ਵਿੱਚ ਤੁੰਨੀ ਤੇ ਫਿਰ ਉਸਦੇ ਢਿੱਡ ਵਿੱਚ ਲੱਤਾਂ ਮਾਰੀਆਂ। ਜਦ ਉਹ ਡਿੱਗ ਗਿਆ ਤਾਂ ਉਸਦੀ ਅਣਖ ਉਸਦੇ ਕੇਸਾਂ ਨੂੰ ਕੁੱਝ ਪੁਲਸੀਆਂ ਨੇ ਪੈਰਾਂ ਵਿੱਚ ਰੋਲਿਆ। ਉਸਨੇ ਬੜਾ ਜ਼ੋਰ ਲਾਇਆ ਕਿ ਉਹ ਪੁਲਸੀਆਂ ਦਾ ਮੁਕਾਬਲਾ ਕਰੇ, ਪਰ ਉਸਦੇ ਹੱਥ ਅਤੇ ਉਸਦੀਆਂ ਲੱਤਾਂ ਰੱਸੀ ਨਾਲ ਬੰਨ੍ਹ ਦਿੱਤੀਆਂ ਗਈਆਂ ਸੀ। ਮੈਂ ਚੋਰੀ ਛੁੱਪੇ ਵੇਖਣ ਤੋਂ ਬਿਨ੍ਹਾਂ ਹੋਰ ਕੁੱਝ ਨਹੀਂ ਸੀ ਕਰ ਸਕਦਾ। ਫਿਰ ਉਸਦੇ ਢਿੱਡ ਵਿੱਚ ਗੋਲੀਆਂ ਮਾਰ ਕੇ ਮੇਰੀਆਂ ਅੱਖਾਂ ਦੇ ਸਾਹਮਣੇ ਮੇਰ ਆੜੀ ਨੂੰ ਮਾਰ ਦਿੱਤਾ ਤੇ ਉਸਦੇ ਕੋਲ ਕੁੱਝ ਬੰਦੂਕਾਂ ਤੇ ਰਿਵਾਲਰ ਸੁੱਟ ਦਿੱਤੇ।

ਇੰਨੇ ਨੂੰ ਇੱਕ ਵੱਡਾ ਅਫਸਰ ਆ ਗਿਆ, ਉਸਨੇ ਪੁੱਛਿਆ ਇਹ ਤੁਸੀਂ ਕੀ ਕੀਤਾ? ਤਾਂ ਸਾਰੇ ਖਾਕੀ ਵਰਦੀਆਂ ਵਾਲਿਆਂ ਨੇ ਕਿਹਾ, 'ਜਨਾਬ! ਓਹੀ ਅੱਤਵਾਦੀ ਸੀ, ਪਹਿਲਾਂ ਇਸਨੇ ਹਮਲਾ ਕੀਤਾ ਤੇ ਜੁਆਬੀ ਕਾਰਵਾਈ ਵਿੱਚ ਮਾਰਿਆ ਗਿਆ।'

ਮਾਂ! ਮੈਂ ਕੁੱਝ ਨਹੀਂ ਕਰ ਸਕਿਆ ਤੇ ਉਥੋਂ ਦੌੜ ਕੇ ਇੱਥੇ ਆ ਗਿਆ। ਰਸਤੇ ਵਿੱਚ ਮੇਰਾ ਦਿਲ ਕਰੇ ਕਿ ਇਹਨਾਂ ਕੇਸਾਂ ਨੂੰ ਕਟਾ ਦੇਵਾਂ, ਕੜਾ ਲਾਹ ਕੇ ਸੁੱਟ ਦੇਵਾਂ, ਪਰ ਮੈਨੂੰ ਛੋਟੇ ਅਤੇ ਵੱਡੇ ਸਾਹਿਬਜ਼ਾਦੇ ਆ ਮਿਲੇ।

ਸ਼ਾਬਾਸ਼ ਪੁੱਤ! ਅਸੀਂ ਉਸ ਮਹਾਨ ਗੁਰੂ ਦੇ ਬੱਚੇ-ਬੱਚੀਆਂ ਹਾਂ, ਜਿਸਨੇ ਸਾਡੇ ਲਈ ਆਪਣਾ ਸਰਬੰਸ ਵਾਰ ਦਿੱਤਾ ਸੀ ਅਤੇ ਸਾਨੂੰ ਆਪਣੇ ਪੁੱਤਰਾਂ ਜਿੰਨਾ ਮਾਣ ਬਖਸ਼ਿਆ ਸੀ।

ਦੋਹਾਂ ਮਾਂ-ਬੇਟੇ ਦੀਆਂ ਗੱਲਾਂ ਚੱਲ ਰਹੀਆਂ ਸਨ ਕਿ ਬਾਹਰੋਂ ਦਰਵਾਜ਼ਾ

ਖੜਕਣ ਦੀ ਆਵਾਜ਼ ਆਈ। ਦਰਵਾਜ਼ਾ ਖੋਲ੍ਹਿਆ ਤੇ ਪੁਲਿਸ ਵਾਲਿਆਂ ਦੀ ਭੀੜ ਘਰ ਵਿੱਚ ਦਾਖ਼ਲ ਹੋਈ। ਇੱਕ ਅਫ਼ਸਰ ਬੋਲਿਆ! 'ਨੀ ਬੁੜੀਏ, ਗੁਰਮੁੱਖ ਕਿੱਥੇ ਹੈ? ਉਸਨੂੰ ਸਮਝਾ ਕੇ ਰੱਖ, ਸਾਨੂੰ ਖ਼ਬਰ ਮਿਲੀ ਹੈ ਕਿ ਉਸਦਾ ਖਾੜਕੂਆਂ ਨਾਲ ਉੱਠਣਾ ਬੈਠਣਾ ਹੈ, ਵੇਖੀਂ ਕਿਤੇ ਇਕੋ ਇੱਕ ਪੁੱਤ ਨਾ ਗਵਾ ਲਵੀਂ'... ਕਹਿ ਕੇ ਪੁਲਿਸ ਵਾਲੇ ਵਾਪਸ ਚਲੇ ਗਏ।

ਅਗਲੇ ਦਿਨ ਸਵੇਰੇ ਜਾ ਗੁਰਮੁੱਖ ਖੇਤਾਂ ਨੂੰ ਪਾਣੀ ਦੇਣ ਗਿਆ ਤਾਂ ਅੱਜ ਤਾਈਂ ਨਾ ਮੁੜਿਆ, ਗੁਰਮੀਤ ਨੂੰ ਪੂਰਾ ਸ਼ੱਕ ਹੈ ਕਿ ਪੁਲਿਸ ਵਾਲਿਆਂ ਨੇ ਉਸਨੂੰ ਜਾਂ ਤਾਂ ਅਣਪਛਾਤੀ ਲਾਸ਼ ਬਣਾ ਦਿੱਤੈ ਜਾਂ ਫਿਰ ਉਹ ਅੱਜ ਵੀ ਕਿਸੇ ਜੇਲ੍ਹ ਵਿੱਚ ਸੜ ਰਿਹਾ ਹੈ ।

ਕਿੱਥੇ ਗੁਆਚ ਗਈ ਹੈਂ? ਗੁਰਮੀਤ ਕੁਰੇ ! ਬੰਤਾ ਸਿੰਘ ਨੇ ਪੁਛਿਆ..

ਕਿਤੇ ਨਹੀਂ, ਤੁਸੀਂ ਗੱਲ ਕਰ ਲੈਣਾ ਮੈਂ ਨੌਕਰੀ ਕਰ ਲਵਾਂਗੀ.. ਗੁਰਮੀਤ ਕੌਰ ਬੋਲੀ..

ਬੰਤਾ ਸਿੰਘ ਦੀ ਸਿਫਾਰਸ਼ ਨਾਲ ਗੁਰਮੀਤ ਨੇ ਜੇਲ੍ਹ ਵਿੱਚ ਸਫ਼ਾਈ ਕਰਮਚਾਰੀ ਵੱਜੋਂ ਡਿਊਟੀ ਸੰਭਾਲ ਲਈ, ਇੱਕ ਦਿਨ ਉਸਨੂੰ ਪਤਾ ਲੱਗਾ ਕਿ ਉਸ ਕਹਿਰੀ ਦਹਾਕੇ ਦੌਰਾਨ ਗ੍ਰਿਫਤਾਰ ਕੀਤੇ ਗਏ 200 ਤੋਂ ਵੱਧ ਸਿੱਖ ਨੌਜਵਾਨ ਇਸੇ ਜੇਲ੍ਹ ਵਿੱਚ ਹਨ ਤਾਂ ਉਹਨਾਂ ਨੂੰ ਦੇਖਣ ਵਾਸਤੇ ਗੁਰਮੀਤ ਬੇਤਾਬ ਹੋ ਗਈ, ਖੌਰੇ ਉਸਦਾ ਪੁੱਤ ਵੀ ਇਹਨਾਂ ਵਿੱਚ ਹੋਵੇ। ਇਸੇ ਉਮੀਦ ਨਾਲ ਉਸਨੇ ਜੇਲ੍ਹ ਵਿੱਚ ਉਕਤ ਨੌਜਵਾਨਾਂ ਨਾਲ ਮੇਲ ਮਿਲਾਪ ਵਧਾਇਆ ਤਾਂ ਪਤਾ ਲੱਗਾ ਕਿ ਬਹੁਤਿਆਂ ਦੇ ਮਾਪਿਆਂ ਨੂੰ ਇਹ ਨਹੀਂ ਪਤਾ ਕਿ ਉਹਨਾਂ ਦੇ ਪੁੱਤ ਜਿਉਂਦੇ ਹਨ ਜਾਂ ਨਹੀਂ। ਗੁਰਮੀਤ ਨੂੰ ਆਪਣਾ ਪੁੱਤ ਗੁਰਮੁੱਖ ਤਾਂ ਇਹਨਾਂ ਵਿੱਚੋਂ ਨਾ ਲੱਭਿਆ, ਪਰ ਜਿੱਥੇ ਇੱਕ ਆਸ ਦੀ ਕਿਰਨ ਇਹਨਾਂ ਵੱਲ ਵੇਖ ਕੇ ਬੱਝ ਗਈ, ਉੱਥੇ ਉਸਨੂੰ ਇਹ ਸਾਰੇ ਹੀ ਗੁਰਮੁੱਖ ਜਾਪਣ ਲੱਗ ਪਏ। ਇੱਕ ਦਿਨ ਉਸਦਾ ਗੁਰਮੁੱਖ ਸੱਚ-ਮੁੱਚ ਆ ਮਿਲੇਗਾ ਇਸੇ ਉਮੀਦ ਨਾਲ ਹੁਣ ਉਹ ਰੋਜ਼ਾਨਾ ਸਮੇਂ ਸਿਰ ਜੇਲ੍ਹ ਜਾਂਦੀ ਇੱਕ ਮਾਂ ਦੀ ਤਰ੍ਹਾਂ ਉਹਨਾਂ ਨੌਜਵਾਨਾਂ ਦੀ ਸੇਵਾ ਕਰਦੀ ਅਤੇ ਦੁੱਖ-ਸੁੱਖ ਫਰੋਲਦੀ ।

************

'ਚੰਗੀਆਂ ਗੱਲਾਂ ਨੂੰ ਪੜ੍ਹਨਾ ਚੰਗੀ ਗੱਲ ਹੈ ਪਰ
ਚੰਗੀਆਂ ਗੱਲਾਂ ਨੂੰ ਸਿਰਫ਼ ਪੜ੍ਹਨਾ ਚੰਗੀ ਗੱਲ ਨਹੀਂ।' - ਇਕਵਾਕ ਸਿੰਘ ਪੱਟੀ



ਕੋਮਲ ਕਹਿਣ ਲੱਗੀ, 'ਭੂਆ ਜੀ ! ਤੁਹਾਡੇ ਮੇਰੇ 'ਤੇ ਬਹੁਤ ਅਹਿਸਾਨ ਹਨ ਅਤੇ ਮੈਂ ਪਿਛਲੇ ਇੱਕ ਸਾਲ ਤੋਂ ਤੁਹਾਡੇ ਕੋਲ ਰਹਿ ਰਹੀ ਹਾਂ ਅਤੇ ਕਦੀਂ ਵੀ ਕੁੱਝ ਬੇਗਾਨਾ ਮਹਿਸੂਸ ਨਹੀਂ ਹੋਇਆ। ਤੁਸੀਂ ਮੇਰੇ ਆਪਣੇ ਹੋ, ਪਰ ਫਿਰ ਵੀ ਮੈਂ ਜੰਮਣ ਵਾਲਿਆਂ ਦੀ ਰਾਇ ਤੋਂ ਬਿਨ੍ਹਾਂ ਮੈਂ ਕੋਈ ਕਦਮ ਨਹੀਂ ਚੁੱਕਾਂਗੀ। ਭਾਵੇਂ ਕਿ ਜੁਗਰਾਜ ਵਿੱਚ ਕੋਈ ਕਮੀ ਨਹੀਂ ਹੈ, ਮੈਨੂੰ ਵੀ ਕੋਈ ਇਤਰਾਜ਼ ਨਹੀਂ ਹੈ, ਉਹ ਪੜ੍ਹਿਆ-ਲਿਖਿਆ ਅਤੇ ਮਿਹਨਤੀ  ਲੜਕਾ ਹੈ, ਪਰ ਮੈਂ ਆਪਣੇ ਮਾਤਾ-ਪਿਤਾ, ਭੈਣ-ਭਰਾ ਨੂੰ ਵਿਸ਼ਵਾਸ਼ ਵਿੱਚ ਲਏ ਬਗੈਰ ਅਤੇ ਉਹਨਾਂ ਨੂੰ ਪੁੱਛੇ ਬਿਨ੍ਹਾਂ ਆਪਣੀ ਜ਼ਿੰਦਗੀ ਦਾ ਕੋਈ ਫੈਸਲਾ ਨਹੀਂ ਲੈਣਾ ਚਾਹੁੰਦੀ।'

# ਫਾਤਮਾ



ਫਾਤਮਾ ਨਹੀਂ ਆਈ...? ਸਿੰਮੀ ਨੇ ਵਿਅੰਗ ਜਿਹਾ ਕਰਕੇ ਨਵਰੀਤ ਨੂੰ ਪੁੱਛਿਆ...?

ਨਵਰੀਤ ਨੇ ਮੋੜਵਾਂ ਜੁਆਬ ਦਿੱਤਾ ਜੇ ਉਹ ਆਈ ਹੁੰਦੀ ਤਾਂ ਇੱਥੇ ਸਾਰੀਆਂ ਦੇ ਮੂੰਹ ਢਿੱਲੇ ਜਿਹੇ, ਉਦਾਸ ਜਿਹੇ ਤੇ ਬੋਰਿੰਗ ਜਿਹੇ ਨਾ ਹੁੰਦੇ..

ਸਿੰਮੀ ਬੋਲੀ, 'ਆਹੋ ਇਹ ਤਾਂ ਹੈ, ਇਹ ਸਾਡੀ ਫਾਤਮਾ ਤਾਂ ਹੈ ਈ ਇੱਦਾਂ ਦੀ ਕਿ ਜਿੱਥੇ ਜਾਵੇ ਰੌਣਕ ਲਾ ਦਿੰਦੀ ਐ, ਜੇ ਨਾ ਹੋਵੇਂ ਤਾਂ ਇਹ ਵੇਖ ਹੀ ਰਹੇ ਹਾਂ ਕਿ ਕਿਹੋ ਜਿਹਾ ਮਾਹੌਲ ਬਣਿਆ ਪਿਆ ਹੈ..?

ਦਰਅਸਲ ਫਾਤਮਾ ਤੋਂ ਉਹਨਾਂ ਦਾ ਭਾਵ ਕੋਮਲਪ੍ਰੀਤ ਕੌਰ ਤੋਂ ਸੀ, ਜੋ ਬਹੁਤ ਹੀ ਖੁਸ਼-ਮਿਜਾਜ਼, ਪਿਆਰੀ ਜਿਹੀ ਅਤੇ ਆਪਣੀਆਂ ਗੱਲਾਂ ਨਾਲ ਦੂਸਰਿਆਂ ਨੂੰ ਖੁਸ਼ ਰੱਖਣ ਵਾਲੀ, ਜ਼ਿੰਦਾ-ਦਿਲ ਕੁੜੀ ਸੀ। ਹਰ ਸਮੇਂ ਆਸ਼ਾਵਾਦੀ ਰਹਿਣਾ, ਸਕਾਰਾਤਾਮਕ ਸੋਚਣਾ, ਸੱਭ ਤੇ ਚੰਗੇ ਦੀ ਅਰਦਾਸ ਕਰਨਾ, ਜੇ ਕੋਈ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ/ਮੁਸੀਬਤ ਵਿੱਚ ਹੋਣਾ ਤਾਂ ਉਹਨੂੰ ਝੱਟ ਦਿਲਾਸਾ ਦੇ ਕੇ ਹਾਸੇ-ਮਖੌਲ ਦੀਆਂ ਗੱਲਾਂ ਕਰਕੇ ਉਸ ਦੀ ਚਿੰਤਾ ਨੂੰ ਕੁੱਝ ਸਮੇਂ ਵਾਸਤੇ ਦੂਰ ਕਰ ਦੇਣਾ।

ਇਹੀ ਕਾਰਨ ਸੀ ਕਿ ਉਸਦੀਆਂ ਸਹੇਲੀਆਂ ਉਸਨੂੰ ਪਿਆਰ ਨਾਲ ਫਾਤਮਾ ਕਹਿ ਕੇ ਬੁਲਾਉਂਦੀਆਂ ਸਨ। ਕੋਮਲ ਦਿੱਲੀ ਦੀ ਇੱਕ ਬਹੁਤ ਵੱਡੀ ਮਲਟੀਨੈਸ਼ਨਲ ਕੰਪਨੀ ਵਿੱਚ ਨੌਕਰੀ ਕਰਦੀ ਸੀ। ਉੱਥੇ ਸਿੰਮੀ, ਨਵਰੀਤ ਤੇ ਹਰਲੀਨ ਉਸਦੀਆਂ ਗੂੜ੍ਹੀਆਂ ਸਹੇਲੀਆਂ ਸਨ ਅਤੇ ਇਹ ਸਾਰੀਆਂ ਹੀ ਪੰਜਾਬ ਦੇ ਵੱਖੋ-ਵੱਖ ਜਿਲ੍ਹਿਆਂ ਤੋਂ ਸਨ। ਜਿਸ ਕੰਪਨੀ ਵਿੱਚ ਇਹ ਨੌਕਰੀ ਕਰਦੀਆਂ ਸਨ ਉਹ ਕੰਪਨੀ ਕੋਮਲ ਦੀ ਦੂਰ ਦੀ ਰਿਸ਼ਤੇਦਾਰੀ ਵਿੱਚ ਭੂਆ ਜੀ ਦੇ ਬੇਟੇ ਦੀ ਸੀ, ਜਿਸ ਕਰਕੇ ਕੋਮਲ ਦੀ ਕਾਫੀ ਚੱਲਦੀ ਸੀ। ਜਿਸ ਪਿੱਛੇ ਸਿਰਫ ਇਹੀ ਇੱਕ ਕਾਰਨ ਨਹੀਂ ਸੀ, ਬਲਕਿ ਉਹ ਆਪ ਵੀ ਆਪਣੀ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ, ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਂਦੀ ਸੀ।

ਕੋਮਲ ਨੇ ਬੀ.ਟੈੱਕ ਕਰਨ ਤੋਂ ਬਾਅਦ ਇਹ ਨੌਕਰੀ ਸ਼ੁਰੂ ਕੀਤੀ ਸੀ। ਘਰ ਉਸਦੀ ਇੱਕ ਛੋਟੀ ਭੈਣ ਸੀ ਤੇ ਇੱਕ ਭਰਾ। ਕੋਮਲ ਦੇ ਪਾਪਾ ਸ. ਬਹਾਦਰ ਜੰਗ ਸਿੰਘ ਪਿੰਡ ਦੇ ਮੰਨੇ-ਪ੍ਰਮੰਨੇ ਰਈਸ ਸਨ ਅਤੇ ਸ਼ਹਿਰ ਵਿੱਚ ਉਹਨਾਂ ਦਾ ਪ੍ਰਾਪਰਟੀ

ਡੀਲਰ ਦਾ ਕੰਮ ਸੀ। ਮਾਂ ਇੱਕ ਘਰੇਲੂ ਔਰਤ ਸੀ, ਜਿਸਨੇ ਆਪਣੇ ਬੱਚਿਆਂ ਪ੍ਰਤੀ ਆਪਣੀ ਪਰਵਰਿਸ਼ ਇੰਨੇ ਸੋਹਣੇ ਢੰਗ ਨਾਲ ਨਿਭਾਈ ਸੀ ਕਿ ਪਿੰਡ ਵਿੱਚ ਹਰ ਕੋਈ ਉਸਦੀ ਦਾਦ ਦਿੰਦਾ ਸੀ।

ਕੋਮਲ ਨੂੰ ਦਿੱਲੀ ਗਿਆਂ ਨੂੰ ਅਜੇ ਸਿਰਫ ਸਾਲ ਕੁ ਹੀ ਹੋਇਆ ਸੀ ਅਤੇ ਸਾਲ ਵਿੱਚ ਉਹ ਮਸਾਂ ਦੋ-ਤਿੰਨ ਵਾਰ ਹੀ ਛੁੱਟੀ ਆਈ ਸੀ। ਉਸਦਾ ਸੁਪਨਾ ਇੱਕ ਬਹੁਤ ਹੀ ਕਾਮਯਾਬ ਇਨਸਾਨ ਬਣਨਾ ਸੀ ਤਾਂ ਕਿ ਉਹ ਆਪਣੇ ਪਿੰਡ ਵਿੱਚ ਆਪਣੇ ਨਾਮ ਦੇ ਨਾਲ ਆਪਣੇ ਮਾਂ-ਬਾਪ ਅਤੇ ਆਪਣੇ ਇਲਾਕੇ ਦਾ ਨਾਮ ਉੱਚਾ ਚੁੱਕ ਸਕੇ। ਬਚਪਨ ਤੋਂ ਹੀ ਉਸਨੂੰ ਸਫ਼ਲ ਔਰਤਾਂ ਦੀਆਂ ਸੱਚੀਆਂ ਕਹਾਣੀਆਂ ਪੜ੍ਹਨ ਦਾ ਬਹੁਤ ਸ਼ੌਂਕ ਸੀ ਅਤੇ ਉਹ ਵੀ ਦੁਨੀਆਂ ਤੇ ਕੁੱਝ ਖ਼ਾਸ ਕਰਨਾ ਚਾਹੁੰਦੀ ਸੀ, ਜਿਸ ਨਾਲ ਉਸਨੂੰ ਪਹਿਚਾਣ ਮਿਲ ਸਕੇ ਅਤੇ ਲੋਕ ਹਮੇਸ਼ਾਂ ਉਸਨੂੰ ਯਾਦ ਰੱਖਣ।

ਸਮਾਂ ਆਪਣੀ ਰਫ਼ਤਾਰ ਨਾਲ ਚੱਲਦਾ ਰਿਹਾ। ਇਹਨਾਂ ਹੀ ਦਿਨਾਂ ਵਿੱਚ ਜਿੱਥੇ ਕੋਮਲ ਨੌਕਰੀ ਕਰਦੀ ਸੀ ਉਸ ਦੂਰ ਦੀ ਰਿਸ਼ਤੇਦਾਰੀ ਵਿੱਚੋਂ ਹੀ ਉਹਨਾਂ ਦੇ ਅੱਗੋਂ ਕਿਸੇ ਹੋਰ ਰਿਸ਼ਤੇਦਾਰਾਂ ਦਾ ਬੇਟਾ ਜਗਰੂਪ ਵੀ ਦਿੱਲੀ ਆ ਗਿਆ ਅਤੇ ਉਸੇ ਕੰਪਨੀ ਵਿੱਚ ਬਤੌਰ ਮੈਨੇਜਰ ਕੰਮ ਕਰਨ ਲੱਗ ਪਿਆ। ਜਦ ਉਸਨੇ ਕੋਮਲ ਨੂੰ ਅਕਸਰ ਹੀ ਆਪਣੇ ਰਿਸ਼ਤੇਦਾਰਾਂ ਦੇ ਘਰ ਅਤੇ ਦਫ਼ਤਰ ਵਿੱਚ ਪੂਰੀ ਠਾਠ ਨਾਲ ਰਹਿੰਦਿਆਂ ਵੇਖਿਆ ਤਾਂ ਆਪਣੀ ਆਂਟੀ ਨੂੰ ਕੋਮਲ ਬਾਰੇ ਪੁਛਿਆ..?

ਉਹ ਅਸਕਰ ਹੀ ਹੁਣ ਕੋਮਲ ਨੂੰ ਨੋਟਿਸ ਕਰਦਾ ਰਹਿੰਦਾ, ਸ਼ਾਇਦ ਜਗਰੂਪ ਕੋਮਲ ਨੂੰ ਪਸੰਦ ਕਰਨ ਲੱਗ ਪਿਆ ਸੀ, ਜਦ ਕਿ ਕੋਮਲ ਤਾਂ ਆਪਣੇ ਕੰਮ ਵਿੱਚ ਬਹੁਤ ਬਿਜ਼ੀ ਰਹਿੰਦੀ ਸੀ ਅਤੇ ਵਿਹਲੇ ਸਮੇਂ ਉਹਨਾਂ ਆਪਣੀਆਂ ਸਹੇਲੀਆਂ ਨਾਲ ਅਕਸਰ ਹੀ ਆਊਟਿੰਗ ਤੇ ਰਹਿੰਦੀ ਸੀ ਤੇ ਸਭ ਖ਼ੂਬ 'ਫਨ' ਕਰਦੇ ਭਾਵ ਜ਼ਿੰਦਗੀ ਦਾ ਅਨੰਦ ਮਾਣਦੀਆਂ ਸਨ। ਦੁਨੀਆਦਾਰੀ ਤੋਂ ਬੇਖ਼ਬਰ ਹੋ ਕੇ ਉਹ ਅਸਮਾਨ ਦੀਆਂ ਬੁਲੰਦੀਆਂ ਨੂੰ ਵੀ ਛੂਹ ਆਉਂਦੀਆਂ ਸਨ। ਸਿੰਮੀ, ਨਵਰੀਤ ਅਤੇ ਹਰਲੀਨ ਰੂਹ ਨੂੰ ਤਾਜ਼ਾ ਰੱਖਣ ਲਈ ਉਹ ਅਕਸਰ ਹੀ ਸਫ਼ਲ ਵਿਅਕਤੀਆਂ ਨਾਲ ਸਬੰਧਿਤ ਕਿਤਾਬਾਂ ਪੜ੍ਹਦੀਆਂ ਰਹਿੰਦੀਆਂ ਅਤੇ ਇਸ ਗੱਲ ਦੀ ਪ੍ਰੇਰਨਾ ਵੀ ਉਹਨਾਂ ਨੂੰ ਕੋਮਲ ਤੋਂ ਹੀ ਮਿਲੀ ਸੀ।

ਦਫ਼ਤਰੀ ਕੰਮਾਂ ਵਿੱਚ ਦਿਨ-ਬ-ਦਿਨ ਜੁਗਰਾਜ, ਕੋਮਲ ਦੇ ਕਰੀਬ ਜਾਣ ਦੀ ਕੋਸ਼ਿਸ਼ 'ਚ ਰਹਿਣ ਲੱਗ ਪਿਆ ਸੀ ਅਤੇ ਕੋਮਲ ਅੱਗੇ ਆਪਣੀ ਚੰਗਾ ਇੰਪਰੈਸ਼ਨ (ਪ੍ਰਭਾਵ) ਪਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਅਤੇ ਹਰ ਕੰਮ ਨੂੰ ਸਹੀ ਢੰਗ ਨਾਲ ਕਰਕੇ ਕੋਮਲ ਅੱਗੇ ਆਪਣੇ ਨੰਬਰ ਬਣਾਉਂਦਾ, ਕੋਮਲ ਵੀ ਦਫ਼ਤਰ ਵਿੱਚ ਉਸਦੇ ਹਰ ਇੱਕ ਚੰਗੇ ਕੰਮ ਦੀ ਸਲਾਹਣਾ ਕਰਦੀ ਅਤੇ ਇਸ ਤਰ੍ਹਾਂ ਉਹ ਆਪਣੇ ਦਫਤਰ ਦੇ ਹਰ ਛੋਟੇ-ਵੱਡੇ ਕਰਮਚਾਰੀ ਨਾਲ ਕਰਦੀ ਸੀ।

ਗੱਲ ਬਣਦੀ ਨਾ ਦੇਖ ਜਗਰੂਪ ਨੇ ਆਪਣੇ ਆਂਟੀ ਜੀ ਨਾਲ ਗੱਲ ਕੀਤੀ ਕਿ

ਉਹ ਕੋਮਲ ਨੂੰ ਪਸੰਦ ਕਰਦਾ ਹੈ ਅਤੇ ਉਸ ਨਾਲ ਹੀ ਵਿਆਹ ਕਰਵਾਉਣਾ ਚਾਹੁੰਦਾ ਹੈ। ਆਂਟੀ ਨੇ ਸ਼ਾਮੀਂ ਜਦ ਕੋਮਲ ਆਈ ਤਾਂ ਉਸਨੂੰ ਆਪਣੇ ਕੋਲ ਬੁਲਾ ਕੇ ਸਾਰੀ ਗੱਲ ਦੱਸੀ ਅਤੇ ਉਸਦੀ ਰਾਇ ਪੁੱਛੀ।

ਕੋਮਲ ਕਹਿਣ ਲੱਗੀ, 'ਭੂਆ ਜੀ! ਤੁਹਾਡੇ ਮੇਰੇ ਤੇ ਬਹੁਤ ਅਹਿਸਾਨ ਹਨ ਅਤੇ ਮੈਂ ਪਿਛਲੇ ਇੱਕ ਸਾਲ ਤੋਂ ਤੁਹਾਡੇ ਕੋਲ ਰਹਿ ਰਹੀ ਹਾਂ ਅਤੇ ਕਦੀਂ ਵੀ ਕੁੱਝ ਬੇਗਾਨਾ ਮਹਿਸੂਸ ਨਹੀਂ ਹੋਇਆ। ਤੁਸੀਂ ਮੇਰੇ ਆਪਣੇ ਹੋ, ਪਰ ਫਿਰ ਵੀ ਮੈਨੂੰ ਜੰਮਣ ਵਾਲਿਆਂ ਦੀ ਰਾਇ ਤੋਂ ਬਿਨ੍ਹਾਂ ਮੈਂ ਕੋਈ ਕਦਮ ਨਹੀਂ ਚੁਕਾਂਗੀ। ਭਾਵੇਂ ਕਿ ਜੁਗਰਾਜ ਵਿੱਚ ਕੋਈ ਕਮੀ ਨਹੀਂ ਹੈ, ਮੈਨੂੰ ਵੀ ਕੋਈ ਇਤਰਾਜ਼ ਨਹੀਂ ਹੈ, ਉਹ ਪੜ੍ਹਿਆ-ਲਿਖਿਆ ਅਤੇ ਮਿਹਨਤੀ ਲੜਕਾ ਹੈ, ਪਰ ਮੈਂ ਆਪਣੇ ਮਾਤਾ-ਪਿਤਾ, ਭੈਣ-ਭਰਾ ਨੂੰ ਵਿਸ਼ਵਾਸ਼ ਵਿੱਚ ਲਏ ਬਗੈਰ ਅਤੇ ਉਹਨਾਂ ਨੂੰ ਪੁੱਛੇ ਬਿਨ੍ਹਾਂ ਆਪਣੀ ਜ਼ਿੰਦਗੀ ਦਾ ਕੋਈ ਫੈਸਲਾ ਨਹੀਂ ਲੈਣਾ ਚਾਹੁੰਦੀ।'

'ਸ਼ਾਬਾਸ਼ ਧੀਏ! ਮੈਨੂੰ ਤੇਰੇ 'ਤੇ ਮਾਣ ਹੈ, ਮੈਂ ਆਪ ਗੱਲ ਕਰਾਂਗੀ ਤੇਰੇ ਮਾਤਾ-ਪਿਤਾ ਨਾਲ, ਜੇ ਸੰਜੋਗ ਹੋਏ ਤਾਂ ਸੱਭ ਭਲਾ ਹੀ ਹੋਵੇਗਾ। ਲੜਕਾ ਪਰਿਵਾਰ ਵੀ ਸਾਡਾ ਬਹੁਤ ਨਜ਼ਦੀਕੀ ਹੈ।' ਭੂਆ ਬੋਲੀ।

ਅੱਛਾ ਭੂਆ ਜੀ! ਮੈਂ ਚੱਲਦੀ ਹਾਂ ਸਵੇਰੇ ਮਿਲਦੇ ਹਾਂ। ਕਹਿ ਕੇ ਕੋਮਲ ਆਪਣੇ ਕਮਰੇ ਵਿੱਚ ਚਲੀ ਗਈ।

ਰਾਤ ਪਈ ਤਾਂ ਭੂਆ ਨੇ ਲੁਧਿਆਣੇ ਕੋਮਲ ਦੇ ਘਰ ਫ਼ੋਨ ਖੜਕਾ ਦਿੱਤਾ ਅਤੇ ਕੋਮਲ ਦੇ ਰਿਸ਼ਤੇ ਬਾਰੇ ਗੱਲਬਾਤ ਤੋਰੀ। ਕਿ ਜੁਗਰਾਜ ਦਾ ਪਿਛੋਕੜ ਪਟਿਆਲਾ ਇਲਾਕੇ ਦੇ ਇੱਕ ਬਹੁਤ ਵੱਡੇ ਪਿੰਡ ਦਾ ਹੈ ਅਤੇ ਚੰਗੇ ਪਰਿਵਾਰ ਵਿੱਚੋਂ ਹੈ, ਇੱਥੇ ਆਪਣੀ ਹੀ ਕੰਪਨੀ ਵਿੱਚ ਕੋਮਲ ਦੇ ਨਾਲ ਹੀ ਕੰਮ ਕਰਦਾ ਹੈ। ਜੇ ਤੁਹਾਡੀ ਹਾਂ ਹੋਵੇ ਤਾਂ ਆਪਾਂ ਗੱਲ ਅੱਗੇ ਤੋਰੀਏ।

ਕੋਮਲ ਦੀ ਮਾਂ ਬਲਬੀਰ ਆਖਣ ਲੱਗੀ, 'ਭੈਣ ਜੀ ਤੁਸੀਂ ਸਿਆਣੇ ਹੋ, ਤੁਸੀਂ ਵਿੱਚ ਬੈਠੇ ਹੋ ਤਾਂ ਸਾਨੂੰ ਕਾਹਦੀ ਚਿੰਤਾ, ਕੋਮਲ ਤੁਹਾਡੀ ਵੀ ਤਾਂ ਧੀ ਹੈ। ਆਖਰ ਧੀਆਂ-ਧੀਆਣੀਆਂ ਤਾਂ ਵਿਆਹੁਣੀਆਂ ਹੀ ਹੁੰਦੀਆਂ ਨੇ, ਬੱਸ ਜੋੜ ਚੰਗਾ ਮਿਲ ਜਾਵੇ ਤਾਂ ਦੋਵੇਂ ਪਰਿਵਾਰਾਂ ਦੇ ਨਾਲ ਬੱਚਿਆਂ ਦੀ ਜ਼ਿੰਦਗੀ ਵੀ ਸੌਖੀ ਲੰਘ ਜਾਂਦੀ ਹੈ।'

ਤਿੰਨ ਮਹੀਨੇ ਬਾਅਦ ਹੀ ਸਾਰੇ ਕਾਰ-ਵਿਹਾਰ, ਰਸਮਾਂ-ਰਿਵਾਜ਼ਾਂ ਨਾਲ ਜੁਗਰਾਜ ਅਤੇ ਕੋਮਲ ਦਾ ਵਿਆਹ ਪੜ੍ਹਾ ਦਿੱਤਾ ਗਿਆ। ਜੁਗਰਾਜ ਨੇ ਵਾਅਦਾ ਲਿਆ ਕਿ ਹੁਣ ਕੋਮਲ ਨੂੰ ਕੰਮ (ਨੌਕਰੀ) ਕਰਨ ਦੀ ਲੋੜ ਨਹੀਂ, ਹੁਣ ਬੱਸ ਘਰ ਵਿੱਚ ਰਾਣੀ ਬਣ ਕੇ ਰਹੇਗੀ ਤੇ ਕਮਾਈ ਦੀ ਸਾਰੀ ਚਿੰਤਾ ਉਸਦੀ ਹੋਵੇਗੀ। ਵਿਆਹ ਤੋਂ ਬਾਅਦ ਜੁਗਰਾਜ ਵੱਲੋਂ ਲਈ ਕੰਪਨੀ ਤੋਂ ਤਿੰਨ ਮਹੀਨੇ ਦੀ ਛੁੱਟੀ ਖਤਮ ਹੋਣ ਤੇ ਆਪ ਦਿੱਲੀ ਚਲਿਆ ਗਿਆ ਅਤੇ ਕੋਮਲ ਨੂੰ ਪਿੰਡ ਹੀ ਛੱਡ ਗਿਆ।

ਪਿੰਡ ਰਹਿੰਦਿਆਂ ਕੋਮਲ ਨੇ ਆਪਣੇ ਸੱਸ ਸਹੁਰੇ ਦੀ ਖੂਬ ਸੇਵਾ ਕਰਨੀ।

ਆਦਤ-ਸਤਿਕਾਰ ਦੇਣਾ। ਘਰ ਦੀ ਸਫਾਈ ਤੋਂ ਲੈ ਕੇ ਹਰ ਉਹ ਨਿੱਕਾ ਵੱਡਾ ਕੰਮ ਖ਼ੁਸ਼ੀ-ਖ਼ੁਸ਼ੀ ਨਾਲ ਕਰਨਾ ਜਿਹੜਾ ਕਦੇ ਉਸਨੇ ਆਪਣੇ ਘਰ ਵਿੱਚ ਵੀ ਨਹੀਂ ਕੀਤਾ ਸੀ। ਪਸ਼ੂਆਂ ਦਾ ਗੋਹਾ ਕਰਕਟ, ਪੱਠੇ, ਸਫ਼ਾਈ, ਰੋਟੀ-ਟੁੱਕ ਤੇ ਹੋਰ ਸਾਰੀਆਂ ਜ਼ਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਣਾ ਉਸਦਾ ਨਿੱਤਨੇਮ ਹੀ ਬਣ ਗਿਆ ਸੀ। ਜੁਗਰਾਜ ਹਫ਼ਤੇ ਬਾਅਦ ਘਰ ਆ ਜਾਂਦਾ, ਫਿਰ ਦਸ ਦਿਨਾਂ ਬਾਅਦ ਆਉਣ ਲੱਗਾ ਤੇ ਫਿਰ ਮਹੀਨਿਆਂ ਬਾਅਦ।

ਦੋਹਾਂ ਨੇ ਕੋਈ ਫੈਮਿਲੀ ਪਲਾਨਿੰਗ ਨਾ ਕੀਤੀ, ਤੇ ਕੋਮਲ ਦੀ ਸੱਸ ਨੇ ਕਈ ਵਾਰ ਕਿਹਾ ਕਿ ਧੀਏ ਤੁਹਾਡੇ ਵਿਆਹ ਨੂੰ ਸਾਲ ਹੋ ਚੱਲਿਆ, ਤੁਸੀਂ ਕੋਈ ਚਾਂਸ ਕਿਉਂ ਨਹੀਂ ਲੈ ਰਹੇ, ਮੁਹੱਲੇ ਅਤੇ ਸ਼ਰੀਕਾਂ ਵਿੱਚ ਦੰਦ-ਕਥਾਵਾਂ ਹੋਣ ਲੱਗ ਪਈਆਂ ਹਨ।

ਕੋਮਲ ਚੁੱਪ ਰਹੀ ਅਤੇ ਸੋਚਣ ਲੱਗੀ ਕਿ ਇਸ ਵਾਰ ਉਹ ਜੁਗਰਾਜ ਨਾਲ ਜ਼ਰੂਰ ਗੱਲ ਕਰੇਗੀ, ਕਿਉਂਕਿ ਕੋਮਲ ਵੀ ਚਾਹੁੰਦੀ ਸੀ ਕਿ ਉਹ ਮਾਂ ਬਣਨ ਦਾ ਸੁੱਖ ਲਵੇ ਜਦਕਿ ਜੁਗਰਾਜ ਦਾ ਇਕੋ ਜੁਆਬ ਹੁੰਦਾ ਸੀ ਕਿ ਮੈਂ ਅਜੇ ਪਹਿਲਾਂ ਸੈੱਟ ਹੋਣਾ ਚਾਹੁੰਦਾ ਹਾਂ। ਸੈੱਟ ਹੋਣ ਤੋਂ ਉਸਦਾ ਭਾਵ ਬਾਹਰ (ਵਿਦੇਸ਼) ਜਾਣ ਤੋਂ ਸੀ ਅਤੇ ਇਸ ਵਾਸਤੇ ਲੱਖਾਂ ਰੁਪਏ ਚਾਹੀਦੇ ਸਨ। ਜੋ ਜੁਗਰਾਜ ਦੇ ਮਾਂ-ਬਾਪ ਕੋਲ ਨਹੀਂ ਸੀ, ਇਸ ਕਰਕੇ ਆਪਣੇ ਸੱਸ-ਸਹੁਰੇ ਤੋਂ ਚੋਰੀ ਕੋਮਲ ਨੇ ਆਪਣੇ ਮਾਂ-ਬਾਪ ਕੋਲੋਂ ਜੁਗਰਾਜ ਨੂੰ ਦੋ ਵਾਰ ਤਿੰਨ-ਤਿੰਨ ਲੱਖ ਰੁਪਿਆ ਦਿਵਾਇਆ ਸੀ, ਪਰ ਗੱਲ ਨਹੀਂ ਸੀ ਬਣ ਰਹੀ। ਵਿਆਹ ਤੋਂ ਬਾਅਦ ਬੱਸ ਆਹ ਕੁੱਝ ਹੀ ਚੱਲ ਰਿਹਾ ਸੀ।

ਕੋਮਲ ਦੇ ਮਾਤਾ-ਪਿਤਾ ਨੂੰ ਇੰਨੀ ਰਕਮ ਨਾਲ ਭਾਵੇਂ ਕੋਈ ਫਰਕ ਨਹੀਂ ਸੀ ਪੈਂਦਾ, ਪਰ ਮਿਹਨਤ ਨਾਲ ਕਮਾਏ ਪੈਸੇ ਦਾ ਮੁੱਲ ਨਾ ਪੈ ਰਿਹਾ ਹੋਵੇ ਤਾਂ ਦੁੱਖ ਤਾਂ ਹੁੰਦਾ ਹੀ ਹੈ, ਪਰ ਆਪਣੀ ਧੀ ਦੀ ਜ਼ਿੱਦ ਦਾ ਪਤਾ ਸੀ ਅਤੇ ਆਪਣੀ ਧੀ ਤੇ ਪੂਰਾ ਵਿਸ਼ਵਾਸ਼ ਵੀ ਸੀ ਕਿ ਉਹ ਸੱਭ ਕੁੱਝ ਸੋਚ ਕੇ ਹੀ ਇੰਨੇ ਪੈਸੇ ਮੰਗ ਰਹੀ ਹੋਵੇਗੀ।

ਕੋਮਲ ਨੇ ਜੁਗਰਾਜ ਨੂੰ ਸਮਝਾਇਆ ਕਿ ਵਿਆਹ ਨੂੰ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਜੇ ਕਿਧਰੇ ਗੱਲ ਨਹੀਂ ਬਣਦੀ ਤਾਂ ਮੈਨੂੰ ਵੀ ਦਿੱਲੀ ਲੈ ਜਾਵੋ ਆਪਾਂ ਦੋਵੇਂ ਪਹਿਲਾਂ ਦੀ ਤਰ੍ਹਾਂ ਹੀ ਕੰਪਨੀ ਵਿੱਚ ਕੰਮ ਕਰਕੇ ਖੁਦ ਆਪਣਾ ਕਾਰੋਬਾਰ, ਘਰ-ਮਕਾਨ ਬਣਾ ਸਕਦੇ ਹਾਂ। ਪਰ ਜੁਗਰਾਜ, ਕੋਮਲ ਨੂੰ ਦਿੱਲੀ ਲਿਜਾਉਣ ਲਈ ਬਿਲਕੁਲ ਵੀ ਰਾਜ਼ੀ ਨਾ ਹੁੰਦਾ। ਪਰ ਇਸ ਵਾਰ ਦੇ ਗੇੜੇ ਪਿੱਛੋਂ ਕੋਮਲ ਦੀ ਕੁੱਖ ਵਿੱਚ ਜੁਗਰਾਜ ਦਾ ਬੀਜ਼ ਪੁੰਗਰਣ ਲੱਗ ਪਿਆ ਸੀ।

ਦੋ ਕੁ ਮਹੀਨੇ ਲੰਘੇ ਤਾਂ ਜੁਗਰਾਜ 4-5 ਦਿਨ ਲਈ ਦਿੱਲੀ ਤੋਂ ਵਾਪਸ ਆਪਣੇ ਘਰ ਆਇਆ ਤੇ ਕੋਮਲ ਨੂੰ ਕਹਿਣ ਲੱਗਾ ਕਿ ਮੇਰੇ ਇੱਕ ਦੋਸਤ ਦਾ ਦਿੱਲੀ ਵਿੱਚ ਐਕਸੀਡੈਂਟ ਹੋ ਗਿਆ ਸੀ, ਜਿਸ ਨਾਲ ਉਸਦੀ ਮੌਤ ਹੋ ਗਈ, ਹੁਣ ਉਸਦੀ ਭੈਣ ਇਕੱਲੀ ਰਹਿੰਦੀ ਹੈ.. ਉਸ ਦੋਸਤ ਦੇ ਉਸ ਉੱਤੇ ਬਹੁਤ ਅਹਿਸਾਨ ਹਨ ਇਸ

ਲਈ ਕੋਮਲ ਜੇ ਤੂੰ ਆਖੇਂ ਤਾਂ ਮੈਂ ਆਪਣੇ ਦੋਸਤ ਦੀ ਭੈਣ ਨਵਰੂਪ ਨੂੰ ਇੱਥੇ ਪਿੰਡ ਲੈ ਆਵਾਂ, ਮੈਨੂੰ ਪਤਾ ਕਿ ਮੰਮੀ-ਪਾਪਾ ਨੇ ਨਹੀਂ ਮੰਨਣਾ, ਪਰ ਜੇ ਤੂੰ ਮੇਰੀ ਮੱਦਦ ਕਰੇਂ ਤਾਂ ਮਸਲਾ ਹੱਲ ਹੋ ਸਕਦਾ ਹੈ। ਤੂੰ ਇਹ ਕਹਿ ਦੇਵੀਂ ਕਿ ਇਹ ਤੇਰੀ ਸਹੇਲੀ ਹੈ ਅਤੇ ਦਿੱਲੀ ਅਸੀਂ ਇੱਕਠੀਆਂ ਨੌਕਰੀ ਕਰਦੀਆਂ ਸਨ ਤਾਂ ਕਿਸੇ ਨੂੰ ਸ਼ੱਕ ਨਹੀਂ ਹੋਣਾ, ਕੁੱਝ ਦਿਨਾਂ ਬਾਅਦ ਨਵਰੂਪ ਨੇ ਇੰਗਲੈਂਡ ਚਲੇ ਜਾਣਾ ਹੈ।' ਕੋਮਲ ਨੇ ਹਾਂ ਕਰ ਦਿੱਤੀ।

ਨਵਰੂਪ ਅਗਲੇ ਹੀ ਦਿਨ ਪਿੰਡ ਆ ਗਈ ਤੇ ਦੋ ਦਿਨ ਜੁਗਰਾਜ ਵੀ ਪਿੰਡ ਹੀ ਰਿਹਾ, ਫਿਰ ਉਹ ਦਿੱਲੀ ਵਾਪਸ ਚਲਿਆ ਗਿਆ। ਇੱਕ ਦਿਨ ਕੋਮਲ ਦੀ ਸੱਸ ਨਵਰੂਪ ਨੂੰ ਆਪਣੇ ਨਾਲ ਪਿੰਡ ਦੇ ਗੁਰਦੁਆਰੇ ਲੈ ਗਈ। ਕੋਮਲ ਘਰ ਵਿੱਚ ਸਫਾਈਆਂ ਕਰ ਰਹੀ ਸੀ ਕਿ ਨਵਰੂਪ ਦੇ ਫ਼ੋਨ 'ਤੇ ਜੁਗਰਾਜ ਦਾ ਫ਼ੋਨ ਆ ਗਿਆ। ਇਸਤੋਂ ਪਹਿਲਾਂ ਕਿ ਕੋਮਲ ਹੈਲੋ! ਕਹਿੰਦੀ, 'ਜੁਗਰਾਜ ਬੋਲਣ ਲੱਗ ਪਿਆ, ਕਿੱਦਾਂ ਫਿਰ ਮੇਰੀ ਛਮਕ ਛੱਲੋ, ਮੇਰੀ ਰੂਪ ਜਾਨ..? ਕਿੱਦਾਂ ਲੱਗਿਆ ਫਿਰ ਸਾਡਾ ਪਿੰਡ, ਬੱਸ ਬੇਬੇ ਨਾਲ ਬਣਾ ਕੇ ਰੱਖੀਂ, ਆਖਿਰ ਬੇਬੇ ਦੀ ਨੂੰਹ ਬਣਨਾ ਤੂੰ.. ਬੱਸ ਕੋਮਲ ਨੂੰ ਕਿਸੇ ਗੱਲ ਦੀ ਭਿਣਕ ਨਾ ਪਵੇ.. ਆਪਣੇ ਪਾਸਪੋਰਟ ਤਿਆਰ ਹੋਣ ਵਿੱਚ ਦੋ ਕੁ ਹਫਤੇ ਹੋਰ ਲੱਗਣੇ ਨੇ, ਫਿਰ ਇੰਗਲੈਂਡ ਜਾ ਕੇ ਹੀ ਮਨਾਵਾਂਗੇ ਸੁਹਾਗਰਾਤ..। ਕੋਮਲ ਦੀਆਂ ਅੱਖਾਂ ਵਿੱਚ ਤ੍ਰਿਪ-ਤ੍ਰਿਪ ਹੰਝੂ ਵੱਗ ਤੁਰੇ ਤੇ ਉਸੇ ਹੱਥੋਂ ਫ਼ੋਨ ਛੁੱਟ ਗਿਆ...'

ਜਿਸ ਇਨਸਾਨ ਨੂੰ ਕੋਮਲ ਨੇ ਇੰਨਾ ਪਿਆਰ ਕੀਤਾ, ਇੰਨਾ ਵਿਸ਼ਵਾਸ਼ ਕੀਤਾ, ਜਿਸ ਨਾਲ ਲਾਵਾਂ ਲੈ ਕੇ ਆਪਣੀ ਜ਼ਿੰਦਗੀ ਸ਼ੁਰੂ ਕੀਤੀ, ਉਸ ਇਨਸਾਨ ਵੱਲੋਂ ਇੰਨਾ ਵੱਡਾ ਧੋਖਾ.. ਕੋਮਲ ਕਦ ਬਰਦਾਸ਼ਤ ਕਰ ਸਕਦੀ ਸੀ। ਉਸਦਾ ਦਿਲ ਟੁੱਟ ਗਿਆ, ਜੀਅ ਕਰੇ ਕਿ ਬੱਸ ਹੁਣੇ ਹੀ ਫਾਹਾ ਲੈ ਕੇ ਮਰ ਜਾਵਾਂ, ਪਰ ਫਿਰ ਪੇਟ ਵਿੱਚ ਪਲ ਰਹੇ ਬੱਚੇ ਦਾ ਖਿਆਲ ਆਇਆ ਤਾਂ ਉਹ ਚੁੱਪ ਰਹੀ।

ਨਵਰੂਪ ਅਤੇ ਬੀਜ਼ੀ ਵੀ ਗੁਰਦੁਆਰੇ ਤੋਂ ਵਾਪਸ ਆ ਗਏ। ਕੋਮਲ ਆਪਣੇ ਕਮਰੇ ਵਿੱਚ ਬੁੱਤ ਬਣ ਕੇ ਬੈਠੀ ਸੀ, ਪੱਥਰ ਬਣੀਆਂ ਅੱਖਾਂ ਨਾਲ, ਪੱਥਰ ਹੋ ਗਏ ਰਿਸ਼ਤਿਆਂ ਨੂੰ ਖੁਰਦਣ ਦੀ ਕੋਸ਼ਿਸ਼ ਕਰ ਰਹੀ ਸੀ ਕਿ ਸ਼ਾਇਦ... ਸੱਭ ਝੂਠ ਹੀ ਹੋਵੇ।

ਨਵਰੂਪ ਨੇ ਆਪਣਾ ਮੋਬਾਇਲ ਭੁੰਝੇ ਡਿੱਗਿਆ ਵੇਖਿਆ ਤਾਂ ਫਟਾਫਟ ਚੁੱਕ ਉਸ ਵਿੱਚ ਆਖਰੀ ਫ਼ੋਨ ਕਿਸਦਾ ਹੈ ਦੇਖਿਆ ਤਾਂ ਸੱਭ ਕੁੱਝ ਸਮਝ ਗਈ, ਉਸਨੇ ਜੁਗਰਾਜ ਨੂੰ ਫ਼ੋਨ ਕੀਤਾ ਤਾਂ ਜੁਗਰਾਜ ਨੇ ਫਿਰ ਕਿਹਾ, 'ਕੀ ਗੱਲ ਛੰਮਕ ਛੱਲੋ, ਫੋਨ ਕੱਟਤਾ ਸੀ, ਕੋਈ ਆ ਗਿਆ ਸੀ...'

ਤਾਂ ਰੂਪ ਨੇ ਦੱਸਿਆ ਕਿ ਤੁਹਾਡਾ ਪਹਿਲਾਂ ਆਇਆ ਫੋਨ ਮੈਂ ਤਾਂ ਸੁਣਿਆ ਹੀ ਨਹੀਂ ਮੈਂ ਤੇ ਬੀਜ਼ੀ ਨਾਲ ਗੁਰਦੁਆਰੇ ਗਈ ਸੀ.. ਕਿਤੇ ਕੋਮਲ ....?

ਓਹ ਨੋ!! ਮੈਂ ਕੀ ਕੁੱਝ ਬੋਲ ਦਿੱਤਾ, ਜੁਗਰਾਜ ਇਕਦਮ ਬੋਲਿਆ....

ਤੂੰ ਇੱਥੇ ਹੀ ਰਹਿ ਤੇ ਕਿਤੇ ਜਾਈਂ ਨਾਂਹ, ਕੋਮਲ ਦਾ ਧਿਆਨ ਰੱਖੀ ਮੈਂ ਵਾਪਸ ਆ ਰਿਹਾ। ਸ਼ਾਮਾਂ ਨੂੰ ਦਰਵਾਜ਼ਾ ਖੁੱਲ੍ਹਿਆ, ਜੁਗਰਾਜ ਨੇ ਅੰਦਰ ਆ ਕੇ ਸੱਭ ਤੋਂ ਪਹਿਲਾਂ ਕੋਮਲ ਦੇ ਕਮਰੇ ਵੱਲ ਰੁਖ ਕੀਤਾ। ਕੋਮਲ ਦੀਆਂ ਅੱਖਾਂ ਅਤੇ ਬੇ-ਸੁੱਧ ਹਾਲਤ ਨੇ ਸੱਭ ਕੁੱਝ ਸਾਫ਼ ਕਰ ਦਿੱਤਾ।

ਜੁਗਰਾਜ ਆਉਣ ਵਾਲੇ ਭਿਆਨਕ ਸੰਕਟ ਨੂੰ ਭਾਂਪ ਗਿਆ ਸੀ, ਪਰ ਚਲਾਕੀ ਨਾਲ ਪਲਟੀ ਮਾਰ ਕੇ ਕੋਮਲ ਕੋਲੋਂ ਮੁਆਫ਼ੀ ਮੰਗਣ ਲੱਗ ਪਿਆ... ਕਿ ਇਹ ਸੱਭ ਨਾਟਕ ਮੈਂ ਨਵਰੂਪ ਨਾਲ ਨਕਲੀ ਵਿਆਹ ਕਰਵਾ ਕੇ ਬਾਹਰ ਜਾਣ ਲਈ ਕੀਤਾ ਹੈ ਅਤੇ ਇਸ ਗੱਲ ਦਾ ਨਵਰੂਪ ਨੂੰ ਵੀ ਪਤਾ ਹੈ, ਬਾਕੀ ਹਨੀਮੂਨ ਇਹ ਤਾਂ ਸੱਭ ਮਜ਼ਾਕ ਦੀਆਂ ਗੱਲਾਂ ਸੀ... ਨਾ ਚਾਹੁੰਦਿਆਂ ਹੋਇਆ ਵੀ ਕੋਮਲ ਨੇ ਜੁਗਰਾਜ ਨੂੰ ਮੁਆਫ਼ ਕਰ ਦਿੱਤਾ ਤੇ ਹੋਣ ਵਾਲੇ ਬੱਚੇ ਬਾਰੇ ਵੀ ਦੱਸਿਆ। ਜੁਗਰਾਜ ਨੇ ਨਕਲੀ ਜਿਹੀ ਖੁਸ਼ੀ ਜ਼ਾਹਰ ਕਰਦਿਆਂ ਕਿਹਾ, 'ਇਹ ਸੱਭ ਕਦੋਂ ਹੋ ਗਿਆ... ਜੋ ਵੀ ਹੋਇਆ ਠੀਕ ਹੈ, ਹੁਣ ਤੂੰ ਕਿਸੇ ਗੱਲ ਦੀ ਚਿੰਤਾ ਨਾ ਲੈ ਤੇ ਆਪਣੇ ਬੱਚੇ ਵੱਲ ਧਿਆਨ ਦੇ।'

ਗੱਲ ਆਈ ਗਈ ਹੋ ਗਈ। ਕੋਮਲ ਵੀ ਸੱਭ ਕੁੱਝ ਭੁੱਲ-ਭੁਲਾ ਕੇ ਆਪਣੇ ਆਉਣ ਵਾਲੇ ਨਵੇਂ ਜੀਅ ਬਾਰੇ ਸੋਚਣ ਲੱਗ ਪਈ। ਸੱਤ ਮਹੀਨੇ ਹੋਏ ਤਾਂ ਕੋਮਲ ਦੀ ਤਕਲੀਫ਼ ਵੱਧ ਗਈ। ਜੁਗਰਾਜ ਨੂੰ ਵਾਪਸ ਆਪਣੇ ਕੋਲ ਬੁਲਾਇਆ ਪਰ ਜੁਗਰਾਜ ਕੰਮ ਵਿੱਚ ਬੀਜ਼ੀ ਹੋਣ ਦਾ ਬਹਾਨਾ ਬਣਾ ਕੇ ਪਾਸਾ ਵੱਟ ਗਿਆ ਤੇ ਮੁਫ਼ਤ ਦੀ ਸਲਾਹ ਦਿੱਤੀ, ' ਕਿ ਉਹ ਆਪਣੇ ਪੇਕੇ ਚਲੀ ਜਾਵੇ ਤਾਂ ਕਿ ਉਸਦੀ ਦੇਖਭਾਲ ਚੰਗੀ ਤਰ੍ਹਾਂ ਹੋ ਸਕੇ।'

ਮਜ਼ਬੂਰੀ-ਵੱਸ ਕਿਸੇ ਤਰ੍ਹਾਂ ਉਹ ਆਪਣੇ ਪੇਕੇ ਘਰ ਪਹੁੰਚ ਗਈ। ਇੱਕ ਤਾਂ ਉਸਦੀ ਤਕਲੀਫ ਵੱਧਦੀ ਜਾ ਰਹੀ ਸੀ ਦੂਜਾ ਹੁਣ ਉਸਨੂੰ ਜੁਗਰਾਜ ਦੇ ਵਤੀਰੇ ਦਾ ਦੁੱਖ ਸਤਾ ਰਿਹਾ ਸੀ। ਅਜੇ ਦੋ ਕੁ ਦਿਨ ਹੀ ਹੋਏ ਸੀ ਕਿ ਤਬੀਅਤ ਜ਼ਿਆਦਾ ਖ਼ਰਾਬ ਹੋਣ ਕਾਰਣ ਕੋਮਲ ਨੂੰ ਨੇੜੇ ਹੀ ਇੱਕ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ ਗਿਆ।

ਕੋਮਲ ਦਾ ਭਰਾ ਗੁਰਪ੍ਰੀਤ ਲਗਾਤਾਰ ਜੁਗਰਾਜ ਨੂੰ ਫ਼ੋਨ ਮਿਲਾਉਂਦਾ ਰਿਹਾ, ਰਿੰਗ ਜਾਂਦੀ ਰਹੀ ਪਰ ਉਸਨੇ ਫ਼ੋਨ ਨਾ ਚੁੱਕਿਆ ਤੇ ਬਾਅਦ ਵਿੱਚ ਜੁਗਰਾਜ ਨੇ ਮੋਬਾਇਲ ਦਾ ਸਵਿੱਚ ਆਫ਼ ਕਰ ਦਿੱਤਾ। ਉੱਧਰ ਡਾਕਟਰ ਨੇ ਦੱਸਿਆ ਕਿ ਬੱਚਾ ਮਿਸਕੈਰਿਜ ਹੋ ਗਿਆ ਹੈ ਅਤੇ ਅੰਦਰ ਜ਼ਹਿਰ ਫੈਲ ਰਿਹਾ ਹੈ, ਮਰੀਜ਼ ਦੀ ਜਾਨ ਨੂੰ ਵੀ ਖ਼ਤਰਾ ਹੈ। ਇਸ ਲਈ ਇਸਦੇ ਪਤੀ ਨੂੰ ਬੁਲਾਉ ਉਸਦੇ ਦਸਤਫ਼ਤ ਤੋਂ ਬਿਨ੍ਹਾਂ ਅਸੀਂ ਅਪਰੇਸ਼ਨ ਨਹੀਂ ਕਰ ਸਕਦੇ। ਪਰ ਜੁਗਰਾਜ ਇਸ ਗੱਲੋਂ ਬੇ-ਖ਼ਬਰ ਆਪਣੀ ਹੀ ਮੌਜ ਮਸਤੀ ਵਿੱਚ ਸੀ ਅਤੇ ਮੋਬਾਇਲ ਵੀ ਬੰਦ ਆ ਰਿਹਾ ਸੀ। ਆਖ਼ੀਰ ਕੋਮਲ ਦੇ ਭਰਾ ਦੀ ਬੇਨਤੀ ਅਤੇ ਮਰੀਜ਼ ਦੀ ਵਿਗੜਦੀ ਹਾਲਤ ਦੇਖ ਕੇ ਡਾਕਟਰ ਮੰਨ ਗਿਆ ਅਤੇ ਕੋਮਲ ਦਾ ਅਪ੍ਰੇਸ਼ਨ ਕੀਤਾ ਗਿਆ। ਬੱਚਾ ਸਾਰਾ ਖ਼ਰਾਬ ਹੋ ਚੁੱਕਾ ਸੀ

ਅਤੇ ਫਿਲੋਪੀਅਨ ਟਿਊਬ ਖ਼ਰਾਬ ਹੋ ਗਈ ਸੀ। ਪਰ ਕੋਮਲ ਨੂੰ ਬਚਾ ਲਿਆ ਗਿਆ...। ਇਸ ਘਟਨਾ ਤੋਂ ਬਾਅਦ ਜੁਗਰਾਜ ਕੇਵਲ ਇੱਕ ਵਾਰ ਹੀ ਕੋਮਲ ਨੂੰ ਮਿਲਣ ਆਇਆ, ਕੋਮਲ ਵੀ ਸਹੁਰੇ ਵਾਪਸ ਨਾ ਗਈ। ਛੇ ਮਹੀਨੇ ਇਸੇ ਤਰ੍ਹਾਂ ਲੰਘ ਗਏ ਅਤੇ ਪਤਾ ਲੱਗਾ ਕਿ ਜੁਗਰਾਜ ਅਤੇ ਨਵਰੂਪ ਵਿਦੇਸ਼ ਚਲੇ ਗਏ ਹਨ ਅਤੇ ਸ਼ਾਇਦ ਦੋਹਾਂ ਨੇ ਬਾਹਰ ਜਾ ਕੇ ਵਿਆਹ ਵੀ ਕਰਵਾ ਲਿਆ ਹੈ।

ਕੋਮਲ ਦੇ ਮਾਂ-ਬਾਪ ਇਸ ਸਬੰਧੀ ਅਦਾਲਤ ਵਿੱਚ ਕੇਸ ਕਰਨਾ ਚਾਹੁੰਦੇ ਨੇ, ਪਰ ਕੋਮਲ ਅਜੇ ਵੀ ਉਸਦੇ ਪਿਆਰ ਵਿੱਚ ਕਮਲੀ ਹੋਈ, ਇਸ ਬਾਰੇ ਕਦੇ ਸੋਚਦੀ ਵੀ ਨਹੀਂ ਕਿ ਉਹ ਕੇਸਾਂ ਦੇ ਚੱਕਰ ਵਿੱਚ ਪਵੇ। ਉਸਨੂੰ ਅੱਜ ਵੀ ਉਮੀਦ ਹੈ ਕਿ ਉਸਦਾ ਪਿਆਰ ਉਸਦਾ ਜੁਗਰਾਜ ਵਾਪਸ ਉਸ ਕੋਲ ਆਵੇਗਾ ਅਤੇ ਇਕ ਨਾ ਇੱਕ ਦਿਨ ਉਸਨੂੰ ਜ਼ਰੂਰ ਆਪਣੀ ਗਲਤੀ ਦਾ ਅਹਿਸਾਸ ਹੋਵੇਗਾ।

ਬੀ.ਟੈੱਕ ਤਾਂ ਉਸਨੇ ਪਹਿਲਾਂ ਹੀ ਕੀਤੀ ਹੋਈ ਸੀ ਪਰ ਜੁਗਰਾਜ ਤੋਂ ਬਿਨ੍ਹਾਂ, ਉਸਦੀ ਜ਼ਿੰਦਗੀ ਪੂਰੀ ਤਰ੍ਹਾਂ ਉਦਾਸ, ਇਕੱਲੇਪਣ ਅਤੇ ਬਿਮਾਰੀਆਂ ਵਿੱਚ ਨਾ ਗੁਜ਼ਰ ਜਾਵੇ, ਇਹ ਦੇਖਦਿਆਂ ਹੋਇਆ ਉਸਦੇ ਪਰਿਵਾਰ ਨੇ ਉਸਨੂੰ ਪੜ੍ਹਨ ਦੇ ਬਹਾਨੇ ਬਾਹਰ ਆਸਟ੍ਰੇਲੀਆ ਭੇਜ ਦਿੱਤਾ ਤਾਂ ਕਿ ਇਸ ਦਾ ਮਨ ਬਦਲ ਸਕੇ ਤੇ ਆਪਣੇ ਭਵਿੱਖ ਲਈ ਕੁੱਝ ਨਵਾਂ ਅਤੇ ਚੰਗਾ ਸੋਚ ਸਕੇ।

ਆਸਟ੍ਰੇਲੀਆ ਜਾ ਕੇ ਭਾਵੇਂ ਕੋਮਲ ਹੁਣ ਪੂਰੀ ਤਰ੍ਹਾਂ ਸੈੱਟ ਹੋ ਚੁੱਕੀ ਹੈ, ਪਰ ਅੱਜ ਵੀ ਸਮਝਾਉਣ ਦੇ ਬਾਵਜੂਦ ਉਹ ਆਪਣੇ ਭਵਿੱਖ ਬਾਰੇ ਨਹੀਂ ਸੋਚਦੀ ਅਤੇ ਨਾ ਹੀ ਵਾਪਸ ਇੰਡੀਆ ਆਉਣਾ ਚਾਹੁੰਦੀ ਹੈ। ਉਸਨੂੰ ਪਤਾ ਹੈ ਜੇਕਰ ਵਾਪਸ ਆਉਂਦੀ ਹੈ ਤਾਂ ਸ਼ਰੀਕੇ-ਭਾਈਚਾਰੇ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਹੋਣੀਆਂ ਹਨ, ਸਹੁਰੇ ਪਰਿਵਾਰ ਵਾਲਿਆਂ ਨੇ ਵੀ ਕਦੇ ਉਸਦੀ ਸਾਰ ਲੈਣੀ ਜ਼ਰੂਰੀ ਨਹੀਂ ਸਮਝੀ।

ਇੰਨੀ ਸਿਆਣੀ, ਪੜ੍ਹੀ-ਲਿਖੀ, ਹੋਣਹਾਰ ਕੋਮਲ ਪਤਾ ਨਹੀਂ ਕਿਉਂ, ਕਿਹੜੇ ਪਿਆਰ ਦੇ ਭੁਲੇਖੇ ਵਿੱਚ ਆਪਣੀ ਜਿੰਦਗੀ ਦਾ ਨਵਾਂ ਫੈਸਲਾ ਲੈਣ ਬਾਰੇ ਨਹੀਂ ਸੋਚ ਰਹੀ। ਅਜਿਹਾ ਇਸ਼ਕ ਦਾ ਕਿਹੜਾ ਬੁਖਾਰ ਹੈ, ਜੋ ਉਤਰਨ ਦਾ ਨਾਮ ਨਹੀਂ ਲੈ ਰਿਹਾ। ਹਾਂ ਠੀਕ ਹੈ, ਉਹ ਬੇਵਫ਼ਾ ਨਿਕਲਿਆ, ਪਰ ਕੀ ਕੋਮਲ ਦਾ ਇਹ ਫਰਜ਼ ਨਹੀਂ ਕਿ ਉਹ ਆਪਣੀ ਜਿੰਦਗੀ ਨਾਲ ਵਫਾ ਨਿਭਾਵੇ..? ਇਹੋ ਜਿਹੇ ਕਈ ਹੋਰ ਸਵਾਲ ਨੇ ਜਿਨ੍ਹਾਂ ਦਾ ਜੁਆਬ ਕੋਮਲ ਨਾ ਤਾਂ ਆਪਣੇ ਆਪ ਨੂੰ ਦੇ ਰਹੀ ਹੈ ਅਤੇ ਨਾ ਹੀ ਹੋਰਨਾਂ ਨੂੰ ...??

ਇਸ ਦੁਨੀਆਂ 'ਤੇ ਵਿਕਦੇ ਰਿਸ਼ਤਿਆਂ ਦੀ ਇਹ ਕਹਾਣੀ ਇੱਥੇ ਹੀ ਬੱਸ ਨਹੀਂ ਹੁੰਦੀ, ਕੋਈ ਕਿਸੇ ਦੇ ਪੈਸੇ ਲਈ ਵਿਕ ਜਾਂਦਾ ਹੈ, ਕੋਈ ਜਿਸਮਾਂ ਦੇ ਲਾਲਚ ਵਿੱਚ ਵਿਕ ਜਾਂਦਾ ਹੈ ਅਤੇ ਕਿਤੇ ਪਤੀ-ਪਤਨੀ ਦੇ ਰਿਸ਼ਤੇ ਤੱਕ ਵੀ ਵਿਕ ਜਾਂਦੇ ਨੇ.. ਜਿਹੜੇ ਕਿ ਸਾਡੇ ਧਰਮ-ਗ੍ਰੰਥਾਂ ਵਿੱਚ ਸਭ ਤੋਂ ਪਵਿੱਤਰ ਰਿਸ਼ਤੇ ਮੰਨੇ ਗਏ ਹਨ। ਖੈਰ!

***********



ਉਹ ਬੜਾ ਗੰਭੀਰ ਅਤੇ ਥੋੜ੍ਹਾ ਜਿਹਾ ਸ਼ਰਮਿੰਦਗੀ ਨਾਲ ਆਸੇ-ਪਾਸੇ ਦੇਖ ਕੇ ਮੇਰੇ ਤੋਂ ਅੱਖਾਂ ਚੁਰਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਸੱਚੀਂ ਬੜਾ ਹੀ ਕਿਊਟ ਲੱਗ ਰਿਹਾ ਸੀ। ਮੈਂ ਅੰਦਰੋਂ ਬਹੁਤ ਖੁਸ਼ ਸੀ। ਮੈਂ ਉਸਨੂੰ ਕਾਫੀ ਲੈਣ ਲਈ ਕਿਹਾ, ਉਹ ਥੋੜ੍ਹਾ ਸਥਿਰ ਹੋ ਰਿਹਾ ਸੀ, ਪਰ ਚੁੱਪ ਸੀ। ਮੈਂ ਕਿਹਾ, 'ਵੈਸੇ ਕਮਾਲ ਕਰ 'ਤੀ ਸਰਦਾਰ ਸਾਹਬ ਤੁਸੀਂ'!

# ਉਹ



ਇਹ ਕੋਈ ਪਹਿਲੀ ਵਾਰ ਨਹੀਂ ਸੀ ਹੋਇਆ ਕਿ ਉਸਨੇ ਮੈਨੂੰ ਡੇਟ 'ਤੇ ਜਾਣ ਲਈ ਕਿਹਾ ਹੋਵੇ। ਮੈਂ ਉਸਨੂੰ ਲਗਭਗ ਪਿਛਲੇ ਦੋ ਸਾਲਾਂ ਤੋਂ ਜਾਣਦੀ ਸੀ। ਪਹਿਲੀ ਵਾਰ ਉਸਨੂੰ ਆਈਲਸ ਸੈਂਟਰ 'ਤੇ ਮਿਲੀ ਸੀ, ਉਹ ਮੇਰੇ ਹੀ ਬੈਚ ਵਿੱਚ ਸੀ ਅਤੇ ਸਾਡੀ ਇੰਨਰਾਲਮੈਂਟ ਵੀ ਇੱਕੋ ਹੀ ਦਿਨ, ਇਕੋ ਹੀ ਸਮੇਂ ਹੋਈ ਸੀ ਅਤੇ ਇਸੇ ਕਰਕੇ ਜਿਸ ਦਿਨ ਮੇਰਾ ਕਲਾਸ ਵਿੱਚ ਪਹਿਲਾ ਦਿਨ ਸੀ, ਉਹੀ ਇੱਕ ਮੇਰਾ ਜਾਣੂੰ ਸੀ। ਸ਼ਾਇਦ ਇਸ ਕਰਕੇ ਵੀ ਅਸੀਂ ਥੋੜ੍ਹਾ ਇੱਕ ਦੂਜੇ ਦੇ ਨੇੜੇ ਸੀ।

ਸਮਾਂ ਲੰਘਿਆ ਸਾਡਾ ਦੋਹਾਂ ਦਾ ਕੋਰਸ ਪੂਰਾ ਹੋ ਗਿਆ। ਹੁਣ ਕਦੇ ਕਦੇ ਵੱਟਸਐਪ ਮੈਸਜ ਕਰ ਦਿੰਦਾ ਸੀ। ਭਾਵੇਂ ਕਿ ਅਸੀਂ ਇਕ ਦੂਜੇ ਦੇ ਸੁਭਾਅ, ਸੋਚ ਅਤੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਜਾਣਦੇ ਸੀ। ਉਸਦਾ ਲਹਿਜ਼ਾ ਬਹੁਤ ਮਜ਼ਾਕੀਆ ਸੀ, ਪਰ ਜਦ ਕਦੇ ਕਿਸੇ ਗੰਭੀਰ ਵਿਸ਼ੇ ਉੱਤੇ ਗੱਲ ਕਰਦਾ ਤਾਂ ਮਾਨੋ ਕਿਸੇ ਫ਼ਿਲਾਸਫਰ ਤੋਂ ਘੱਟ ਨਹੀਂ ਲੱਗਦਾ ਸੀ। ਉਸਦਾ ਨਜ਼ਰੀਆ ਹਰ ਛੋਟੀ ਜਾਂ ਵੱਡੀ ਘਟਨਾ ਬਾਰੇ ਬੜਾ ਹੀ ਨਿਰਪੱਖ, ਵਧੀਆ ਅਤੇ ਨਵਾਂ ਜਿਹਾ ਹੁੰਦਾ ਸੀ, ਜੋ ਆਮ ਇਨਸਾਨ ਦੀ ਸਮਝ ਵਿੱਚ ਆਉਣ ਦੇ ਬਾਵਜੂਦ, ਸਮਝ ਤੋਂ ਬਾਹਰ ਰਹਿੰਦਾ ਸੀ।

ਜਦ ਉਸਦੇ ਮੈਸਜ ਦਾ ਜੁਆਬ ਦਿੰਦੀ ਜਾਂ ਕਦੇ ਉਸ ਨਾਲ ਘੜੀ ਦੋ ਘੜੀ ਚਾਟ ਕਰਦੀ ਤਾਂ ਲੱਗਦਾ ਸੀ ਜਿਵੇਂ ਉਹ ਮੇਰੇ ਨਾਲ ਫਲਰਟ ਕਰ ਰਿਹਾ ਹੈ, ਇਸ ਗੱਲ ਦਾ ਉਸਨੂੰ ਵੀ ਅਹਿਸਾਸ ਸੀ, ਅਹਿਸਾਸ ਹੁੰਦਾ ਵੀ ਕਿਉਂ ਨਾ ਅੱਜ-ਕੱਲ੍ਹ ਦੇ ਸਮੇਂ ਵਿੱਚ ਇਹ ਪਿਆਰ, ਇਸ਼ਕ ਵਗੈਰਾ ਫ਼ਿਲਮੀ ਗੱਲਾਂ ਤੋਂ ਵੱਧ ਕੁੱਝ ਰਿਹਾ ਹੀ ਨਹੀਂ ਹੈ। ਜੋ ਕੁੱਝ ਸਾਡੇ ਆਲੇ-ਦੁਆਲੇ ਵਾਪਰ ਰਿਹਾ ਹੈ, ਇਹ ਸੱਭ ਇੱਕ ਤਮਾਸ਼ਾ ਜਿਹਾ ਹੀ ਤਾਂ ਹੈ। ਸੱਚ ਕਿੱਥੇ ਹੈ? ਅੱਜ ਦੇ ਸਮੇਂ ਵਿੱਚ ਜਦ ਭਰਾ-ਭਰਾ ਦਾ ਵੈਰੀ ਬਣਿਆ ਪਿਆ ਹੈ, ਜਦ ਪੁੱਤਰ ਆਪਣੇ ਹੀ ਪਿਉ ਦੇ ਖਿਲਾਫ਼ ਥਾਣਿਆਂ ਕਚਹਿਰੀਆਂ ਵਿੱਚ ਕੇਸ ਕਰ ਰਿਹਾ ਹੈ, ਜਦ ਪਤੀ-ਪਤਨੀ ਦਾ ਪਵਿੱਤਰ ਰਿਸ਼ਤਾ ਇੱਕ ਵਿਉਪਾਰ ਬਣਦਾ ਨਜ਼ਰ ਆ ਰਿਹਾ ਹੈ ਪਰ ਉਹ ਸੀ ਕਿ ਕਈ ਵਾਰ ਲੱਗਦਾ ਸੀ ਕਿ ਉਹ ਮੁਕੰਮਲ ਇਨਸਾਨ ਹੈ। ਮੈਂ ਉਸਦੀ ਜ਼ਿੰਦਗੀ ਵਿੱਚ ਝਾਕਣ ਦੀ ਕੋਸ਼ਿਸ਼ ਕੀਤੀ ਤਾਂ ਦਹਿਲੀਜ਼ ਵੀ ਨਹੀਂ ਸੀ ਟੱਪੀ ਕਿ ਉਸਦੀ ਛੋਟੀ ਉਮਰੇ ਹੀ ਉਸ ਵੱਲੋਂ ਝੇਲੀਆਂ ਵੱਡੀਆਂ ਮੁਸੀਬਤਾਂ ਨੂੰ ਮੈਂ ਨਾ ਤਾਂ ਹੋਰ ਸੁਣ ਸਕਦੀ ਸੀ, ਨਾ ਮੇਰੇ ਵਿੱਚ

ਸਮਰੱਥਾ ਸੀ, ਨਾ ਹੀ ਉਸਦੇ ਬੋਲਾਂ ਨੂੰ ਬਰਦਾਸ਼ਤ ਕਰ ਸਕਦੀ ਸੀ, ਜਿਹੜੇ ਬੋਲ, ਬੋਲ ਕੇ ਉਸਨੇ ਮੈਨੂੰ ਆਪਣੀ ਜ਼ਿੰਦਗੀ ਦੀ ਕਹਾਣੀ ਦੱਸਣੀ ਸ਼ੁਰੂ ਕੀਤੀ ਸੀ। ਮੈਂ ਟਾਲ-ਮਟੋਲ ਕਰਕੇ ਉਸਦੀ ਕਹਾਣੀ ਨੂੰ ਹੋਰ ਅੱਗੇ ਵੱਧਣ ਤੋਂ ਰੋਕ ਦਿੱਤਾ। ਤੇ ਬੱਸ ਇੰਨਾਂ ਹੀ ਕਿਹਾ, ਹੁਣ ਹੋਰ ਨਹੀਂ, ਅੱਗੇ ਵਧੋ। ਛੱਡੋ ਅਤੀਤ ਨੂੰ। ਤਾਂ ਉਹ ਜਿਸ ਪੀੜ੍ਹਾ ਵਿੱਚੋਂ ਆਪਣੇ ਦਿਲ ਨੂੰ ਉਧੇੜ ਰਿਹਾ ਸੀ, ਇੱਕ ਦਮ ਸੰਭਲ ਕੇ, ਬੁੱਲ੍ਹਾਂ ਉੱਤੇ ਮੁਸਕਰਾਹਟ ਲਿਆ ਕੇ, ਵੱਡੇ ਹੌਂਸਲੇ ਤੇ ਬੁਲੰਦ ਅਵਾਜ਼ ਨਾਲ ਕਹਿਣ ਲੱਗਾ,' ਮੈਂ ਤਾਂ ਅੱਗੇ ਵੱਧ ਰਿਹਾ ਹਾਂ, ਤੂੰ ਹੀ ਪਿੱਛੇ ਲੈ ਕੇ ਗਈ ਸੀ ਤੇ ਗੱਲ ਨੂੰ ਇੱਥੇ ਹੀ ਖ਼ਤਮ ਕਰ ਗਿਆ।'

ਮੇਰੀ ਜ਼ਿੰਦਗੀ ਵਿੱਚ ਕੋਈ ਹੋਰ ਸ਼ਖਸ ਨਹੀਂ ਸੀ, ਨਾ ਹੀ ਇੰਨਾ ਚੀਜ਼ਾਂ ਬਾਰੇ ਕਦੇ ਸੋਚਿਆ ਸੀ, ਨਾ ਹੀ ਸਮਾਂ ਸੀ। ਬੱਸ ਪਹਿਲਾਂ ਪੜ੍ਹਾਈ ਵਿੱਚ, ਫਿਰ ਘਰ ਦੇ ਕੰਮਾਂ ਵਿੱਚ ਤੇ ਫਿਰ ਵੰਨ-ਸੁਵੰਨੇ ਕੋਰਸਾਂ ਵਿੱਚ ਉਲਝੀ ਰਹਿੰਦੀ ਸਾਂ। ਹਾਂ, ਇਹ ਜ਼ਰੂਰ ਥੋੜ੍ਹਾ ਕੁੱਝ ਖ਼ਾਸ ਸੀ ਤੇ ਬਿਨ੍ਹਾਂ ਸ਼ੱਕ ਮੈਨੂੰ ਉਸ ਨਾਲ ਕੁੱਝ ਸਮਾਂ ਬਤੀਤ ਕਰਨਾ ਚੰਗਾ ਲੱਗਦਾ ਸੀ। ਕੁੱਝ ਤਾਂ ਉਸਦੀਆਂ ਗੱਲਾਂ-ਬਾਤਾਂ ਵਿੱਚ ਬਹੁਤ ਰੌਚਕਤਾ ਹੁੰਦੀ ਸੀ ਤੇ ਦੂਜਾ ਉਸ ਨਾਲ ਸਮੇਂ ਦਾ ਪਤਾ ਹੀ ਨਹੀਂ ਸੀ ਚੱਲਦਾ ਕਿ ਕਿੱਥੇ ਗਿਆ?

ਆਹ ਦਸੰਬਰ ਮਹੀਨੇ, ਫਿਰ ਉਸਦਾ ਮੈਸਜ਼ ਆਇਆ। ਬਾਹਰ ਪੈ ਰਹੀ ਧੁੰਦ, ਧੁੰਦ ਕਾਰਨ ਵਾਪਰ ਰਹੇ ਹਾਦਸਿਆਂ ਬਾਰੇ ਗੱਲ ਚੱਲੀ ਤੇ ਚੱਲਦੀ ਹੋਈ ਕੌਫੀ ਦੇ ਕੱਪ 'ਤੇ ਜਾ ਮੁੱਕੀ। ਪਤਾ ਨਹੀਂ ਕਿਉਂ ਮੈਂ ਇਹ ਮੈਸਜ ਕਰ ਦਿੱਤਾ ਕਿ, ਇੰਨੀ ਠੰਡ ਹੈ ਚੱਲੋ ਕਿਤੇ ਕੌਫੀ ਪੀਣ ਚੱਲਦੇ ਹਾਂ। ਪਹਿਲਾਂ ਤਾਂ ਉਸਨੇ ਜੁਆਬ ਵਿੱਚ ਹੈਰਾਨੀ ਵਾਲਾ ਈਮੋਜ਼ੀ ਭੇਜਿਆ ਅਤੇ ਫਿਰ ਪੁੱਛਿਆ, 'ਰੀਅਅਲਈ??'

ਮੈਂ ਵੀ 'ਯਾਹ' ਲਿਖ ਕੇ ਭੇਜ ਦਿੱਤਾ। ਤਾਂ ਕਹਿਣ ਲੱਗਾ, ਮੈਂ ਇੰਨੀ ਵਾਰ ਕਿਹਾ ਪਹਿਲਾਂ ਤਾਂ ਕਦੇ ਮੰਨੀ ਨਹੀਂ, ਅੱਜ ਅਚਾਨਕ ਇਸ ਗ਼ਰੀਬ ਨਾਲ ਕੌਫੀ ਪੀਣ ਦਾ ਦਿਲ ਕਿਵੇਂ ਕਰ ਆਇਆ?'

ਮੈਂ ਵੀ ਮਜ਼ਾਕੀਆ ਜਿਹਾ ਕਹਿ ਦਿੱਤਾ, 'ਦਿਲ ਦਾ ਕੀ ਹੈ? ਬੱਸ ਸਮਝੋ ਕਿ ਦਿਲ ਕਰ ਹੀ ਆਇਆ, ਹੁਣ ਇਹ ਦੱਸੋ ਤੁਸੀਂ ਕਦੋਂ ਪਿਆਉਣੀ ਹੈ ਕੌਫੀ?'

ਉਹ ਕਹਿਣ ਲੱਗਾ, ਜਲਦੀ! ਬੱਸ ਦੋ ਦਿਨ ਬਾਅਦ ਐਤਵਾਰ ਹੈ, ਮੈਂ ਵੀ ਉਸ ਦਿਨ ਵਿਹਲਾ ਹੋਵਾਂਗਾ ਤੇ ਮੇਰੇ ਖਿਆਲ ਵਿੱਚ ਤੂੰ ਵੀ? ਸੋ ਮਿਲਦੇ ਆ ਫਿਰ ਆਉਂਦੇ ਐਤਵਾਰ! ਬੱਸ ਹੁਣ ਤੁਸੀਂ ਮੁੱਕਰ ਨਾ ਜਾਣਾ...।

ਮੈਂ ਵੀ ਹਾਂ ਕਰ ਦਿੱਤੀ। ਉਸਨੇ ਫਿਰ ਜੁਆਬੀ ਮੈਸਜ ਵਿੱਚ 'ਥੈਂਕਸ ਯੂ ਸੋ ਮੱਚ' ਲਿਖ ਕੇ ਕਿਹਾ, 'ਤੂੰ ਮੇਰਾ ਬੜੀ ਦੇਰ ਦਾ ਸੁਪਨਾ ਪੂਰਾ ਕਰਨ ਜਾ ਰਹੀ ਹੈਂ? ਇਹ ਦੱਸ ਕਿ ਕਾਰ 'ਤੇ ਜਾਣਾ ਜਾਂ ਮੇਰੀ ਬਾਈਕ 'ਤੇ?'

ਮੈਂ ਜੁਆਬ ਵਿੱਚ, 'ਜਿਵੇਂ ਤੁਹਾਡੀ ਮਰਜ਼ੀ' ਲਿਖ ਕੇ ਭੇਜ ਦਿੱਤਾ।

ਖ਼ੈਰ ! ਅੱਜ ਐਤਵਾਰ ਸੀ। ਤਿੰਨ ਵੱਜ ਕੇ ਤੀਹ ਮਿੰਟ ਤੇ ਅਸੀਂ ਮੁਕੱਰਰ ਕੀਤੀ ਜਗ੍ਹਾ 'ਤੇ ਜਾ ਮਿਲੇ ਅਤੇ ਅਗੋਂ ਉਸਦੀ ਕਾਰ ਵਿੱਚ ਕੌਫੀ ਸ਼ਾਪ ਲਈ ਰਵਾਨਾ ਹੋ ਗਏ।

ਸੜਕਾਂ 'ਤੇ ਚੱਲ ਰਹੀਆਂ ਗੱਡੀਆਂ ਆਪਣੀ ਸਪੀਡ ਵਿੱਚ ਚੱਲ ਰਹੀਆਂ ਸਨ। ਉਹ ਬਹੁਤ ਅਰਾਮ ਨਾਲ, ਸੜਕ ਦੇ ਇੱਕ ਪਾਸੇ ਆਪਣੀ ਕਾਰ ਚਲਾ ਰਿਹਾ ਸੀ। ਕਦੇ ਤਾਕੀ ਦੇ ਬਾਹਰਵਾਰ ਲੱਗੇ ਸ਼ੀਸ਼ੇ ਵਿੱਚੋਂ ਪਿੱਛੇ ਆ ਰਹੀਆਂ ਗੱਡੀਆਂ ਦੇਖਦਾ ਕਦੇ ਅੰਦਰ ਛੱਤ ਨਾਲ ਲੱਗੇ ਸ਼ੀਸ਼ੇ ਵਿੱਚ ਪਿੱਛੇ ਨੂੰ ਦੇਖਦਾ, ਤੇ ਕਦੇ ਕਦੇ ਅੱਖ ਚੁਰਾ ਕੇ ਮੈਨੂੰ ਤੱਕ ਲੈਂਦਾ। ਧੀਮੀ ਜਿਹੀ ਅਵਾਜ਼ ਵਿੱਚ ਪੁਰਾਣੇ ਗੀਤ ਚੱਲ ਰਹੇ ਸਨ, ਵਿੱਚ ਵਿੱਚ ਥੋੜ੍ਹਾ ਜਿਹਾ ਚੱਲ ਰਹੇ ਗੀਤ ਨੂੰ ਗੁਣਗੁਣਾ ਦਿੰਦਾ। ਕਦੀਂ ਇੰਝ ਲੱਗਦਾ ਕਿ ਕੁੱਝ ਸੋਚ ਰਿਹਾ ਹੈ, ਕਦੇ ਲੱਗਦਾ ਕਿ ਬੱਸ ਹੁਣ ਕੁੱਝ ਬੋਲੇਗਾ, ਕਦੇ ਮਹਿਸੂਸ ਹੋਇਆ ਕਿ ਉਦਾਸ ਹੈ, ਕੁੱਝ ਸਮਝ ਨਹੀਂ ਸੀ ਆ ਰਹੀ, ਭਾਵੇਂ ਕਿ ਇਹ ਸਭ ਮੈਨੂੰ ਵੀ ਚੰਗਾ ਲੱਗ ਰਿਹਾ ਸੀ, ਪਰ ਕਾਰ ਵਿੱਚ ਸਿਰਫ ਅਸੀਂ ਦੋਵੇਂ ਹੀ ਸੀ, ਸ਼ਾਇਦ ਕੁੜੀ ਹੋਣ ਕਰਕੇ ਚੁੱਪ ਕਰਕੇ ਬੈਠਣਾ ਮੇਰੇ ਲਈ ਵੀ ਜ਼ਰਾ ਔਖਾ ਸੀ, ਇਸ ਲਈ ਮੈਂ ਕੋਈ ਗੱਲ ਸੁਣਨੀ ਜਾਂ ਕਰਨੀ ਚਾਹੁੰਦੀ ਸੀ।

ਚੁੱਪੀ ਤੋੜਨ ਲਈ ਮੈਂ ਕੁੱਝ ਬੋਲਣ ਹੀ ਲੱਗੀ ਸੀ ਕਿ ਉਹ ਆਪ ਬੋਲ ਹੀ ਪਿਆ, 'ਅੱਜ ਸੂਟ ਬਹੁਤ ਸੁਹਣਾ ਪਾ ਕੇ ਆਈਂ ਹੈਂ? ਜਿਵੇਂ ਆਪਣੇ ਦੋਸਤ ਨਾਲ ਨਹੀਂ ਆਪਣੇ ਲਵਰ ਨਾਲ ਕੌਫੀ ਪੀਣ ਚੱਲੀ ਹੋਵੇਂ?

ਮੈਂ ਵੀ ਹੈਰਾਨੀ ਭਰੇ ਅੰਦਾਜ਼ ਵਿੱਚ, ਫਿਰ ਮੁਸਕਰਾਉਂਦੇ ਹੋਏ ਕਿਹਾ, ਐਡੀ ਵੀ ਕੋਈ ਗੱਲ ਨਹੀਂ ਹੈ। ਉਸਨੇ ਵੀ ਲੰਮਾ ਜਿਹਾ, 'ਅੱਛਾ ਜੀ' ਕਹਿ ਕੇ ਆਪਣੀ ਗੱਲ ਤੋਰਦਿਆਂ ਕਿਹਾ, ਪਰ ਮੇਰੇ ਲਈ ਇਹ ਬਹੁਤ ਵੱਡੀ ਗੱਲ ਹੈ। ਹੋ ਸਕਦਾ ਹੈ ਅੱਜ ਸਾਡੀ ਇਹ ਪਹਿਲੀ ਮੁਲਾਕਾਤ, ਮੁਲਾਕਾਤਾਂ ਦਾ ਸਿਲਸਲਾ ਸ਼ੁਰੂ ਕਰਨ ਲਈ ਨੀਂਹ ਦਾ ਕੰਮ ਕਰੇ ਤੇ ਇਹ ਵੀ ਹੋ ਸਕਦਾ ਕਿ ਸਾਡੀ ਇਹ ਮੁਲਾਕਾਤ ਆਖਰੀ ਹੋਵੇ, ਹੋ ਸਕਦਾ ਅੱਜ ਤੁਹਾਨੂੰ ਮੇਰੀਆਂ ਕੁੱਝ ਗੱਲਾਂ ਬਿਲਕੁਲ ਪਸੰਦ ਨਾ ਆਉਣ ਅਤੇ ਹੋ ਸਕਦਾ ਬਹੁਤ ਪਸੰਦ ਆਉਣ।

ਅੱਛਾ ਜੀ ! ਦੇਖਦੇ ਹਾਂ, ਕੀ ਬਣਦਾ ਹੈ? ਤੇ ਕਿਹੜੀਆਂ ਨੇ ਤੁਹਾਡੀਆਂ ਉਹ ਗੱਲਾਂ, ਜੋ ਮੇਰੀ ਪਸੰਦ ਜਾਂ ਨਾ-ਪਸੰਦ ਉੱਤੇ ਐਨਾ ਨਿਰਭਰ ਕਰਦੀਆਂ ਨੇ, ਮੈਂ ਸਹਿਜ ਸੁਭਾਅ ਕਹਿ ਦਿੱਤਾ।

ਉਹ ਫਿਰ ਕਹਿਣ ਲੱਗਾ, 'ਮੈਡਮ ਜੀ ! ਅੱਜ ਦਾ ਦਿਨ ਮੇਰੇ ਲਈ ਬਹੁਤ ਹੀ ਵਧੀਆ ਅਤੇ ਮਹਿੰਗਾ ਦਿਨ ਹੈ। ਮੈਂ ਇਸ ਦਿਨ ਲਈ ਬਹੁਤ ਇੰਤਜ਼ਾਰ ਕੀਤਾ ਹੈ, ਇਸੇ ਲਈ ਮੈਂ ਇਸਨੂੰ ਮੇਰੀ ਜ਼ਿੰਦਗੀ ਦੇ ਯਾਦਗਾਰ ਪਲਾਂ ਵਿੱਚ ਬਦਲਣਾ ਚਾਹੁੰਦਾ

ਹਾਂ' ਕਹਿੰਦੇ ਹੋਏ ਉਸਨੇ ਆਪਣੇ ਸੱਜੇ ਹੱਥ ਨਾਲ ਕੋਟ ਦੇ ਅੰਦਰ ਖੱਬੀ ਜੇਬ ਵਿੱਚ ਹੱਥ ਪਾਇਆ ਅਤੇ ਇੱਕ ਬਹੁਤ ਹੀ ਸੁਹਣੀ ਗੁੱਟ-ਘੜੀ ਕੱਢ ਕੇ, ਮੇਰੇ ਵੱਲ ਵਧਾ ਦਿੱਤੀ ਤੇ ਕਹਿਣ ਲੱਗਾ, 'ਮੇਰੇ ਵੱਲੋਂ ਇੱਕ ਛੋਟਾ ਜਿਹਾ ਤੋਹਫ਼ਾ ਕਬੂਲ ਕਰੋ। ਉਮਦੀ ਹੈ ਤੁਸੀਂ ਫਾਰਮੇਲਟੀ ਕਰਦਿਆਂ ਨਾਂਹ ਨਹੀਂ ਕਹੋਗੇ ਤੇ ਇਸ ਨੂੰ ਬਿਨ੍ਹਾਂ ਝਿਜਕ ਕਬੂਲ ਫ਼ੁਰਮਾਉਗੇ।'

ਮੈਂ ਫਿਰ ਵੀ ਕਿਹਾ, 'ਵੈਸੇ ਇਸ ਦੀ ਲੋੜ ਨਹੀਂ ਸੀ, ਪਰ ਜਿਸ ਅਦਬ ਨਾਲ ਤੁਸੀਂ ਦੇ ਰਹੇ ਹੋ ਨਾਂਹ ਨਹੀਂ ਹੋ ਸਕਦੀ। ਪਰ ਹਾਂ, ਇਹ ਗੁੱਟ ਘੜੀ ਤੁਸੀਂ ਆਪ ਹੀ ਮੇਰੇ ਗੁੱਟ 'ਤੇ ਪਹਿਨਾ ਦਿਉਗੇ ਤਾਂ ਚੰਗਾ ਲੱਗੇਗਾ'

ਤਾਂ ਉਸਨੇ ਕਿਹਾ ਠੀਕ ਹੈ, ਕੌਫੀ ਸ਼ੌਪ ਤੇ ਜਾ ਕੇ ਪਹਿਨਾ ਦੇਵਾਂਗਾ। ਤਾਂ ਮੈਂ ਉਹ ਗੁੱਟ-ਘੜੀ ਉਸਦੇ ਹੱਥਾਂ ਵਿੱਚੋਂ ਲੈ ਲਈ।

ਕੌਫੀ ਸ਼ੌਪ ਤੇ ਕਾਰ ਰੋਕਣ ਤੋਂ ਬਾਅਦ ਮੈਨੂੰ ਕਾਰ ਵਿੱਚ ਹੀ ਬੈਠੇ ਰਹਿਣ ਦਾ ਇਸ਼ਾਰਾ ਕਰ ਕੇ ਆਪ ਤਾਕੀ ਖੋਲ੍ਹ ਕੇ ਬਾਹਰ ਨਿਕਲਿਆ ਅਤੇ ਫਿਰ ਮੇਰੇ ਵਾਲੇ ਪਾਸੇ ਦੀ ਤਾਕੀ ਖੋਲ੍ਹ ਕੇ, ਮੈਨੂੰ ਉੱਤਰਨ ਲਈ ਕਿਹਾ। ਮੈਨੂੰ ਪਤਾ ਸੀ ਇਹ ਸੱਭ ਫਲਰਟ ਕਰ ਰਿਹਾ ਹੈ, ਪਰ ਇੰਜ ਵੀ ਲੱਗਦਾ ਸੀ ਕਿਤੇ ਇਹ ਪਿਆਰ-ਵਿਆਰ ਦੇ ਚੱਕਰ 'ਚ ਨਾ ਪੈ ਜਾਵੇ ਮੇਰੇ ਨਾਲ। ਪਰ ਮੈਂ ਉਸਦੀ ਨੀਅਤ ਤੇ ਕਦੇ ਵੀ ਸ਼ੱਕ ਨਹੀਂ ਸੀ ਕੀਤਾ। ਉਸਦੀ ਹਰ ਗੱਲ ਬੜੀ ਸਾਫਗੋਈ ਜਿਹੀ ਹੁੰਦੀ ਸੀ।

ਕੌਫੀ ਸ਼ਾਪ 'ਤੇ ਜਾ ਕੇ ਉਸਨੇ ਮੇਰੇ ਗੁੱਟ 'ਤੇ ਉਹ ਘੜੀ ਬੰਨ੍ਹ ਦਿੱਤੀ, ਮੈਂ ਘੜੀ ਦਾ ਸਰਾਹਣਾ ਕੀਤੀ ਤਾਂ ਉਹ ਇੱਕ ਦਮ ਆਪਣੀ ਕੁਰਸੀ ਤੋਂ ਉੱਠ ਕੇ, ਮੇਰੇ ਕੋਲ ਆ ਕੇ ਮੇਰੇ ਪੈਰਾਂ ਵਿੱਚ ਬੈਠ ਗਿਆ। ਮੈਂ ਇਕ ਦਮ ਰੋਕਿਆ ਇਹ ਸੱਭ ਕੀ ਕਰ ਰਹੇ ਹੋ? ਉਸਨੇ ਇਕਦਮ ਮੇਰੇ ਹੱਥ ਨੂੰ ਆਪਣੇ ਹੱਥਾਂ ਨਾਲ ਘੁੱਟ ਕੇ ਫੜ ਲਿਆ ਅਤੇ ਅੱਖਾਂ ਵਿੱਚ ਅੱਖਾਂ ਪਾ ਕੇ ਆਪਣੀ ਥਾਂ ਬੈਠੇ ਰਹਿਣ ਦਾ ਇਸ਼ਾਰਾ ਕੀਤਾ। ਪਤਾ ਨਹੀਂ ਕਿਉਂ ਮੈਂ ਉਸਦੀ ਇਹ ਗੱਲ ਮੰਨ ਲਈ।

ਮੈਂ ਥੋੜੀ ਨਰਵਸ ਜਿਹੀ ਹੋਈ, ਪਰ ਉਸਨੇ ਬੜੇ ਗੰਭੀਰ ਸ਼ਬਦਾਂ ਵਿੱਚ ਬੋਲਣਾ ਸ਼ੁਰੂ ਕੀਤਾ, 'ਮੈਂ ਤੇਰੀ ਜ਼ਿੰਦਗੀ ਦਾ ਕਦੇ ਵੀ ਹਿੱਸਾ ਨਹੀਂ ਬਣ ਸਕਦਾ, ਨਾ ਹੀ ਕਦੇ ਸੋਚ ਸਕਦਾ ਹੈ, ਮੈਨੂੰ ਤੇਰੇ ਮਾਂ-ਬਾਪ ਦੀਆਂ ਸੱਧਰਾਂ ਤੇ ਆਸਾਂ ਦਾ ਖਿਆਲ ਹੈ, ਮੈਂ ਤੇਰੇ ਜਿੰਦਗੀ ਪ੍ਰਤੀ ਤੇਰੇ ਹੱਕਾਂ ਅਤੇ ਤੇਰੀ ਮਰਜ਼ੀ ਦੇ ਫੈਸਲੇ ਤੈਨੂੰ ਕਰਨ ਦੇ ਅਧਿਕਾਰਾਂ ਬਾਰੇ ਵੀ ਜਾਣਦਾ ਹਾਂ। ਤੇਰੀ ਜ਼ਿੰਦਗੀ ਦਾ ਫੈਸਲਾ ਤੂੰ ਕਰਨਾ ਹੈ ਅਤੇ ਤੈਨੂੰ ਹੀ ਕਰਨਾ ਚਾਹੀਦਾ ਹੈ। ਮੈਨੂੰ ਪਤਾ ਵੀ ਹੈ ਤੇਰੀ ਜ਼ਿੰਦਗੀ ਵਿੱਚ ਅਜਿਹਾ ਕੁੱਝ ਵੀ ਨਹੀਂ ਹੈ ਅਤੇ ਨਾ ਹੀ ਕੋਈ ਹੋਰ ਸ਼ਖ਼ਸ ਹੈ, ਜਿਸ ਨਾਲ ਤੂੰ ਪੂਰੀ ਜ਼ਿੰਦਗੀ ਬਿਤਾਉਣ ਬਾਰੇ ਸੋਚਿਆ ਹੋਵੇ। ਪਰ ਇਹ ਸੱਚ ਹੈ ਕਿ ਮੈਂ ਚਾਹੁੰਦਾ ਹਾਂ ਮੈਂ ਉਹ ਥਾਂ ਲੈ

ਲਵਾਂ, ਜੋ ਅਜੇ ਤੱਕ ਖ਼ਾਲੀ ਹੈ ਜਾਂ ਮੇਰੇ ਤੋਂ ਬਿਨ੍ਹਾਂ ਜਾਂ ਮੇਰੇ ਤੋਂ ਬਾਅਦ ਕਿਸੇ ਹੋਰ ਨੂੰ ਮਿਲਣੀ ਹੈ। ਮੈਂ ਇਹ ਗੱਲਾਂ ਤੈਨੂੰ ਆਪਣੀ ਹਿੱਕ ਨਾਲ ਲਾ ਕੇ ਤੇਰੇ ਕੰਨਾਂ ਵਿੱਚ ਵੀ ਕਰ ਸਕਦਾ ਸੀ, ਪਰ ਮੈਂ ਤੇਰੇ ਕਦਮਾਂ ਵਿੱਚ ਬੈਠਾਂ ਹਾਂ ਤਾਂ ਕਿ ਸਾਡੇ ਦੋਹਾਂ ਵਿਚਲਾ ਫ਼ਰਕ ਵੀ ਬਣਿਆ ਰਹੇ। ਮੈਨੂੰ ਪਤਾ ਕਿ ਤੂੰ ਮੇਰੇ ਲਈ ਇੱਕ ਹਸੀਨ ਸੁਪਨਾ ਹੈ ਅਤੇ ਸੁਪਨਾ ਹੀ ਰਹੇਂਗੀ। ਪਰ ਫਿਰ ਵੀ ਜੋ ਮੇਰੇ ਦਿਲ ਵਿੱਚ ਸੀ ਅੱਜ ਮੈਂ ਕਹਿਣ ਦੇਣਾ ਚਾਹੁੰਦਾ ਹਾਂ, ਕੀ ਪਤਾ ਕਿਸ ਮੋੜ 'ਤੇ ਜਿੰਦਗੀ ਹਾਰ ਜਾਵੇ, ਨਾਲੇ ਮੌਤ ਨੇ ਕਿਹੜਾ ਉਮਰਾਂ ਜਾਣੀਆਂ ਨੇ?

ਮੈਂ ਉਸਦੀਆਂ ਇਹਨਾਂ ਗੱਲਾਂ ਤੋਂ ਉਸਨੂੰ ਰੋਕਣਾ ਚਾਹੁੰਦੀ ਸੀ, ਪਰ ਉਸਨੇ ਆਪਣੀਆਂ ਗੱਲਾਂ ਦੀ ਰਫ਼ਤਾਰ ਜਾਰੀ ਰੱਖੀ। ਬੁੱਲ੍ਹਾਂ 'ਤੇ ਮੁਸਕਰਾਹਟ ਬਖੇਰਦਿਆਂ ਕਹਿਣ ਲੱਗਾ, ਪਲੀਜ਼ ਇਹ ਨਾ ਸੋਚੀਂ ਕਿ ਕਿੱਥੇ ਫੱਸ ਗਈ ਅੱਜ? ਅਤੇ ਮੇਰਾ ਜੁਆਬ ਜਾਣੇ ਬਿਨ੍ਹਾਂ ਉਸਨੇ ਆਪਣੀ ਗੱਲ ਫਿਰ ਤੋਰ ਲਈ। ਯਾਰ ਸੱਚ ਇਹ ਹੈ ਕਿ ਮੈਨੂੰ ਤੇਰੇ ਨਾਲ ਪਿਆਰ ਹੋ ਗਿਆ ਹੈ ਅਤੇ ਸ਼ਾਇਦ ਇਹ ਇੱਕ ਤਰਫ਼ਾ ਹੈ। ਸ਼ਾਇਦ ਮੇਰੇ ਵਿੱਚ ਬਹੁਤ ਵੀ ਕਮੀਆਂ ਨੇ ਅਜੇ। 'ਤੇ ਸ਼ਾਇਦ ਮੈਂ ਇਸ ਦੇ ਕਾਬਲ ਵੀ ਨਹੀਂ ਜੋ ਕੁੱਝ ਕਹਿ ਰਿਹਾ ਹਾਂ ਅਤੇ ਜੋ ਕੁੱਝ ਕਰ ਰਿਹਾ ਹਾਂ। ਤੇਰੇ ਕਦਮਾਂ ਵਿੱਚ ਬੈਠ ਕੇ ਬਹੁਤ ਸਕੂਨ ਮਿਲ ਰਿਹਾ ਹੈ ਅੱਜ, ਸ਼ਾਇਦ ਇਸੇ ਕਰਕੇ ਹੀ ਮੈਂ ਆਪਣੀ ਗੱਲ ਨੂੰ ਕਹਿ ਸਕਣ ਦੀ ਹਿੰਮਤ ਕਰ ਰਿਹਾ ਹਾਂ ਜੋ ਤੇਰੇ ਸਾਹਮਣੇ ਖਲੋ ਕੇ ਨਹੀਂ ਸੀ ਕਹਿ ਸਕਦਾ। ਬੱਸ ਮੈਂ ਤੇਰੇ ਨਾਲ ਇੱਕੋ ਘਰ ਵਿੱਚ ਬੁੱਢਾ ਹੋਣਾ ਚਾਹੁੰਦਾ ਹਾਂ। ਮੈਨੂੰ ਉਹ ਪਿਆਰ ਨਹੀਂ ਚਾਹੀਦਾ ਜੋ ਜਿਸਮਾਂ ਤੋਂ ਸ਼ੁਰੂ ਹੋ ਕੇ ਆਪਣੀ ਅਜ਼ਾਦੀ ਦੇ ਹੱਕਾਂ ਲਈ ਲੜਦਾ ਹੋਇਆ ਵਿਆਹ ਤੋਂ ਦੋ ਤਿੰਨ ਸਾਲ ਬਾਅਦ ਖਤਮ ਹੋ ਜਾਵੇ। ਮੈਂ ਤਾਂ ਉਹ ਪਿਆਰ ਚਾਹੁੰਦਾਂ ਹਾਂ, ਜੋ ਕਦੇ ਕਮਜ਼ੋਰ ਨਾ ਹੋਵੇ, ਨਾ ਹੀ ਨਿੱਕੀਆਂ-ਵੱਡੀਆਂ ਨਰਾਜ਼ਗੀਆਂ ਜਾਂ ਸ਼ਿਕਵਿਆਂ ਨਾਲ ਅਤੇ ਨਾ ਹੀ ਅਮੀਰੀ ਜਾਂ ਗ਼ਰੀਬੀ ਵਿੱਚ। ਉਹ ਪਿਆਰ ਜਿਸ ਉੱਤੇ ਲੋਕ ਕੀ ਕਹਿੰਦੇ ਨੇ (?) ਦਾ ਅਸਰ ਨਾ ਹੋਵੇ ਅਤੇ ਜਿਸ ਪਿਆਰ ਉੱਤੇ ਬੁਢਾਪੇ ਦੀਆਂ ਝੁਰੜੀਆਂ ਵੀ ਆਪਣਾ ਅਸਰ ਨਾ ਪਾ ਸਕਣ।

ਮੇਰਾ ਦਿਲ ਤਾਂ ਕਰੇ ਕਿ ਉਸਨੂੰ ਕਹਾਂ ਬੱਸ! ਮੈਂ ਤੇਰੇ ਨਾਲ ਜ਼ਿੰਦਗੀ ਜਿਊਣ ਲਈ ਤਿਆਰ ਹਾਂ, ਪਰ ਪਤਾ ਨਹੀਂ ਮੈਨੂੰ ਇਹ ਸੱਭ ਬਹੁਤ ਚੰਗਾ ਕਿਉਂ ਲੱਗ ਰਿਹਾ ਸੀ, ਮੈਂ ਹੋਰ ਸੁਨਣਾ ਚਾਹੁੰਦੀ ਸੀ, ਬਾਰ ਬਾਰ ਸੁਣਨਾ ਚਾਹੁੰਦੀ ਸੀ ਤੇ ਮੇਰੀ 'ਹਾਂ' ਵੇਲੇ ਉਸਦੇ ਹਾਵ-ਭਾਵ ਦੇਖਣਾ ਚਾਹੁੰਦੀ ਸੀ, ਮੇਰਾ ਦਿਲ ਕਰੇ ਕਿ ਜਿਵੇਂ ਅੱਜ ਇਸਨੇ ਮੈਨੂੰ ਸਰਪ੍ਰਾਈਜ਼ ਜਿਹਾ ਕਰ ਦਿੱਤਾ ਏ, ਬੱਸ ਮੈਂ ਵੀ ਇਸ ਨੂੰ ਇਵੇਂ ਹੀ ਸਰਪ੍ਰਾਈਜ਼ ਕਰਾਂ। ਇਸ ਲਈ ਚੁੱਪ ਰਹੀ। ਇੰਨੇ ਨੂੰ ਵੇਟਰ ਕੌਫੀ ਲੈ ਕੇ ਸਾਡੇ ਮੇਜ਼ 'ਤੇ ਰੱਖ ਗਿਆ।

ਉਹ ਬੜਾ ਗੰਭੀਰ ਤੇ ਥੋੜ੍ਹਾ ਜਿਹਾ ਸ਼ਰਮਿੰਦਗੀ ਨਾਲ ਆਸੇ ਪਾਸੇ ਦੇਖ ਕੇ

ਮੇਰੇ ਤੋਂ ਅੱਖਾਂ ਚੁਰਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਸੱਚੀਂ ਬੜਾ ਹੀ ਕਿਊਟ ਲੱਗ ਰਿਹਾ ਸੀ। ਮੈਂ ਅੰਦਰੋਂ ਬਹੁਤ ਖੁਸ਼ ਸੀ। ਮੈਂ ਉਸਨੂੰ ਕੌਫੀ ਲੈਣ ਲਈ ਕਿਹਾ, ਉਹ ਥੋੜਾ ਸਥਿਰ ਹੋ ਰਿਹਾ ਸੀ, ਪਰ ਚੁੱਪ ਸੀ।

ਮੈਂ ਕਿਹਾ, 'ਵੈਸੇ ਕਮਾਲ ਕਰ 'ਤੀ ਸਰਦਾਰ ਸਾਹਬ ਤੁਸੀਂ!

ਉਹ ਕਹਿਣ ਲੱਗਾ, ਜੀ ਸਰਦਾਰਨੀ ਜੀ ਨੂੰ ਖੁਸ਼ ਵੀ ਤਾਂ ਕਰਨਾ ਸੀ ਨਾ।

ਪਰ ਤੁਹਾਡੀ ਸਰਦਾਰਨੀ ਜੀ ਨੇ, ਹਾਂ ਨਹੀਂ ਕੀਤੀ ਅਜੇ। ਮੈਂ ਕਿਹਾ।

ਕੋਈ ਗੱਲ ਨਹੀਂ ਜੀ, ਪਿਆਰ ਰੱਬ ਦੀ ਦਾਤ ਹੈ, ਦਾਤ ਵਾਂਙ ਹੀ ਮਿਲ ਜਾਵੇ ਤਾਂ ਪ੍ਰਵਾਨ ਕਰਨੀ ਚਾਹੀਦੀ ਹੈ, ਨਹੀਂ ਤਾਂ ਉਸਦੀ ਰਜ਼ਾ ਵਿੱਚ ਰਹਿਣਾ ਕੋਈ ਮਾੜੀ ਗੱਲ ਨਹੀਂ... ਉਸਨੇ ਕਿਹਾ।

ਮੈਂ ਕੌਫੀ ਦੀ ਚੁਸਕੀ ਲੈਂਦਿਆ ਕਿਹਾ, 'ਗੱਲ ਤਾਂ ਤੁਹਾਡੀ ਸਹੀ ਹੈ ਸਰਦਾਰ ਜੀ, ਲੱਗਦਾ ਕੁੱਝ ਸੋਚਣਾ ਪੈਣਾ ਇਸ ਮਸਲੇ ਬਾਰੇ।

ਖ਼ੈਰ! ਅਸੀਂ ਦੋਹੇਂ ਚੁੱਪ ਸੀ, ਕਿ ਅਚਾਨਕ ਬਾਹਰ ਤੇਜ਼ ਬਾਰਸ਼ ਸ਼ੁਰੂ ਹੋ ਗਈ, ਮੈਂ ਉਸਨੂੰ ਜਲਦੀ ਵਾਪਸ ਜਾਣ ਲਈ ਕਿਹਾ। ਉਸਨੇ ਪਹਿਲਾਂ ਦੀ ਤਰ੍ਹਾਂ ਕਾਰ ਦਾ ਦਰਵਾਜ਼ਾ ਖੋਲ੍ਹ ਕੇ ਬਿਠਾਇਆ ਤੇ ਆਪ ਡਰਾਈਵਰ ਸੀਟ 'ਤੇ ਬੈਠ ਗਿਆ। ਕਾਰ, ਪਾਰਕਿੰਗ ਚੋਂ ਮੇਨ ਸੜਕ 'ਤੇ ਆ ਗਈ ਅਤੇ ਆਪਣੇ ਰਾਹ 'ਤੇ ਪੈ ਗਈ।

ਮੇਰੇ ਸਟਾਪ 'ਤੇ ਕਾਰ ਰੁੱਕ ਗਈ। ਉਹ ਮੇਰੀ ਤਾਕੀ ਖੋਲ੍ਹਣ ਲਈ ਉੱਤਰਨ ਲੱਗਾ ਤਾਂ ਮੈਂ ਕਿਹਾ, 'ਰਹਿਣ ਦਿਉ, ਬਾਹਰ ਬਾਰਸ਼ ਹੈ, ਮੈਂ ਖੁਦ ਹੀ ਖੋਲ੍ਹ ਲਵਾਂਗੀ। ਪਰ ਉਸਨੇ ਕਾਰ ਦੀ ਡਿੱਗੀ ਵਿੱਚੋਂ ਛੱਤਰੀ ਕੱਢਦਿਆਂ ਕਿਹਾ, 'ਮੈਨੂੰ ਲੱਗ ਰਿਹਾ ਸੀ ਕਿ ਅੱਜ ਬਾਰਸ਼ ਆਵੇਗੀ, ਇਸ ਲਈ ਪ੍ਰਬੰਧ ਕਰਕੇ ਆਇਆ ਸੀ।'

ਉਸਨੇ ਕਾਰ ਲਾਕ ਕੀਤੀ ਅਤੇ 'ਮੈਂ ਤੁਹਾਡੇ ਨਾਲ ਪੀ.ਜੀ ਤੱਕ ਜਾ ਆਉਂਦਾ ਹਾਂ ਨਾਲੇ ਛੱਤਰੀ ਵਾਪਸ ਲੈ ਆਵਾਂਗੇ' ਮਜ਼ਾਕੀਆ ਅੰਦਾਜ਼ ਵਿੱਚ ਕਹਿ ਕੇ ਮੈਨੂੰ ਨਾਲ ਚੱਲਣ ਦਾ ਇਸ਼ਾਰਾ ਕਰ ਦਿੱਤਾ।

ਪੀ.ਜੀ ਦੇ ਬਾਹਰ ਪੁੱਜ ਕੇ, ਮੈਂ ਉਸਦਾ ਧੰਨਵਾਦ ਕੀਤਾ ਤੇ ਕਿਹਾ ਘਰ ਜਾ ਕੇ ਆਪਣੇ ਪਹੁੰਚਣ ਦਾ ਮੈਸਜ਼ ਕਰ ਦੇਣਾ, ਮੈਂ ਰਾਤ ਨੂੰ ਕਾਲ ਕਾਰਾਂਗੀ, ਬਾਏ।

ਉਸਨੇ ਕਿਹਾ ਮੈਂ ਮੈਸਜ਼ ਕਰ ਦੇਵਾਂਗਾ ਤੇ ਕਾਲ ਦਾ ਇੰਤਜ਼ਾਰ ਕਰਾਂਗਾ, ਉਹ ਖੁਸ਼ ਲੱਗ ਰਿਹਾ ਸੀ। ਮੈਂ ਮੇਨ ਗੇਟ ਦੇ ਓਹਲੇ ਹੋ ਗਈ ਅਤੇ ਉਸਨੂੰ ਜਾਂਦੇ ਦੇਖ ਰਹੇ ਸੀ। ਆਪਣੀ ਕਾਰ ਦੇ ਨੇੜੇ ਜਾ ਕੇ ਉਸਨੇ ਪਿਛੇ ਮੁੜ ਕੇ ਮੈਨੂੰ ਦੇਖਣ ਦੀ ਕੋਸ਼ਿਸ਼ ਕੀਤੀ, ਪਰ ਮੈਂ ਨਜ਼ਰ ਨਹੀਂ ਆਈ। ਫਿਰ ਉਸਨੇ ਉੱਪਰ ਦੇਖਿਆ ਅਤੇ ਕਾਰ ਵੱਲ

ਨੂੰ ਵਾਪਸ ਮੁੜਿਆ।

ਮੈਂ ਵੀ ਆਪਣੇ ਕਮਰੇ ਵੱਲ ਨੂੰ ਮੁੜਦੀ ਹੋਈ ਨੇ ਮਨ ਵਿੱਚ ਕਿਹਾ ਕਿ 'ਮੁੰਡਾ ਝੱਲਾ ਹੀ ਹੈ' ਕਿ ਅਚਾਨਕ ਇੱਕ ਉੱਚੀ ਅਵਾਜ਼ ਸੁਣਾਈ ਦਿੱਤੀ, ਮੈਂ ਇਕ ਦਮ ਪਿੱਛੇ ਮੁੜ ਕੇ ਦੇਖਿਆ, ਉਸਦੀ ਕਾਰ ਦੇ ਕੋਲ ਇੱਕ ਵੱਡਾ ਟਰੱਕ ਖੜਾ ਸੀ ਅਤੇ ਉਸਦੀ ਕਾਰ ਦੇ ਨੇੜੇ ਲੋਕਾਂ ਦੀ ਭੀੜ ਇਕੱਠੀ ਹੋਣ ਲੱਗ ਪਈ। ਮੈਂ ਇਕ ਦਮ ਉਸ ਪਾਸੇ ਵੱਲ ਭੱਜੀ, ਪਰ ਦੇਰ ਹੋ ਚੁੱਕੀ ਸੀ, ਉਸਦੀਆਂ ਅੱਖਾਂ ਮੇਰੇ ਪੀ.ਜੀ ਗੇਟ ਵੱਲ ਖੁੱਲ੍ਹੀਆਂ ਪਈਆਂ ਸਨ ਤੇ ਆਪ ਉਹ ... !

************

'ਹੋ ਸਕਦਾ ਹੈ ਕਿਸੇ ਫ਼ਿਲਮ ਦੀ ਕਹਾਣੀ, ਜ਼ਿੰਦਗੀ ਵਿੱਚ ਸੱਚ ਸਾਬਤ ਹੋ ਜਾਵੇ
ਪਰ ਜ਼ਰੂਰੀ ਨਹੀਂ ਕਿ ਫ਼ਿਲਮ ਦੇ ਵਾਂਙ, ਉਸਦੀ 'ਹੈਪੀ ਐਂਡਿੰਗ' ਹੀ ਹੋਵੇ।'
– ਇਕਵਾਕ ਸਿੰਘ ਪੱਟੀ



ਘਰ ਆ ਕੇ ਉਦਾਸੀ ਦੇ ਆਲਮ ਵਿੱਚ ਘਰ ਦੀ ਇੱਕ ਦੀਵਾਰ 'ਤੇ ਦਾਦੀ ਦੀ ਹਾਰ ਪਾਈ ਲੱਗੀ ਹੋਈ ਫ਼ੋਟੋ ਵੱਲ ਧਿਆਨ ਗਿਆ, ਫੋਟੋ ਦੇ ਨੇੜਿਉਂ ਹੀਂ ਕੀੜੀਆਂ ਦਾ ਇੱਕ ਝੁੰਡ ਫ਼ੋਟੋ ਦੇ ਕੋਲੋਂ ਲੰਘ ਕੇ ਛੱਤ ਵੱਲ ਨੂੰ ਜਾ ਰਿਹਾ ਸੀ, ਜਿਉਂ ਹੀ ਰਾਜਨ ਦੀ ਨਿਗ੍ਹਾ ਪਈ ਤਾਂ ਦਾਦੀ ਦੀ ਕਹੀ ਗੱਲ, 'ਆਪਣੇ ਆਲੇ-ਦੁਆਲੇ ਤੁਰੇ ਫਿਰਦੇ ਜੀਵ-ਜੰਤੂ ਵੀ ਤਾਂ ਸਾਨੂੰ ਕੁੱਝ ਨਾ ਕੁੱਝ ਸਿੱਖਿਆ ਦਿੰਦੇ ਹਨ' ਉਸਨੂੰ ਯਾਦ ਆਈ। ਰਾਜਨ ਨੇ ਆਪਣੇ ਆਪ ਨੂੰ ਹੌਂਸਲਾ ਦਿੱਤਾ 'ਤੇ...

# ਕੀੜੀਆਂ



ਕੀੜੀ, ਕੀੜੇ ਦਾ ਮਾਦਾ ਨਿੱਕਾ ਜੀਵ ਜੋ ਕਿ ਇੱਕ ਸਮਾਜਿਕ ਜੀਵ ਮੰਨਿਆ ਜਾਂਦਾ ਹੈ। ਵਿਗਿਆਨ ਅਨੁਸਾਰ ਇਸਦੀਆਂ ਦੁਨੀਆਂ ਭਰ ਵਿੱਚ 8000 ਜਾਤੀਆਂ ਹਨ ਅਤੇ ਗਰਮ ਜਲਵਾਯੂ ਵਿੱਚ ਵਧੇਰੇ ਪਾਈਆਂ ਜਾਂਦੀਆਂ ਹਨ। ਕੱਕੇ, ਭੂਰੇ, ਕਾਲੇ ਅਤੇ ਲਾਲ ਰੰਗ ਦੀਆਂ ਕੀੜੀਆਂ ਹਰ ਘਰ ਵਿੱਚ ਦੇਖੀਆਂ ਜਾ ਸਕਦੀਆਂ ਹਨ। ਬੱਸ ਥੋੜ੍ਹਾ ਜਿਹਾ ਕੋਈ ਖਾਣ ਵਾਲਾ ਮਿੱਠਾ ਪਦਾਰਥ ਕਿਸੇ ਥਾਂ ਤੇ ਖਿਲਾਰੋ, ਪਤਾ ਹੀ ਨਹੀਂ ਕਿੱਥੋਂ ਲਾਈਨ ਬਣਾ ਕੇ ਬੱਸ ਤੁਰੀਆਂ ਹੀ ਆਉਣਗੀਆਂ। ਵਿਗਿਆਨ ਕਹਿੰਦਾ ਹੈ ਕਿ ਕੀੜੀਆਂ ਭੂਮੀ ਨੂੰ ਹਵਾਦਾਰ ਬਣਾਉਣ ਅਤੇ ਕਾਰਬਨੀ ਪਦਾਰਥਾਂ ਨੂੰ ਮੁੜ ਮਿੱਟੀ ਵਿੱਚ ਬਦਲਣ ਲਈ ਮੱਦਦ ਕਰਦੀਆਂ ਹਨ।

ਖ਼ੈਰ! ਇਨਸਾਨੀ ਜ਼ਿੰਦਗੀ ਵਿੱਚ ਕੀੜੀਆਂ ਦੀ ਬਹੁੱਤ ਮਹੱਤਤਾ ਹੈ। ਮਿਸਾਲ ਦੇ ਤੌਰ 'ਤੇ ਬਚਪਨ ਵਿੱਚ ਕੀੜੀ-ਕ੍ਹਾੜੇ ਦੇ ਨਾਂ 'ਤੇ ਕਈ ਕਹਾਣੀਆਂ ਅਤੇ ਚੁਟਕਲੇ ਅਸੀਂ ਸੁਣੇ ਹੁੰਦੇ ਹਨ। ਇਸ ਤਰ੍ਹਾਂ ਦੇ ਕਈ ਕਿੱਸੇ ਰਾਜਨਪ੍ਰੀਤ ਨੇ ਆਪਣੀ ਦਾਦੀ ਮਾਂ ਕੋਲੋਂ ਬਚਪਨ ਵਿੱਚ ਸੁਣੇ ਸਨ। ਬਹੁਤ ਸਾਰੀਆਂ ਕਹਾਣੀਆਂ ਚਾਹੇ ਉਹ ਇਤਿਹਾਸਕ ਹੋਣ ਜਾਂ ਮਿਥਿਹਾਸਕ ਉਹ ਬਹੁਤ ਪਿਆਰ ਨਾਲ ਸੁਣਦਾ ਹੁੰਦਾ ਸੀ। ਦਾਦੀ ਮਾਂ ਦੀਆਂ ਗੱਲਾਂ ਕਿਸਨੂੰ ਯਾਦ ਨਹੀਂ ਰਹਿੰਦੀਆਂ। ਉਹ ਸਮਾਂ ਹੀ ਐਨਾ ਪਿਆਰਾ ਹੁੰਦਾ ਹੈ। ਦਾਦੀ ਮਾਂ ਦੀਆਂ ਦੱਸੀਆਂ ਸਿੱਖਿਆਵਾਂ ਅਤੇ ਕਹਾਣੀਆਂ ਨੂੰ ਰਾਜਨ ਆਪਣੀ ਜ਼ਿੰਦਗੀ ਵਿੱਚ ਬਹੁਤ ਮਹੱਤਤਾ ਦਿੰਦਾ ਸੀ। ਜਿਵੇਂ ਦਾਦੀ ਦੱਸਦੀ ਹੁੰਦੀ ਸੀ ਕਿ, 'ਲੋੜ ਪਵੇ ਤਾਂ ਬੰਦਾ ਕੰਧਾਂ ਤੋਂ ਵੀ ਸਲਾਹ ਲੈ ਸਕਦਾ ਹੈ, ਰੁੱਖਾਂ ਨਾਲ ਵੀ ਗੱਲ ਕਰ ਸਕਦਾ ਹੈ, ਆਪਣੇ ਆਪ ਨਾਲ ਸਾਂਝ ਪਾ ਸਕਦਾ ਹੈ, ਆਪਣੇ ਆਲੇ-ਦੁਆਲੇ ਤੁਰੇ ਫਿਰਦੇ ਜੀਵ-ਜੰਤੂ ਵੀ ਤਾਂ ਸਾਨੂੰ ਕੁੱਝ ਨਾ ਕੁੱਝ ਸਿੱਖਿਆ ਦਿੰਦੇ ਹਨ, ਜਿਵੇਂ ਗੁਰਬਾਣੀ ਵਿੱਚ ਹਾਥੀ ਨੂੰ ਹੰਕਾਰ ਅਤੇ ਕੀੜੀ ਨੂੰ ਨਿਮਰਤਾ ਦੇ ਰੂਪ ਵਿੱਚ ਦਰਸਾਇਆ ਗਿਆ ਹੈ। ਇਸੇ ਤਰ੍ਹਾਂ ਇੱਕ ਨਿੱਕੀ ਜਿਹੀ ਕੀੜੀ ਜੋ ਹਵਾ ਦਾ ਇੱਕ ਬੁੱਲ੍ਹਾ ਨਹੀਂ ਸਹਾਰ ਸਕਦੀ, ਪਰ ਇੱਕ ਵੱਡੇ ਹਾਥੀ ਦੀ ਮੌਤ ਦਾ ਕਾਰਨ ਬਣ ਸਕਦੀ ਹੈ।' ਅਜਿਹੀਆਂ ਬਹੁਤ ਸਾਰੀਆਂ ਗੱਲਾਂ-ਬਾਤਾਂ ਰਾਜਨ ਨੇ ਆਪਣੀ ਦਾਦੀ ਕੋਲੋਂ ਸਿੱਖੀਆਂ/ਸੁਣੀਆਂ ਸਨ।

ਦਾਦੀ ਨੂੰ ਗੁਜ਼ਰੇ ਤਾਂ ਹੁਣ 20 ਸਾਲ ਤੋਂ ਵੀ ਜਿਆਦਾ ਸਮਾਂ ਹੋ ਗਿਆ ਸੀ, ਅੱਜ ਆਪਣੇ ਘਰ ਦੇ ਬਾਹਰ ਬਣੀ ਪਾਰਕ ਵਿੱਚ ਬੈਠਾ ਦੇਖ ਰਿਹਾ ਸੀ ਕਿ ਕੀੜੀਆਂ

ਦਾ ਇੱਕ ਲੰਮੀ ਲਾਇਨ ਕਿਸੇ ਪਾਸਿਉਂ ਕਿਸੇ ਖ਼ਾਸ ਪਾਸੇ ਵੱਲ ਜਾ ਰਹੀ ਸੀ ਤਾਂ ਇਹ ਮਾਜਰਾ ਦੇਖ ਕੇ, ਉਸਨੂੰ ਦਾਦੀ ਮਾਂ ਦੀਆਂ ਬਾਤਾਂ ਯਾਦਾਂ ਆ ਗਈਆਂ ਅਤੇ ਆਪਣਾ ਅਤੀਤ। ਜਦੋਂ ਫੈਕਟਰੀ ਵਿੱਚ ਕੰਮ ਕਰਦੇ ਕੁੱਝ ਹੋਰ ਕਰਮਚਾਰੀਆਂ ਨੇ ਆਪਸ ਵਿੱਚ ਰਾਇ ਕਰਕੇ, ਰਾਜਨ ਦੀ ਇਮਾਨਦਾਰੀ ਤੋਂ ਦੁੱਖੀ ਹੋ ਕੇ, ਉਸ ਵਿਰੁੱਧ ਝੂਠੀ ਸ਼ਿਕਾਇਤ ਕਰਕੇ ਉਸਨੂੰ ਨੌਕਰੀ ਤੋਂ ਕਢਵਾਉਣ ਵਿੱਚ ਸਫ਼ਲਤਾ ਹਾਸਲ ਕੀਤੀ ਸੀ। ਇੱਕ ਵਾਰ ਤਾਂ ਰਾਜਨ ਪੂਰੀ ਤਰ੍ਹਾਂ ਟੁੱਟ ਗਿਆ, ਹਿੰਮਤ ਕਰਕੇ ਸਾਰਾ ਸੱਚ ਆਪਣੇ ਮਾਲਕ ਅੱਗੇ ਰੱਖਣ ਦੀ ਕੋਸ਼ਿਸ਼ ਵੀ ਕੀਤੀ ਪਰ ਸਭ ਵਿਅਰਥ ਗਿਆ ਤੇ ਆਖ਼ਰ ਆਪਣੀ ਇੱਕ ਚੰਗੀ ਨੌਕਰੀ ਤੋਂ ਹੱਥ ਧੋਣਾ ਪਿਆ ਸੀ।

ਘਰ ਆ ਕੇ ਉਦਾਸੀ ਦੇ ਆਲਮ ਵਿੱਚ ਘਰ ਦੀ ਇੱਕ ਦੀਵਾਰ 'ਤੇ ਦਾਦੀ ਦੀ ਹਾਰ ਪਾਈ ਲੱਗੀ ਹੋਈ ਫ਼ੋਟੋ ਵੱਲ ਧਿਆਨ ਗਿਆ, ਫ਼ੋਟੋ ਦੇ ਨੇੜਿਉਂ ਹੀਂ ਕੀੜੀਆਂ ਦਾ ਇੱਕ ਝੁੰਡ ਫ਼ੋਟੋ ਦੇ ਕੋਲੋਂ ਲੰਘ ਕੇ ਛੱਤ ਵੱਲ ਨੂੰ ਜਾ ਰਿਹਾ ਸੀ, ਜਿਉਂ ਹੀ ਰਾਜਨ ਦੀ ਨਿਗ੍ਹਾ ਪਈ ਤਾਂ ਦਾਦੀ ਦੀ ਕਹੀ ਗੱਲ, 'ਆਪਣੇ ਆਲੇ ਦੁਆਲੇ ਤੁਰੇ ਫਿਰਦੇ ਜੀਵ-ਜੰਤੂ ਵੀ ਤਾਂ ਸਾਨੂੰ ਕੁੱਝ ਨਾ ਕੁੱਝ ਸਿੱਖਿਆ ਦਿੰਦੇ ਹਨ' ਉਸਨੂੰ ਯਾਦ ਆਈ। ਰਾਜਨ ਨੇ ਆਪਣੇ ਆਪ ਨੂੰ ਹੌਂਸਲਾ ਦਿੱਤਾ।

ਅਗਲੇ ਦਿਨ ਨਵੀਂ ਨੌਕਰੀ ਦੀ ਤਾਲਾਸ਼ ਵਿੱਚ ਨਿਕਲ ਗਿਆ। ਕਾਫੀ ਥੱਕ ਹਾਰ ਸ਼ਾਮੀਂ ਇੱਕ ਛੋਟੀ ਜਿਹੀ ਕੰਪਨੀ ਵਿੱਚ ਕਲਰਕ ਦੀ ਨੌਕਰੀ ਬਹੁਤ ਹੀ ਘੱਟ ਤਨਖਾਹ 'ਤੇ ਮਿਲੀ। ਕੰਪਨੀ ਦਾ ਮਾਲਕ ਬਹੁਤ ਹੀ ਭੱਦਰ ਪੁਰਸ਼ ਅਤੇ ਨੇਕ ਦਿਨ ਇਨਸਾਨ ਸੀ। ਰਾਜਨ ਆਪਣਾ ਕੰਮ ਬਹੁਤ ਇਮਾਨਦਾਰੀ ਨਾਲ ਤਸੱਲੀਬਖਸ਼ ਤਰੀਕੇ ਨਾਲ ਕਰਦਾ ਸੀ। ਰਾਜਨ ਵੱਲੋਂ ਇਮਾਨਦਾਰੀ ਨਾਲ ਕੀਤਾ ਜਾ ਰਿਹਾ ਕੰਮ ਮਾਲਕ ਨੂੰ ਬਹੁਤ ਪਸੰਦ ਆਇਆ ਅਤੇ ਇੱਕ ਦਿਨ ਰਾਜਨ ਨੂੰ ਦਫ਼ਤਰ ਵਿੱਚ ਬੁਲਾ ਕੇ ਉਸਨੇ ਸਾਰੀ ਕੰਪਨੀ ਦੀ ਜ਼ਿੰਮੇਵਾਰੀ ਰਾਜਨ ਨੂੰ ਲੈ ਲੈਣ ਦੀ ਪੇਸ਼ਕਸ਼ ਕੀਤੀ ਅਤੇ ਬਦਲੇ ਵਿੱਚ ਕੰਪਨੀ ਦੀ ਭਵਿੱਖ ਵਿੱਚ ਹੋਣ ਵਾਲੀ ਤਰੱਕੀ ਦੇ ਲਈ ਪੰਜਾਹ ਫੀਸਦੀ ਦੀ ਸਾਂਝੇਦਾਰੀ ਦੀ ਗੱਲ ਤੈਅ ਕਰ ਲਈ। ਇਹ ਰਾਜਨ ਦੀ ਜ਼ਿੰਦਗੀ ਦਾ ਬਹੁਤ ਵੱਡਾ ਮੌਕਾ ਸੀ ਅਤੇ ਤਰੱਕੀ ਦੀ ਇੱਕ ਨਵੀਂ ਪੌੜੀ, ਜਿਸ ਆਪਣੀ ਹਿੰਮਤ ਨਾਲ ਉਹ ਚੜ੍ਹ ਕੇ ਸਫ਼ਲਤਾ ਦੇ ਝੰਡੇ ਬੁਲੰਦ ਕਰ ਸਕਦਾ ਸੀ। ਰਾਜਨ ਨੇ ਪ੍ਰਮਾਤਮਾ ਦਾ ਸ਼ੁਕਰ ਕੀਤਾ ਅਤੇ ਪੂਰੀ ਮਿਹਨਤ, ਲਗਨ ਅਤੇ ਸਮਰਪਣ ਭਾਵਨਾ ਨਾਲ ਕੰਮ ਵਿੱਚ ਲੱਗ ਗਿਆ।

ਬੱਸ ਫਿਰ ਕੀ ਸੀ, ਕੰਪਨੀ ਦਿਨ ਦੁਗਣੀ ਅਤੇ ਰਾਤ ਚੌਗੁਣੀ ਤਰੱਕੀ ਦੀ ਰਾਹੇ ਪੈ ਗਈ। ਜਿਹੜੀ ਕੰਪਨੀ ਵਿੱਚੋਂ ਝੂਠੇ ਇਲਜ਼ਾਮ ਲਗਾ ਕੇ ਰਾਜਨ ਨੂੰ ਕੱਢਿਆ ਗਿਆ ਸੀ, ਉਹੀ ਕੰਪਨੀ ਅੱਜ ਟੈਂਡਰ ਲੈਣ ਲਈ ਰਾਜਨ ਦੀ ਕੰਪਨੀ ਅੱਗੇ ਲਾਈਨ ਵਿੱਚ ਖੜ੍ਹੀ ਸੀ। ਜਿਵੇਂ ਕੀੜੀਆਂ ਖਾਣ ਵਾਲੇ ਪਦਾਰਥ ਬਾਰੇ ਹੋਰਨਾਂ ਕੀੜੀਆਂ ਨੂੰ ਦੱਸ ਕੇ ਆਪਣੇ ਨਾਲ ਜੋੜਦੀਆਂ ਹਨ ਅਤੇ ਵੱਡੀ ਲਾਈਨ ਬਣਾ ਲੈਂਦੀਆਂ ਹਨ, ਰਾਜਨ ਨੇ ਵੀ ਆਪਣੇ ਆਲੇ ਦੁਆਲਿਉਂ ਇਮਾਨਦਾਰ, ਮਿਹਨਤਕਸ਼ ਲੋਕਾਂ ਨੂੰ ਨਾਲ

ਜੋੜਿਆ ਅਤੇ ਕੰਪਨੀ ਦੇਸ਼ ਦੀਆਂ ਵੱਡੀਆਂ ਕੰਪਨੀਆਂ ਵਿੱਚ ਸ਼ੁਮਾਰ ਹੋ ਗਈ।

ਐਨੇ ਨੂੰ ਰਾਜਨ ਦੀ ਪਤਨੀ ਚਾਹ ਦਾ ਕੱਪ ਲੈ ਕੇ ਪਾਰਕ ਵਿੱਚ ਆ ਗਈ ਤਾਂ ਰਾਜਨ ਵੱਲੋਂ ਕੀੜੀਆਂ ਦੇ ਭੌਣ ਵੱਲ ਟਿਕਟਿਕੀ ਲੱਗੀ ਵੇਖ ਕੇ ਪੁੱਛਣ ਲੱਗੀ, 'ਕੀ ਗੱਲ?'

ਤਾਂ ਰਾਜਨ ਨੇ ਉੱਪਰ ਵਰਣਤ ਸਾਰਾ ਵਾਕਿਆ ਸੁਣਾਇਆ ਤਾਂ ਉਹ ਵੀ ਕਹਿਣ ਲੱਗੀ, ਰੱਬ ਵੱਲੋਂ ਬਣਾਈ ਗਈ ਹਰ ਛੋਟੀ-ਵੱਡੀ ਚੀਜ਼ ਮਨੁੱਖ ਦੇ ਭਲੇ ਲਈ ਹੈ।

ਕਾਦਰ ਦੀ ਕੁਦਰਤ ਬੇਅੰਤ ਹੈ, ਮਨੁੱਖ ਹੀ ਆਪਣੀ ਸੀਮਿਤ ਸੋਚ ਅਤੇ ਪਦਾਰਥਵਾਦੀ ਸੋਚ ਵਿੱਚ ਫਸਿਆ, ਇਸ ਧਰਤੀ 'ਤੇ ਆਪਣਾ ਹੱਕ ਜਤਾਉਂਦਾ ਹੋਇਆ ਮਨਮਾਨੀਆਂ ਕਰਦਾ ਹੈ ਅਤੇ ਫਿਰ ਕੁਦਰਤੀ ਕਰੋਪੀਆਂ ਦਾ ਸ਼ਿਕਾਰ ਹੁੰਦਾ ਹੈ।

***********

'ਜਿਸਨੂੰ ਅਸੀਂ ਆਪਣੇ ਲਈ ਖ਼ਾਸ ਸਮਝਦੇ ਹਾਂ, ਹੋ ਸਕਦੈ
ਉਸ ਲਈ ਸਾਡੀ ਕੋਈ ਅਹਿਮੀਅਤ ਨਾ ਹੋਵੇ।' - ਇਕਵਾਕ ਸਿੰਘ ਪੱਟੀ



ਕੰਵਲ ਕਹਿਣ ਲੱਗਾ ਜਾਂ ਤਾਂ ਭੱਜ ਕੇ ਕੋਰਟ ਮੈਰੀਜ਼ ਕਰਵਾ ਲਈਏ ਤੇ ਜਾਂ ਫਿਰ ਬਜ਼ਾਰ ਜਾ ਕੇ ਸੈਡ ਗਾਣੇ ਸੁਣਨ ਲਈ ਰੀਲਾਂ ਲੈ ਆਈਏ ...

ਕੰਵਲ! ਯਾਰ ਕਦੇ ਤਾਂ ਸੀਰੀਅਸ ਹੋ ਜਾਇਆ ਕਰੋ.. ਸੁਪਰੀਤ ਨੂੰ ਇੱਕ ਦਮ ਗੰਭੀਰ ਹੋਈ ਵੇਖ ਕੇ ਕੰਵਲ ਕਹਿਣ ਲੱਗਾ, ਓ.ਕੇ.. ਤਾਂ ਦੱਸ ਫਿਰ ਕਿੱਦਾਂ ਕਰਨੀ ਹੈ? ਤਾਂ ਅੱਗੋਂ ਇਸ ਸੁਆਲ ਦੇ ਜੁਆਬ ਵਿੱਚ ਸੁਪਰੀਤ ਨੇ ਫਿਰ ਸੁਆਲ ਕਰ ਦਿੱਤਾ, 'ਕੀ ਕੀਤਾ ਜਾਵੇ?' ਸੁਆਲ ਦੇ ਬਦਲੇ ਸੁਆਲ ਆ ਜਾਣ ਨਾਲ ਜੁਆਬ ਫਿਰ ਨਾ ਲੱਭ ਸਕਿਆ..

# ਗ਼ਲਤ ਜਾਂ ਠੀਕ



ਸੁਪਰੀਤ ਅਤੇ ਕੰਵਲਬੀਰ ਦਾ ਮੇਲ ਕਾਲਜ ਵਿੱਚ ਬੀ.ਏ. ਪਹਿਲਾ ਸਾਲ ਦੀ ਪੜ੍ਹਾਈ ਦੌਰਾਨ ਹੋਇਆ ਸੀ। ਉਹ ਅਕਸਰ ਹੀ ਇਕੱਠੇ ਘੁੰਮਦੇ ਫਿਰਦੇ, ਖਾਂਦੇ-ਪੀਂਦੇ ਅਤੇ ਇੱਕ ਦੂਜੇ ਦੇ ਸੁੱਖ-ਦੁੱਖ ਦੇ ਭਾਈਵਾਲ ਬਣੇ ਰਹਿੰਦੇ। ਦੋਵਾਂ ਦੇ ਘਰ ਵਾਲਿਆਂ ਨੂੰ ਇਸ ਬਾਰੇ ਅਜੇ ਕੁੱਝ ਵੀ ਨਹੀਂ ਸੀ ਪਤਾ।

ਦੋਵਾਂ ਦਾ ਸੁਭਾਅ ਬੜਾ ਹਸਮੁੱਖ ਤੇ ਮਿਲਣਸਾਰ ਸੀ। ਦੋਹਾਂ ਦੀ ਸਾਂਝ ਇਸ ਕਦਰ ਸੀ ਕਿ ਜਿਵੇਂ ਰੱਬ ਨੇ ਇੱਕੋ ਸੱਚੇ ਵਿੱਚ ਦੋਹਾਂ ਨੂੰ ਘੜਨ ਤੋਂ ਬਾਅਦ ਇੱਕ ਨੂੰ ਨਾਰ ਤੇ ਦੂਜੇ ਨੂੰ ਪੁਰਸ਼ ਬਣਾਇਆ ਹੋਵੇ। ਦੋਵੇਂ ਹੀ ਜਾਣਦੇ ਸਨ ਕਿ ਅਸੀਂ ਇੱਕ ਨਹੀਂ ਹੋ ਸਕਦੇ। ਜੇ ਕੋਸ਼ਿਸ਼ ਕੀਤੀ ਵੀ, ਤਾਂ ਸਮਾਜਕ ਤਾਣੇ-ਬਾਣੇ ਅਤੇ ਪਰਿਵਾਰਕ ਮਰਜ਼ੀ ਦੇ ਖਿਲਾਫ ਜਾਣਾ ਉਹਨਾਂ ਵਾਸਤੇ ਇੱਕ ਵੱਡੀ ਸਮੱਸਿਆ ਪੈਦਾ ਕਰ ਸਕਦਾ ਹੈ।

ਖੈਰ! ਬੀ.ਏ ਆਖਰੀ ਸਾਲ ਦੇ ਇਮਤਿਹਾਨ ਹੋਏ ਤੇ ਦੋਵਾਂ ਦੀਆਂ ਮੁਲਾਕਾਤਾਂ ਵਿੱਚ ਵੀ ਘਾਟ ਆ ਗਈ। ਇਹਨੀਂ ਦਿਨੀਂ ਹੀ ਕੰਵਲ ਰਿਸ਼ਤੇਦਾਰੀ ਵਿੱਚ ਕਿਸੇ ਦੇ ਵਿਆਹ 'ਤੇ ਗਿਆ, ਉੱਥੇ ਹੀ ਉਸਦੀ ਦੂਰ ਦੀ ਇੱਕ ਚਾਚੀ ਨੇ ਆਪਣੀ ਰਿਸ਼ਤੇਦਾਰੀ ਵਿੱਚੋਂ ਇੱਕ ਕੁੜੀ ਕੰਵਲ ਦੇ ਮਾਂ-ਬਾਪ ਨੂੰ ਕੰਵਲ ਦੇ ਰਿਸ਼ਤੇ ਵਾਸਤੇ ਦਿਖਾਈ, ਜੋ ਕੰਵਲ ਦੇ ਮਾਪਿਆਂ ਨੂੰ ਤਾਂ ਕਾਫੀ ਜੱਚ ਗਈ। ਅਵਾਜ਼ ਮਾਰ ਕੇ ਉਹਨਾਂ ਕੰਵਲ ਨੂੰ ਵੀ ਉਕਤ ਲੜਕੀ ਦਿਖਾ ਦਿੱਤੀ। ਕੰਵਲ ਨੂੰ ਤਾਂ ਪਤਾ ਸੀ ਕਿ ਉਹ ਵਿਆਹ ਸੁਪਰੀਤ ਨਾਲ ਕਰਨਾ ਚਾਹੁੰਦਾ ਹੈ, ਪਰ ਮਾਪਿਆਂ ਦੀ ਖ਼ਾਤਰ ਅਣਚਾਹੇ ਜਿਹੇ ਮਨ ਨਾਲ ਕੁੜੀ ਨੂੰ ਝਾਤ ਮਾਰ ਲਈ। ਕੁੜੀ ਦਾ ਰੰਗ ਰੂਪ ਗੋਰਾ, ਲੰਮੀ ਉੱਚੀ, ਪਤਲੀ ਪਤੰਗ ਅਤੇ ਵੇਖਣ ਨੂੰ ਖੁਸ਼ਮਿਜਾਜ਼ ਜਿਹੀ ਲੱਗ ਰਹੀ ਸੀ।

ਕੰਵਲ ਦੀ ਚਾਚੀ ਨੇ ਇਹੀ ਕਿਹਾ ਕਿ ਲੜਕੀ ਵਾਲਿਆਂ ਨੂੰ ਵੀ ਇੱਥੇ ਹੀ ਮੁੰਡੇ ਦੀ ਝਾਤੀ ਮਰਵਾ ਦਿੰਦੇ ਹਾਂ ਜਿਸਤੇ ਸਰਬਜੀਤ ਸਿੰਘ ਚਾਹਲ (ਕੰਵਲ ਦੇ ਡੈਡੀ) ਨੇ ਇਜਾਜ਼ਤ ਦੇ ਦਿੱਤੀ ਪਰ ਇਸ ਬਾਰੇ ਕੰਵਲ ਨੂੰ ਪਤਾ ਨਹੀਂ ਸੀ। ਪੈਲਸ ਦਾ ਸ਼ੋਰ-ਸ਼ਰਾਬਾ, ਡੀ.ਜੇ ਦਾ ਰੌਲਾ ਚੱਲ ਰਿਹਾ ਸੀ ਕਿ ਇਸੇ ਦੌਰਾਨ ਕਿਸੇ ਬਿਨਾਂ ਬੁਲਾਏ ਮਹਿਮਾਨ ਵੱਲੋਂ ਪੈਲਸ ਵਿੱਚ ਵਿਆਹ ਵੇਖ ਰਹੀਆਂ ਕੁੱਝ ਔਰਤਾਂ ਦੇ ਗਹਿਣੇ ਅਤੇ ਪਰਸ ਚੋਰੀ ਕਰ ਲਏ ਗਏ ਤੇ ਗੇਟ ਵੱਲ ਨੂੰ ਭੱਜ ਪਿਆ। ਬਾਹਰ ਗੱਡੀ ਵਿੱਚੋਂ ਕੁੱਝ

ਸਮਾਨ ਲੈਣ ਗਏ ਕੰਵਲ ਦੀ ਨਜ਼ਰ ਉਕਤ ਚੋਰ 'ਤੇ ਪੈ ਗਈ, ਉਸਨੇ ਤਬੜੀ ਚਲਾਕੀ ਨਾਲ ਕਾਰ ਦੀ ਤਾਕੀ ਖੋਲ੍ਹ ਕੇ ਉਸਨੂੰ ਹੇਠਾਂ ਸੁੱਟ ਲਿਆ ਤੇ ਕਾਬੂ ਕਰ ਲਿਆ, ਇਸਤੋਂ ਪਹਿਲਾਂ ਕਿ ਹੋਰ ਲੋਕ ਇਕੱਠੇ ਹੁੰਦੇ ਚੋਰ ਸਾਰਾ ਸਮਾਨ ਛੱਡ ਕੇ ਭੱਜ ਗਿਆ। ਇਸ ਖਿੱਚ-ਧੂਹ ਵਿੱਚ ਕੰਵਲ ਦਾ ਸੱਜਾ ਹੱਥ ਜ਼ਖਮੀ ਹੋ ਗਿਆ ਅਤੇ ਪਾਏ ਹੋਏ ਕੱਪੜੇ ਵੀ ਇੱਕ ਸਾਈਡ ਤੋਂ ਫੱਟ ਗਏ।

ਪੈਲੇਸ ਦੇ ਬਾਹਰ ਖੜ੍ਹਾ ਗੇਟ-ਕੀਪਰ ਤੁਰੰਤ ਉਸ ਕੋਲ ਭੱਜ ਕੇ ਆਇਆ ਅਤੇ ਉਸਨੂੰ ਅੰਦਰ ਲਿਜਾਣ ਲੱਗਾ, ਕਿ ਇੰਨੇ ਨੂੰ ਚਾਚੀ ਵੱਲੋਂ ਦੱਸੀ ਕੁੜੀ ਜਾਸਮੀਨ ਆਪਣੀਆਂ ਕੁੱਝ ਸਹੇਲੀਆਂ ਨਾਲ ਬਾਹਰ ਵੱਲ ਨੂੰ ਆ ਰਹੀ ਸੀ, ਕਿ ਉਸਦੀ ਇੱਕ ਸਹੇਲੀ ਨੇ ਚੀਕ ਕੇ ਕਿਹਾ, 'ਜੈਜ਼...! ਉਹ ਦੇਖ ਚੋਰ, ਉਸ ਕੋਲ ਤੇਰਾ ਪਰਸ ਤੇ ਹੋਰ ਪਰਸ.. ਲੱਗਦਾ ਫੜ੍ਹਿਆ ਗਿਆ...

ਚੱਲ ਜਲਦੀ ਅੰਦਰੋਂ ਸਾਰਿਆਂ ਨੂੰ ਬੁਲਾ ਕੇ ਲਿਆਉਂਦੇ ਹਾਂ...

ਤਦ ਤੱਕ ਗੇਟ-ਕੀਪਰ ਅਤੇ ਕੰਵਲ ਪੈਲੇਸ ਦੇ ਦਫ਼ਤਰ ਵਿੱਚ ਜਾ ਚੁੱਕੇ ਸਨ। ਇੰਨੇ ਨੂੰ ਦਫ਼ਤਰ ਦੇ ਬਾਹਰ ਰੌਲਾ ਪੈਣ ਲੱਗ ਪਿਆ। ਮੈਨੇਜਰ ਬਾਹਰ ਆਇਆ ਤਾਂ ਸੱਭ ਤੋਂ ਪਹਿਲਾਂ ਹੀ ਜਾਸਮੀਨ ਹੀ ਬੋਲੀ, 'ਅੰਕਲ, ਉਹ ਚੋਰ ਕਿੱਥੇ ਹੈ, ਜਿਹੜਾ ਸਾਡੇ ਪਰਸ ਚੁੱਕ ਕੇ ਭੱਜਾ ਸੀ..?' ਵਿਆਹ ਵਾਲੇ ਮੁੱਖ ਸੱਜਣ ਵੀ ਉੱਥੇ ਆ ਗਏ ਤਾਂ ਅੰਦਰੋਂ ਹੱਥ ਤੇ ਪੱਟੀ ਬੰਨ੍ਹੀ ਕੰਵਲ ਵੀ ਬਾਹਰ ਨਿਕਲ ਆਇਆ..

ਉਹ ਹੈਰਾਨ ਸੀ ਕਿ ਇਹ ਕੀ ਹੋ ਰਿਹਾ ਹੈ? ਇਸ ਤੋਂ ਪਹਿਲਾਂ ਕਿ ਕੋਈ ਹੋਰ ਬੋਲਦਾ ਜਾਸਮੀਨ ਨੇ ਫਿਰ ਬੋਲਣਾ ਸ਼ੁਰੂ ਕੀਤਾ, 'ਤੂੰ ਕੀ ਸੋਚਿਆ ਸੀ ਕਿ ਵਧੀਆ ਕੱਪੜੇ ਪਾ ਕੇ ਪੈਲਸ ਵਿੱਚ ਦਾਖ਼ਲ ਹੋ ਕੇ ਤੂੰ ਲੋਕਾਂ ਨੂੰ ਲੁੱਟ ਕੇ ਲੈ ਜਾਵੇਂਗਾ...।' ਕਿ ਇੰਨੇ ਨੂੰ ਭੀੜ ਵਿੱਚੋਂ ਅਵਾਜ਼ ਆਈ, 'ਓ ਇਹ ਤਾਂ ਚਾਹਲ ਸਾਹਬ ਦਾ ਮੁੰਡਾ ਵਾ, ਚੋਰ ਕਿੱਥੇ ਹੈ...?'

ਆਪਣੇ ਸਰਬਜੀਤ ਸਿੰਘ ਚਾਹਲ ਸਾਹਬ, ਇੰਨੇ ਨੂੰ ਕੰਵਲ ਦੇ ਪਾਪਾ ਵੀ ਆ ਗਏ ਤੇ ਮੈਨੇਜਰ ਨੇ ਵੀ ਸਾਰਾ ਮਾਜ਼ਰਾ ਸਪੱਸ਼ਟ ਕਰ ਦਿੱਤਾ.. ਮੈਨੇਜਰ ਨੇ ਗੱਲ ਖ਼ਤਮ ਕੀਤੀ ਤੇ ਸਾਰੇ ਖਿੜ-ਖਿੜ ਕੇ ਹੱਸ ਪਏ ਤੇ ਵਿਚਾਰੀ ਜਾਸਮੀਨ ਨੂੰ ਧਰਤੀ ਥਾਂ ਨਾ ਦੇਵੇ...ਬੱਸ ਸੌਰੀ ਕਹਿ ਕੇ ਜਾਸਮੀਨ ਗਾਇਬ ਹੋ ਗਈ।

ਕੰਵਲ ਦੀ ਚਾਚੀ ਨੂੰ ਬੜਾ ਵੱਟ ਚੜ੍ਹਿਆ ਕਿ ਮੈਂ ਇਸ ਨਖੱਤੀ ਦੇ ਰਿਸ਼ਤੇ ਦੀ ਗੱਲ ਚਲਾ ਰਹੀ ਹਾਂ ਤੇ ਇਸ ਨੇ ਉਸਨੂੰ ਹੀ ਚੋਰ ਬਣਾ ਛੱਡਿਆ.. ਹੁਣ ਸੁਆਹ ਰਿਸ਼ਤਾ ਕਰਨਗੇ ਚਾਹਲ ਸਾਹਿਬ.... ਉਹ ਗੱਲੀਂ ਬਾਤੀਂ, ਗੱਲ ਨੂੰ ਗੋਲ ਮੋਲ ਕਰਨ ਲਈ ਮੁੜ ਚਾਹਲ ਸਾਹਬ ਕੋਲ ਆ ਗਈ, ਪਰ ਉਨਾਂ ਨੇ ਇਨ੍ਹਾਂ ਹੀ ਕਿਹਾ ਕਿ ਇਹ ਸੱਭ ਗ਼ਲਤਫ਼ਹਿਮੀ ਨਾਲ ਹੋਇਆ ਹੈ, ਉਸ ਤਰ੍ਹਾਂ ਬਈ ਕੁੜੀ ਤਾਂ ਹੁਸ਼ਿਆਰ ਆ, ਘੱਟੋ-ਘੱਟ ਕਦੇ ਘਰ ਵਿੱਚ ਕੋਈ ਚੋਰੀ ਤਾਂ ਨਾ ਹੋਊਗੀ... ਇੰਨਾ ਕਹਿੰਦਿਆਂ ਹੀ

ਸਾਰੇ ਹੱਸ ਪਏ ਤੇ ਗੱਲ ਆਈ ਗਈ ਹੋ ਗਈ।

ਹਫ਼ਤੇ ਕੁ ਬਾਅਦ ਕੰਵਲ ਮੁੜ ਸੁਪਰੀਤ ਨੂੰ ਮਿਲਿਆ ਅਤੇ ਵਿਆਹ ਵਿੱਚ ਰਿਸ਼ਤੇਦਾਰਾਂ ਵੱਲੋਂ ਵਿਖਾਈ ਗਈ ਕੁੜੀ, ਅਤੇ ਉਸ ਸਮੇ ਵਾਪਰੀ ਉਹ ਘਟਨਾ ਬਾਰੇ ਦੱਸਿਆ.. ਸੁਪਰੀਤ ਬੜਾ ਖਿੜਖਿੜਾ ਕੇ ਹੱਸੀ.. ਪਰ ਫਿਰ ਗੰਭੀਰ ਹੁੰਦੀ ਹੋਈ ਵਿਅੰਗਮਈ ਜਿਹੇ ਅੰਦਾਜ਼ 'ਚ ਬੋਲੀ.. ਪੱਕਾ ਯਾਰ..? ਚੋਰੀ ਤੂੰ ਨਹੀਂ ਸੀ ਨਾ ਕੀਤੀ..? ਕਿ ਮਾਹੌਲ ਫਿਰ ਸ਼ਰਾਰਤ ਭਰਿਆ ਜਿਹਾ ਹੋ ਗਿਆ.. ਬੱਸ ਕਰ ਹੁਣ ਮਰਜੇਂ!! ਇੰਨਾ ਹੱਸੀ ਜਾਣ ਦਈਂ ਹੈ..

ਫਿਰ ਦੁਬਾਰਾ ਸੁਪਰੀਤ ਕਹਿਣ ਲੱਗੀ ਮੈਨੂੰ ਨਾਲ ਲੈ ਕੇ ਜਾਣਾ ਸੀ ਵਿਆਹ ਵਿੱਚ, ਫਿਰ ਮੈਂ ਦੱਸਦੀ ਉਸਨੂੰ ਚੋਰ ਕਿਸਨੂੰ ਕਹੀਦਾ ਏ..?

ਅੱਛਾ ਰੀਤ!! ਬੜੀਆਂ ਗੱਲਾਂ ਆਉਣ ਦਈਆਂ ਨੇ ਤੈਨੂੰ, ਕੋਈ ਨਾ ਮੇਰਾ ਵਿਆਹ ਹੋ ਜਾਣਾ, ਉਸ ਨਾਲ ਫਿਰ ਕਦੇ ਘਰ ਆ ਕੇ ਲੜ ਲਵੀਂ ਉਸ ਨਾਲ... ਨਹਿਲੇ 'ਤੇ ਦਹਿਲਾ ਮਾਰਦਾ ਹੋਏ ਕੰਵਲ ਬੋਲਿਆ...।

ਸੁਪਰੀਤ ਅੱਖਾਂ ਫੈਲਾਉਂਦੀ ਹੋਈ ਬੋਲੀ, ਕੀ ਕੀ.... ਕੀ... ਕੀ ਕਿਹਾ..?

ਹਾਂ.... ਹੁਣ ਆਈ ਨਾ ਲਾਈਨ 'ਤੇ... ਕਦੋਂ ਮੈਨੂੰ ਥੱਲੇ ਲਾਉਣ ਦਈ ਸੀ.. ਕੰਵਲ ਹੱਸਦਾ ਹੋਇਆ ਬੋਲਿਆ.. ਆਖੀਰ ਇਸ ਛੋਟੀ-ਛੋਟੀ ਨੋਕ ਝੋਕ ਤੋਂ ਹੁੰਦਿਆਂ ਹੋਇਆਂ ਗੱਲ ਸੀਰੀਅਸ ਜਿਹੇ ਮੌੜ 'ਤੇ ਆ ਪੁੱਜੀ...

ਕੰਵਲ ਕਹਿਣ ਲੱਗਾ ਜਾਂ ਤਾਂ ਭੱਜ ਕੇ ਕੋਰਟ ਮੈਰਿਜ਼ ਕਰਵਾ ਲਈਏ ਤੇ ਜਾਂ ਫਿਰ ਬਜ਼ਾਰ ਜਾ ਕੇ ਸੈਡ ਗਾਣੇ ਸੁਨਣ ਲਈ ਰੀਲਾਂ ਲੈ ਆਈਏ ...

ਕੰਵਲ! ਯਾਰ ਕਦੇ ਤਾਂ ਸੀਰੀਅਸ ਹੋ ਜਾਇਆ ਕਰੋ.. ਸੁਪਰੀਤ ਨੂੰ ਇੱਕ ਦਮ ਗੰਭੀਰ ਹੋਈ ਵੇਖ ਕੇ ਕੰਵਲ ਕਹਿਣ ਲੱਗਾ, ਓ.ਕੇ.. ਤਾਂ ਦੱਸ ਫਿਰ ਕਿੱਦਾਂ ਕਰਨੀ ਹੈ? ਤਾਂ ਅੱਗੋਂ ਇਸ ਸੁਆਲ ਦੇ ਜੁਆਬ ਵਿੱਚ ਸੁਪਰੀਤ ਨੇ ਫਿਰ ਸੁਆਲ ਕਰ ਦਿੱਤਾ, 'ਕੀ ਕੀਤਾ ਜਾਵੇ?'

ਸੁਆਲ ਦੇ ਬਦਲੇ ਸੁਆਲ ਆ ਜਾਣ ਨਾਲ ਜੁਆਬ ਫਿਰ ਨਾ ਲੱਭ ਸਕਿਆ..

ਕੁੱਝ ਦਿਨ ਬੀਤੇ ਤਾਂ ਕੰਵਲ ਦੀ ਚਾਚੀ ਉਹਨਾਂ ਘਰ ਆਈ ਤੇ ਉਸ ਰਿਸ਼ਤੇ ਬਾਰੇ ਗੱਲ ਕੀਤੀ, ਸਰਬਜੀਤ ਸਿੰਘ ਚਾਹਲ ਤੇ ਉਸਦੀ ਘਰਵਾਲੀ ਸੁਰਜੀਤ ਕੌਰ ਨੂੰ ਕਹਿਣ ਲੱਗੀ ਫਿਰ ਕੀ ਸੋਚਿਆ ਰਿਸ਼ਤੇ ਬਾਰੇ.. ? ਕੁੜੀ ਵਾਲਿਆਂ ਵੱਲੋਂ ਤਾਂ ਹਾਂ ਹੈ ਅਤੇ ਉਸ ਦਿਨ ਪੈਲਸ ਵਾਲੀ ਗੱਲ ਤੋਂ ਸਾਰਾ ਪਰਿਵਾਰ ਬਹੁਤ ਸ਼ਰਮਿੰਦਾ ਹੈ ਤੇ ਕੁੜੀ ਨੇ ਵੀ ਮੁਆਫੀ ਮੰਗੀ ਹੈ... ਸੁਰਜੀਤ ਬੋਲਣ ਲੱਗੀ ਕੁੜੀ ਤਾਂ ਸਾਨੂੰ ਪਸੰਦ ਹੈ ਪਰ..

ਪਰ ਕੀ...? ਭੈਣੇ... ਚਾਚੀ ਗੁਰਮੇਜੋ ਬੋਲੀ.. (ਗੁਰਮੇਜ ਕੌਰ ਨੂੰ ਸਾਰੇ

ਗੁਰਮੇਜੋ ਚਾਚੀ ਕਹਿ ਕੇ ਹੀ ਬੁਲਾਉਂਦੇ ਸਨ)

ਕੁੱਝ ਨਹੀਂ, ਆਹ ਆਪਣਾ ਕੰਵਲ ਨਹੀਂ ਮੰਨਦਾ.. ਇਹ ਕਿਤੇ ਹੋਰ ਕੁੜੀ ਪਸੰਦ ਕਰੀ ਬੈਠਾ ਹੈ ਤੇ ਅੱਜ-ਕੱਲ੍ਹ ਜ਼ਮਾਨਾ ਬਦਲ ਗਿਆ ਹੈ, ਨਿਆਣਿਆਂ ਦੀ ਪਸੰਦ ਵੀ ਵੇਖਣੀ ਪੈਂਦੀ ਹੈ।

ਚੱਲੋ ਠੀਕ ਆ ਜੀ... ਪਰ ਚੰਗਾ ਹੁੰਦਾ ਭੈਣ ਜੀ, ਤੁਸੀਂ ਇਹ ਗੱਲ ਮੈਨੂੰ ਪਹਿਲਾਂ ਦੱਸ ਦਿੰਦੇ ਤਾਂ ਮੈਂ ਗੱਲ ਈ ਨਾ ਕਰਦੀ ਉਹਨਾਂ ਨਾਲ ਇਸ ਬਾਰੇ। ਅਗਲੇ ਇੰਨੇ ਸਾਊ ਬੰਦੇ ਨੇ, ਉਹਨਾਂ ਦੀ ਤਾਂ ਬੇਇਜ਼ਤੀ ਹੋ ਜਾਣੀ ਆ ਨਾ ਹੁਣ, ਤੁਹਾਡੇ ਕਰਕੇ।

ਨਾ ਗੁਰਮੇਜੋ! ਇਸ ਵਿੱਚ ਬੇਇੱਜ਼ਤੀ ਵਾਲੀ ਕਿਹੜੀ ਗੱਲ ਆ? ਅਸੀਂ ਕਿਹੜਾ ਕੁੜੀ ਰੋਕ ਕੇ ਛੱਡਣ ਲੱਗੇ ਹਾਂ.. ਬੱਚਿਆਂ ਦੀ ਮਰਜ਼ੀ ਵੀ ਵੇਖਣੀ ਪੈਂਦੀ ਆ, ਅੱਜ-ਕੱਲ੍ਹ... ਤੂੰ ਤਾਂ ਸਿਆਣੀ ਹੈ, ਤੇਰੀ ਕੁੜੀ ਪ੍ਰੀਤੋ ਨੇ ਵੀ ਤਾਂ ਆਪਣੀ ਮਰਜ਼ੀ ਨਾਲ ਈ ਵਿਆਹ ਕਰਵਾਇਆ ਸੀ।

ਇੰਨੀ ਗੱਲ ਸੁਣਦਿਆਂ ਈ, ਗੁਰਮੇਜੋ ਮੱਚ ਉੱਠੀ... ਵਾਹ ਭੈਣੇ ਵਾਹ!! ਸੋਹਣਾ ਮਿਹਣਾ ਮਾਰਿਆ ਈ.. ਤੇਰੀ ਧੀ ਨਹੀਂ ਨਹੀਂ ਹੈਗੀ, ਤਾਂ ਈ ਤੈਨੂੰ ਗੱਲਾਂ ਆਉਂਦੀਆਂ ਨੇ.. ਪੁੱਤਾਂ ਵਾਲੀ ਜੂ ਹੋਈ। ਮੈਂ ਤਾਂ ਦੋ ਘਰ ਜੋੜਨੇ ਚਾਹੁੰਦੀ ਸੀ...

ਨਾ ਨੀਂ ਗੁਰਮੇਜੋ! ਇਹ ਕੋਈ ਮਿਹਣਾ ਨਹੀਂ, ਮੈਂ ਤਾਂ ਸਰਸਰੀ ਗੱਲ ਕੀਤੀ ਆ ਕਿ ਹੁਣ ਬੱਚੇ ਅਡਵਾਂਸ ਨੇ.. ਨਾਲੇ ਅਸੀਂ ਕਿਹੜਾ ਕੰਵਲ ਦੇ ਪਸੰਦ ਦੀ ਕੁੜੀ ਨੂੰ ਹਾਂ ਕਰ ਦਿੱਤੀ ਹੈ, ਅਸੀਂ ਵੀ ਅਜੇ ਵੇਖਾਂ-ਚਾਖਾਂਗੇ, ਫਿਰ ਈ ਗੱਲ ਅੱਗੇ ਤੋਰਾਂਗੇ, ਤੂੰ ਤਾਂ ਐਵੇਂ ਈ ਬਾਤ ਦਾ ਬਤੰਗੜ ਬਣਾ ਕੇ ਆਪਸ ਵਿੱਚ ਖਟਾਸ ਪੈਦਾ ਕਰਨ ਲੱਗ ਪਈ ਹੈ, ਇਸ ਤਰ੍ਹਾਂ ਨਾ ਸੋਚ। ਸਾਨੂੰ ਤੇਰੇ ਬਾਰੇ ਕੋਈ ਇਤਰਾਜ਼ ਨਹੀਂ ਹੈ। ਸੁਰਜੀਤ ਬੋਲੀ..

ਚੱਲੋ ਠੀਕ ਆ, ਕੱਲ੍ਹ ਜਾਣਾ ਮੈਂ ਜਾਸਮੀਨ ਦੇ ਘਰ, ਸਮਝਾ ਬੁਝਾ ਆਉਂਗੀ ਗੱਲੀਂ ਬਾਤੀਂ, ਟਾਲ-ਮਟੋਲ ਕਰ ਦੇਵਾਂਗੀ.. ਕਹਿ ਕੇ ਗੁਰਮੇਜੋ ਚਾਹਲ ਸਾਹਬ ਦੇ ਘਰੋਂ ਚਲੀ ਗਈ...।

***

ਜਾਸਮੀਨ....! ਧੀਏ...!!! ਕਿੱਥੇ ਐਂ..? ਮੰਮੀ ਡੈਡੀ ਕਿੱਥੇ ਗਏ ਨੇ ਤੇਰੇ? ਅਗਲੇ ਦਿਨ ਜਾਸਮੀਨ ਦੇ ਘਰ ਦੀ ਦਹਲੀਜ਼ ਲੰਘਦੀ ਹੋਈ ਗੁਰਮੇਜੋ ਬੋਲੀ।

ਆਉ ਆਂਟੀ ਜੀ! ਸਤਿ ਸ੍ਰੀ ਅਕਾਲ, ਉਹ ਸਾਰੇ ਅੱਜ ਇੱਥੇ ਹੀ ਕਿਸੇ ਅਖੰਡਪਾਠ ਸਾਹਿਬ ਦੇ ਭੋਗ ਤੇ ਗਏ ਨੇ ਤੇ ਛੋਟਾ ਵੀਰਾ ਅਜੇ ਕਾਲਜ ਤੋਂ ਨਹੀਂ ਮੁੜਿਆ..।

ਅੱਛਾ ਠੀਕ ਆ... ਹੋਰ ਸੁਣਾ.. ਮੈਂ ਤਾਂ ਕੱਲ੍ਹ ਤੇਰੇ ਵਾਲੇ ਦੇ ਘਰ ਗਈ ਸੀ.. ਜਸਮੀਨ ਨੂੰ ਪਰਖਣ ਦੇ ਮਿਜਾਜ਼ ਵਿੱਚ ਗੁਰਮੇਜੋ ਬੋਲੀ..

ਓ.. ਹੋ.. ਆਂਟੀ ਜੀ ਮੇਰੇ ਵਾਲਾ ਕਿੱਥੋਂ ਹੋ ਗਿਆ..? ਉਹਨਾਂ ਤਾਂ ਉਸ ਪੈਲੇਸ ਵਾਲੀ ਗੱਲ ਕਰਕੇ ਮੇਰੇ ਤੋਂ ਤਾਂ ਖਾਰ ਹੀ ਬੜੀ ਖਾਂਦਾ ਹੋਣਾ... ਪਰ ਆਂਟੀ ਜੀ ਮੈਨੂੰ ਕੀ ਪਤਾ ਸੀ ਕਿ ਉਹ ਕੌਣ ਹੈ..? ਮੈਂ ਤਾਂ ਜੋ ਦੇਖਿਆ ਸਾਰਿਆਂ ਨੂੰ ਦੱਸ ਤਾ... ਪਰ ਮੇਰੇ ਤੋਂ ਗਲਤੀ ਹੋ ਗਈ।

ਚੱਲ ਕੋਈ ਨਾਂਹ, ਗਲਤੀ ਵੀ ਇਨਸਾਨਾਂ ਤੋਂ ਈ ਹੁੰਦੀ ਹੈ। ਮੈਂ ਕੱਲ੍ਹ ਗਈ ਸੀ ਉਹਨਾਂ ਵੱਲ ਮੁੰਡਾ ਤਾਂ ਬੜਾ ਸਾਊ ਹੈ ਤਾਂ ਹੀ ਤਾਂ ਤੇਰੇ ਰਿਸ਼ਤੇ ਦੀ ਗੱਲ ਚਲਾਈ ਸੀ ਉਸ ਨਾਲ..

ਮੇਰੇ ਰਿਸ਼ਤੇ ਦੀ, ਜਾਸਮੀਨ ਇਕ ਦਮ ਬੋਲੀ? ਪਰ ਮੈਨੂੰ ਤਾਂ ਕਿਸੇ ਨੇ ਅਜੇ ਇਸ ਬਾਰੇ ਕੁੱਝ ਦੱਸਿਆ ਹੀ ਨਹੀਂ....

ਤੇਰੇ ਮੰਮੀ ਡੈਡੀ ਨੂੰ ਸੱਭ ਪਤਾ ਹੈ, ਗੁਰਮੇਜੋ ਬੋਲੀ।

ਪਰ ਆਂਟੀ ਜੀ, ਮੈਂ ਉਸ ਨਾਲ ਵਿਆਹ ਨਹੀਂ ਕਰਵਾ ਸਕਦੀ.. ਮੈਂ ਉਸਨੂੰ ਜਾਣਦੀ ਨਹੀਂ ਪਹਿਚਾਣਦੀ ਨਹੀਂ.. ਇਸ ਤਰ੍ਹਾਂ ਕਿੱਦਾਂ ਮੈਂ ਵਿਆਹ ਲਈ ਮੰਨ ਜਾਵਾਂਗੀ..? ਜਿੰਦਗੀ ਵਿੱਚ ਵਿਆਹ ਸੱਭ ਤੋਂ ਅਹਿਮ ਮੌੜ ਹੁੰਦਾ ਹੈ, ਇਸ ਮੋੜ ਨੂੰ ਕੱਟਣ ਵਾਸਤੇ ਬਹੁਤ ਸੰਜੀਦਗੀ, ਪਰਖ ਅਤੇ ਸੋਚ ਸਮਝ ਕੇ ਕਦਮ ਰੱਖਣਾ ਪੈਂਦਾ ਹੈ, ਪੁਰਾਣੇ ਸਮੇਂ ਲੱਦ ਗਏ ਜਦ ਕੁੜੀਆਂ ਨੂੰ ਜਿੱਥੇ ਮਰਜ਼ੀ ਬੰਨ੍ਹ ਦਿੱਤਾ ਜਾਂਦਾ ਸੀ.. ਕੁੜੀਆਂ ਵੀ ਸਾਰੀ ਉਮਰ ਮਰਦ ਦੀ ਗੁਲਾਮੀ ਕਰਦੀਆਂ ਰਹਿੰਦੀਆਂ ਸਨ,,, ਹਾਂ ਚੰਗੀ ਕਿਸਮਤ ਨੂੰ ਕਈ ਰਾਜ ਵੀ ਕਰਦੀਆਂ ਅਤੇ ਜਿੰਦਗੀ ਦੇ ਹਰ ਸੁੱਖ ਭੋਗਦੀਆਂ ਸਨ ਪਰ ਬਹੁਤੀਆਂ ਦਾ ਹਾਲ...

ਚਾਚੀ ਕੜਕ ਕੇ ਬੋਲੀ.. ਇਹ ਹੋ ਕੀ ਗਿਆ ਅੱਜ-ਕਲ੍ਹ ਲੋਕਾਂ ਨੂੰ, ਮੁੰਡੇ ਵਾਲੇ ਵੀ ਨਵੇਂ ਸਮਾਜ ਦੀਆਂ ਗੱਲਾਂ ਕਰਨ ਦਏ ਸੀ ਤੇ ਮੈਨੂੰ ਲੈਕਚਰ ਦੇ ਰਹੇ ਸੀ ਤੇ ਇੱਥੇ ਤੂੰ...

ਆਂਟੀ ਜੀ, ਇਸ ਵਿੱਚ ਬੁਰਾ ਹੈ ਵੀ ਕੀ..? ਤੁਹਾਡੀ ਬੇਟੀ ਨੇ ਵੀ ਤਾਂ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ ਸੀ...

ਗੁਰਮੇਜੋ ਫਿਰ ਹਾਈਪਰ ਹੋ ਗਈ, ਚੁੱਪ ਕਰ ਕੁੜੀਏ! ਹਰ ਥਾਂ ਮੇਰੀ ਧੀ ਨੂੰ ਵਿੱਚ ਕਿਉਂ ਲੈ ਆਉਂਦੇ ਹੋ, ਧੀ ਦਾ ਮਿਹਣਾ ਕਿਉਂ ਦੇਣ ਲੱਗ ਪੈਂਦੇ ਹੋ ਮੈਨੂੰ.. ਮੈਂ ਅੱਜ ਤੱਕ ਉਸ ਨਖੱਤੀ, ਕੁੱਤੀ ਦਾ ਮੂੰਹ ਤੱਕ ਨਹੀਂ ਵੇਖਿਆ, ਜਿਸ ਦਿਨ ਦਾ ਉਸ ਚੰਦਰੀ ਨੇ ਘਰੋਂ ਬਾਹਰ ਕਦਮ ਰੱਖਿਆ ਸੀ.. ਪਤਾ ਨਹੀਂ ਕਿਹੜੇ ਖਸਮਾਂ ਖਾਣੇ ਨਾਲ ਖੇਹ ਖਾਹ ਕੇ ਉਸਦੀ ਚੁੰਗਲ ਵਿੱਚ ਫਸ ਕੇ ਉਸ ਨਾਲ ਵਿਆਹ ਕਰਵਾਉਣ ਲਈ ਘਰੋਂ

ਨਿਕਲ ਗਈ ਸੀ... ਮੇਰੇ ਵਾਸਤੇ ਤਾਂ ਉਹ ਉਸ ਦਿਨ ਹੀ ਮਰ ਗਈ ਸੀ, ਪਰ ਮੇਰਾ ਖਹਿੜਾ ਕਿਤੇ ਨਹੀਂ ਛੱਡਦੀ...!!

ਆਂਟੀ ਜੀ! ਜਿੰਨੀ ਭੜਾਸ ਕੱਢਣੀ ਹੈ ਕੱਢ ਲਉ, ਪਰ ਮੇਰੀ ਗੱਲ ਵੱਲ ਧਿਆਨ ਦਿਉ.. ਪ੍ਰੀਤ ਨੂੰ ਅੱਜ ਘਰੋਂ ਗਈ ਨੂੰ ਤਿੰਨ ਸਾਲ ਹੋ ਗਏ ਨੇ.. ਤੁਸੀਂ ਇੱਕ ਵਾਰ ਵੀ ਉਸਦੇ ਮਗਰ ਜਾ ਕੇ ਉਸਦਾ ਹਾਲ ਨਹੀਂ ਪੁੱਛਿਆ.. ਪਰ ਤੁਹਾਨੂੰ ਪਤਾ ਵੀ ਹੈ ਉਹ ਕਿੱਥੇ ਹੈ? ਉਸਦੇ ਜਾਣ ਤੋਂ ਬਾਅਦ ਤੁਸੀਂ ਇੱਕ ਵਾਰ ਵੀ ਉਸਨੂੰ ਦੇਖਣ ਦੀ ਕੋਸ਼ਿਸ਼ ਨਹੀਂ ਕੀਤੀ..

ਆਂਟੀ ਜੀ ਮੈਂ ਦੱਸਦੀ ਹਾਂ ਉਸ ਬਾਰੇ, ਉਹ ਮੇਰੇ ਤੋਂ ਇੱਕ ਸਾਲ ਹੀ ਅੱਗੇ ਪੜ੍ਹਦੀ ਸੀ ਤੇ ਮੇਰੇ ਨਾਲ ਫੇਸਬੁੱਕ 'ਤੇ ਫ੍ਰੈਂਡ ਵੀ ਸੀ। ਜਦੋਂ ਘਰੋਂ ਗਈ ਸੀ ਤਾਂ ਬੀ.ਏ. ਕਰਕੇ ਹਟੀ ਸੀ ਤੇ ਅੱਜ ਉਹ ਐਮ.ਫਿੱਲ ਕਰ ਰਹੀ ਹੈ। ਤੁਸੀਂ ਤਾਂ ਉਸਨੂੰ ਦੱਸਵੀਂ ਤੱਕ ਹੀ ਪੜ੍ਹਾ ਸਕੇ ਸੀ, ਅਗੋਂ ਪੜ੍ਹਾਈ ਉਸਨੇ ਘਰ ਵਿੱਚ ਹੀ ਛੋਟੇ ਮੋਟੇ ਸਿਲਾਈ ਕਢਾਈ ਕਰਕੇ ਇਕੱਠੇ ਕੀਤੇ ਪੈਸਿਆਂ ਨਾਲ ਕੀਤੀ ਤੇ ਘਰ ਦੇ ਵੀ ਖ਼ਰਚੇ ਤੋਰੇ ਸੀ। ਸਿਆਣੀ ਕੁੜੀ ਸੀ। ਅੱਜ ਉਹ ਤੇ ਉਸਦਾ ਘਰਵਾਲਾ ਘੱਟੋ-ਘੱਟ ਚਾਲੀ-ਪੰਜਾਹ ਹਜ਼ਾਰ ਰੁਪਏ ਮਹੀਨਾ ਪ੍ਰਾਈਵੇਟ ਸੈਕਟਰ ਵਿੱਚ ਇੱਕ ਵੱਡੀ ਕੰਪਨੀ ਵਿੱਚ ਕੰਮ ਕਰਦੇ ਨੇ, ਦੋਹਾਂ ਜੀਆਂ ਕੋਲੋ ਆਪੋ-ਆਪਣੀਆਂ ਕਾਰਾਂ ਨੇ.. ਉਹ ਅੱਜ ਵੀ ਤੁਹਾਨੂੰ ਬਹੁਤ ਯਾਦ ਕਰਦੀ ਹੈ.. ਪਰ ਉਸਦਾ ਉਸ ਵੇਲੇ ਲਿਆ ਗਿਆ ਫ਼ੈਸਲਾ ਗ਼ਲਤ ਨਹੀਂ ਸੀ, ਮੁੰਡਾ ਬਹੁਤ ਚੰਗਾ ਅਤੇ ਮਿਹਨਤੀ ਪਰਿਵਾਰ ਨਾਲ ਸਬੰਧ ਰੱਖਦਾ ਸੀ, ਤੁਸੀਂ ਇੱਕ ਵਾਰ ਵੀ ਮੁੰਡੇ ਬਾਰੇ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ... ਠੀਕ ਹੈ ਪੁਰਾਣੇ ਰੀਤੀ-ਰਿਵਾਜ਼, ਪ੍ਰੰਪਰਾਵਾਂ ਦੀ ਆਪਣੇ ਸਮੇਂ ਵਿੱਚ ਕੋਈ ਮਹੱਤਤਾ ਰਹੀ ਹੋਵੇਗੀ, ਪਰ ਅੱਜ-ਕੱਲ੍ਹ ਸਮੇਂ ਦੇ ਨਾਲ ਮਨੁੱਖ ਨੂੰ ਆਪਣੀ ਸੋਚ ਸਮਝ ਨਾਲ ਸਹੀ ਫੈਸਲੇ ਲੈਣ ਦੇ ਯੋਗ ਹੋਣਾ ਚਾਹੀਦਾ ਹੈ ਤਾਂ ਕਿ ਭਵਿੱਖ ਵਿੱਚ ਪਛਤਾਵਾ ਨਾ ਹੋਵੇ, ਭਾਵੇਂ ਕਿ ਸੋਚ ਸਮਝ ਕੇ ਲਿਆ ਫੈਸਲਾ ਵੀ ਗ਼ਲਤ ਹੋ ਸਕਦਾ ਹੈ, ਪਰ ਕੋਸ਼ਿਸ਼ ਤਾਂ ਚੰਗੇ ਵਾਸਤੇ ਹੀ ਕਰਨੀ ਚਾਹੀਦੀ ਹੈ ਨਾ...?

ਜਦਕਿ ਦੂਜੇ ਪਾਸੇ ਤੁਸੀਂ ਆਪਣੇ ਮੁੰਡੇ ਦਾ ਵਿਆਹ ਪਿਛਲੇ ਸਾਲ ਕੀਤਾ ਹੈ। ਬੱਸ ਸੋਹਣੀ ਕੁੜੀ ਵੇਖ ਕੇ ਮੁੰਡਾ ਵਿਆਹਤਾ। ਹੁਣ ਦੱਸੋ ਉਹ ਸਾਰਾ ਦਿਨ ਤਿਆਰ ਹੋ ਕੇ ਫੱਬ ਕੇ ਬੈਠੀ ਰਹਿੰਦੀ ਹੈ, ਤੁਹਾਡੀ ਕੋਈ ਗੱਲ ਉਹ ਨਹੀਂ ਸੁਣਦੀ, ਚੌਂਕਾ-ਚੁੱਲ੍ਹਾ ਤੁਹਾਨੂੰ ਆਪ ਕਰਨਾ ਪੈਂਦਾ ਹੈ, ਨੂੰਹ ਆਪਣੀ ਸੇਵਾ ਕਰਵਾਉਣ ਲਈ ਲਿਆਂਦੀ ਸੀ ਜਾਂ ਉਸਦੀ ਸੇਵਾ ਕਰਨ ਨੂੰ...

ਹੁਣ ਤੀਜੀ ਗੱਲ ਸੁਣੋ!! ਕੰਵਲ ਜਿਸ ਕੁੜੀ ਨੂੰ ਪਿਆਰ ਕਰਦਾ ਹੈ, ਉਸਦਾ ਨਾਮ ਸੁਪਰੀਤ ਹੈ, ਬਹੁਤ ਹੀ ਸ਼ਰੀਫ, ਸੁੱਘੜ-ਸਿਆਣੀ, ਸਹਿਨਸ਼ੀਲ ਅਤੇ ਬਹੁਤ ਹੀ ਚੰਗੇ ਪਰਿਵਾਰ ਵਿੱਚੋਂ ਹੈ.. ਉਸ ਦਿਨ ਜਦ ਪੈਲੇਸ ਵਿੱਚ ਮੈਂ ਬੇਵਕੂਫ਼ੀ

ਕੀਤੀ ਸੀ ਤਾਂ ਉਸ ਕੋਲੋਂ ਮੁਆਫ਼ੀ ਮੰਗਣ ਲਈ ਮੈਂ ਉਸਦਾ ਨਾਮ/ਪਤਾ, ਪਤਾ ਕਰਵਾ ਕੇ ਉਸ ਬਾਰੇ ਨੈੱਟ ਤੋਂ ਉਸਦਾ ਮੋਬਾਇਲ ਨੰਬਰ ਲੈ ਲਿਆ ਸੀ 'ਤੇ ਉਸ ਨਾਲ ਗੱਲ ਕਰ ਲਈ ਸੀ.. ਪਰ ਇਸ ਬਾਰੇ ਦੱਸਿਆ ਕਿਸੇ ਨੂੰ ਨਹੀਂ। ਮੈਨੂੰ ਵੀ ਉਸੇ ਨੇ ਦੱਸਿਆ ਸੀ ਕਿ ਗੁਰਮੇਜੋ ਚਾਚੀ ਤੇਰੀ ਦੱਸ ਮੇਰੇ ਲਈ ਪਾ ਰਹੀ ਹੈ ਤੇ ਉਸਨੇ ਸੁਪਰੀਤ ਬਾਰੇ ਦੱਸਿਆ ਅਤੇ ਮੈਂ ਸੁਪਰੀਤ ਨੂੰ ਪਹਿਲਾਂ ਤੋਂ ਜਾਣਦੀ ਸੀ ਕਿਉਂਕਿ ਅਸੀਂ ਦੋਵੇਂ ਕੰਪਿਊਟਰ ਡਿਪਲੋਮਾ ਇਕੱਠੀਆਂ ਇਕੋ ਜਗ੍ਹਾ ਤੋਂ ਕਰਦੀਆਂ ਪਈਆਂ ਹਾਂ।

ਚਾਚੀ ਦਾ ਤਾਂ ਮੂੰਹ ਹੀ ਖੁੱਲ੍ਹਾ ਰਹਿ ਗਿਆ... ਪਰ ਅੱਜ ਉਸਨੂੰ ਜਸਮੀਨ ਨੇ ਉਸ ਵੱਲੋਂ ਕੀਤੀਆਂ ਗਈਆਂ ਜਾਂ ਅਣਜਾਣੇ ਵਿੱਚ ਹੋਈਆਂ ਗ਼ਲਤੀਆਂ ਦਾ ਅਹਿਸਾਸ ਕਰਵਾ ਦਿੱਤਾ।

ਗੁਰਮੇਜੋ ਬੋਲੀ! ਕਮਾਲ ਦੀਆਂ ਨੇ ਤੁਹਾਡੀਆਂ ਪੜ੍ਹਾਈਆਂ, ਤੇ ਆਹ ਤੁਹਾਡੀਆਂ ਟਕਨੌਲਜੀਆਂ, ਜੋ ਹਰ ਬੰਦੇ ਬਾਰੇ ਝੱਟ ਹੀ ਸੱਭ ਕੁੱਝ ਪਤਾ ਕਰ ਲੈਂਦੇ ਜੇ... ਸਹੀ ਗੱਲ ਆ, ਸਾਨੂੰ ਚੰਗੇ ਵਾਸਤੇ ਤੇ ਭਵਿੱਖ ਬਾਰੇ ਸੋਚਣਾ ਚਾਹੀਦਾ ਹੈ ਅਤੇ ਕੀ ਠੀਕ ਜਾਂ ਕੀ ਗ਼ਲਤ ਦਾ ਅੰਦਾਜ਼ਾ ਲੰਮੀ ਸੋਚ ਤੋਂ ਲਗਾਉਣਾ ਚਾਹੀਦਾ ਨਾ ਕਿ ਢੀਠਤਾਈ ਤੋਂ...

ਮੈਂ ਵੀ ਜਲਦੀ ਆਪਣੀ ਧੀ ਤੇ ਜਵਾਈ ਨੂੰ ਮਿਲ ਕੇ ਆਊਂਗੀ ...

ਧੰਨਵਾਦ ਰੱਬਾ! ਜੋ ਅੱਜ ਇਸ ਨਿੱਕੀ ਕੁੜੀ ਨੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ..

ਕੀ ਗ਼ਲਤ ਜਾਂ ਕੀ ਠੀਕ ਇਹ ਤਾਂ ਰੱਬ ਦੇ ਹੱਥ ਵਿੱਚ ਹੁੰਦਾ ਹੈ, ਸਾਨੂੰ ਸੋਚ ਸਮਝ ਕੇ ਹਰ ਪੱਖ ਤੋਂ ਚੰਗੀ ਤਰ੍ਹਾਂ ਵਿਚਾਰ ਕੇ ਫੈਸਲੇ ਲੈਣੇ ਚਾਹੀਦੇ ਨੇ ਨਾ ਕਿ ਪ੍ਰੰਪਰਾਵਾਦੀ ਜਾਂ ਰੂੜੀਵਾਦੀ ਸੋਚ ਦੇ ਪ੍ਰਭਾਵ ਥੱਲੇ ਰਹਿ ਕੇ।

***********

'ਬੁਰੀ ਆਦਤ ਨੂੰ ਫ਼ੈਸ਼ਨ ਦੱਸਣਾ ਵੀ
ਇੱਕ ਬੁਰੀ ਆਦਤ ਹੈ।' – ਇਕਵਾਕ ਸਿੰਘ ਪੱਟੀ



ਬੱਸ 'ਝੱਟ ਮੰਗਣੀ ਅਤੇ ਪੱਟ ਵਿਆਹ' ਹੋ ਗਿਆ। ਜਿਵੇਂ ਸਿਆਣੇ ਕਹਿੰਦੇ ਸਨ ਕਿ 'ਵਿਆਹ ਵੀ ਗਾਹ ਹੀ ਹੁੰਦਾ' ਇੱਕ ਕਿਸਮ ਨਾਲ ਤਾਂ ਸਹੀ ਹੋ ਸਕਦਾ ਹੈ ਕਿਉਂਕਿ ਭਲੇ ਵੇਲੇ ਵਿਆਹ ਦੀਆਂ ਰਸਮਾਂ ਵੀ ਮਹੀਨਾ ਮਹੀਨਾ ਚੱਲਦੀਆਂ ਰਹਿੰਦੀਆਂ ਸਨ ਤੇ ਪੂਰਾ ਗਾਹ ਪਿਆ ਰਹਿੰਦਾ ਸੀ। ਮਨਜੀਤ ਦੇ ਵਿਆਹ ਦੀਆਂ ਰਸਮਾਂ ਤਾਂ ਮਹੀਨਾ-ਮਹੀਨਾ ਨਹੀਂ ਸਨ ਚੱਲੀਆਂ ਪਰ ਇਸ ਵਿਅਹ ਨੇਮਨਜੀਤ ਦੀ ਸਾਰੀ ਜ਼ਿੰਦਗੀ ਵਿੱਚ ਗਾਹ ਜ਼ਰੂਰ ਪਾ ਦਿੱਤਾ ਸੀ।

# ਇੱਕ ਚੁੱਪ ਸੌ ਦੁੱਖ



ਪੰਜਾਬੀ ਸਮਾਜ ਜਾਂ ਹਰ ਇੱਕ ਸਮਾਜ ਵਿੱਚ ਕੁੱਝ ਅਖੌਤਾਂ ਜਾਂ ਮਨੌਤਾਂ ਪ੍ਰਚੱਲਿਤ ਹੁੰਦੀਆਂ ਹਨ। ਜੋ ਕਿਸੇ ਸਮੇਂ ਕਿਸੇ ਹਾਲਤਾਂ 'ਤੇ ਬਿਲਕੁੱਲ ਠੀਕ ਅਤੇ ਫੱਬਵੀਆਂ ਵੀ ਬੈਠਦੀਆਂ ਹਨ ਅਤੇ ਕਿਤੇ ਨਹੀਂ ਵੀ। ਇਹਨਾਂ ਪ੍ਰਚੱਲਿਤ ਕਹਾਵਤਾਂ ਵਿੱਚ ਪ੍ਰਸਿੱਧ ਅਤੇ ਆਮ ਤੌਰ 'ਤੇ ਪ੍ਰਚੱਲਿਤ ਕਹਾਵਤ, 'ਇੱਕ ਚੁੱਪ ਸੌ ਸੁੱਖ' ਪਤਾ ਨਹੀਂ ਕਦੋਂ ਅਤੇ ਕਿਸ ਨੇ ਕਿਹੜੇ ਸੰਦਰਭ ਵਿੱਚ ਬਣਾਈ ਹੋਵੇਗੀ? ਪਰ ਇਸ ਕਹਾਵਤ ਕਰਕੇ ਹੀ ਬਹੁਤ ਸਾਰੇ ਰਿਸ਼ਤੇ ਟੁੱਟਣੋਂ ਬੱਚੇ ਰਹੇ ਹਨ, ਬਹੁਤ ਸਾਰੇ ਹੋਣ ਵਾਲੇ ਝਗੜੇ ਨਹੀਂ ਹੋਏ, ਬਹੁਤ ਸਾਰੀਆਂ ਰਿਸ਼ਤਿਆਂ ਦੀਆਂ ਤੰਦਾਂ ਕਮਜ਼ੋਰ ਹੋ ਕੇ ਟੁੱਟਣ ਦੀ ਥਾਂ ਹੋਰ ਜਿਆਦਾ ਮਜ਼ਬੂਤ ਹੋ ਗਈਆਂ, ਭਾਵ ਕਿ ਇਸ ਕਹਾਵਤ ਉੱਤੇ ਅਮਲ ਕਰਨ ਵਾਲਿਆਂ ਦੀ ਜ਼ਿੰਦਗੀ ਅਤੇ ਆਲੇ-ਦੁਆਲੇ ਦੇ ਮਾਹੌਲ ਉੱਤੇ ਇਸ ਕਹਾਵਤ ਨੇ ਡੂੰਘਾ ਪ੍ਰਭਾਵ ਸਿਰਜਿਆ ਹੈ।

ਮਨਜੀਤ ਦਾ ਇਹ ਦੂਜਾ ਵਿਆਹ ਸੀ। ਮਨਜੀਤ ਆਪ ਬਹੁਤ ਧਾਰਮਿਕ ਵਿਚਾਰਾਂ ਅਤੇ ਸਮਾਜਿਕ ਕਦਰਾਂ-ਕੀਮਤਾਂ ਦੀ ਇੱਜ਼ਤ ਕਰਨ ਵਾਲਾ ਵਿਅਕਤੀ ਸੀ। ਪਰ ਜ਼ਿੰਦਗੀ ਵਿੱਚ ਹੋਣ ਵਾਲੀ ਜਾਂ ਆਉਣ ਵਾਲੀ ਕਸ਼ਮਕਸ਼ ਨੂੰ ਭਲਾ ਕੌਣ ਬੁੱਝ ਸਕਿਆ ਹੈ। ਇਹ ਤਾਂ 'ਜਿਸ ਤਨ ਨੂੰ ਲੱਗਦੀ ਏ, ਸੋ ਤਨ ਜਾਣੇ' ਵਾਲੀ ਡੂੰਘੀ ਫ਼ਿਲਸਾਫ਼ੀ ਵਾਲਾ ਵਿਸ਼ਾ ਹੁੰਦਾ ਹੈ। ਨਿੱਜੀ ਦੁੱਖ ਦਰਦ ਤਾਂ ਬੰਦੇ ਦਾ ਨਿੱਜ ਹੀ ਮਹਿਸੂਸ ਕਰ ਸਕਦਾ। ਇਹ ਤਾਂ 'ਕੌਣ ਜਾਣੈ ਪੀੜ ਪਰਾਈ' ਵਾਲੀ ਸੱਚੀ ਗੱਲ ਹੁੰਦੀ ਹੈ।

ਮਨਜੀਤ ਦੀ ਉਮਰ ਜ਼ਿੰਦਗੀ ਦੀ ਤੀਹਵੀਂ ਬਹਾਰ ਵੇਖ ਰਹੀ ਸੀ ਕਿ ਕਿਸੇ ਦੱਸ ਪਾਈ ਕਿ ਨਾਲ ਦੇ ਪਿੰਡ ਵਿੱਚ ਵੀ ਇੱਕ ਸੋਹਣੀ ਸੁਨੱਖੀ ਕੁੜੀ ਕੋਈ 29 ਕੁ ਵਰ੍ਹਿਆਂ ਦੀ ਜਿਸਦਾ ਛੱਡ-ਛਡਾਅ ਹੋਏ ਨੂੰ ਕੋਈ 4-5 ਵਰ੍ਹੇ ਬੀਤ ਚੁੱਕੇ ਹਨ, ਲਈ ਰਿਸ਼ਤੇ ਦੀ ਭਾਲ ਹੈ ਤਾਂ ਮਨਜੀਤ ਦੇ ਪਰਿਵਾਰ ਵੱਲੋਂ ਤਾਂ ਹਾਂ ਹੀ ਸੀ, ਪਰ ਮਨਜੀਤ ਥੋੜ੍ਹਾ ਸਸ਼ੋਪੰਜ ਵਿੱਚ ਸੀ ਕਿ ਕੀ ਕਰੇ ਤੇ ਕੀ ਨਾਂਹ ਕਰੇ। ਕਿਉਂਜਿ ਉਸਦਾ ਵਿਆਹ ਵਾਲਾ ਤਜ਼ਰਬਾ ਕੋਈ ਬਹੁਤਾ ਵਧੀਆ ਨਹੀਂ ਸੀ ਰਿਹਾ ਪਰ ਜ਼ਿੰਦਗੀ ਕੱਟਣ ਲਈ ਸਹਾਰਾ ਤਾਂ ਜ਼ਰੂਰੀ ਹੈ, ਕਿਉਂਕਿ ਦੁਨੀਆਂ ਵਿੱਚ ਮਾਂ-ਬਾਪ ਦਾ ਰਿਸ਼ਤਾ ਜੋ ਸੱਭ ਤੋਂ ਉੱਤਮ ਅਤੇ ਪਵਿੱਤਰ ਹੈ ਅਤੇ ਇਸ ਤੋਂ ਬਾਅਦ ਜੇਕਰ ਕੋਈ ਰਿਸ਼ਤਾ ਸੱਭ ਤੋਂ ਵੱਧ

ਅਹਿਮੀਅਤ ਰੱਖਦਾ ਹੈ ਤਾਂ ਉਹ ਹੈ ਪਤੀ-ਪਤਨੀ ਦਾ ਰਿਸ਼ਤਾ, ਜਿਸ ਦੀ ਪਵਿੱਤਰਤਾ ਨੂੰ ਧਾਰਮਿਕ ਗ੍ਰੰਥਾਂ ਨੇ ਵੀ ਮਾਨਤਾ ਦਿੱਤੀ ਹੈ। ਇੱਥੋਂ ਤੱਕ ਕਿ ਗੁਰੂ ਬਾਬੇ ਨਾਨਕ ਦੀ ਬਾਣੀ ਤਾਂ ਪ੍ਰਮੇਸ਼ਰ ਨੂੰ ਪਤੀ ਅਤੇ ਜੀਵ ਆਤਮਾ ਨੂੰ ਪਤਨੀ ਦਾ ਰੁਤਬਾ ਦਿੰਦਿਆਂ ਪਿਆਰੇ ਪਤੀ ਨਾਲ ਮਿਲਣ ਦੀ ਤਾਂਘ ਨੂੰ ਖ਼ੂਬਸੂਰਤ ਢੰਗਾਂ ਨਾਲ ਬਿਆਨ ਕਰਦੀ ਹੈ। ਮਨਜੀਤ ਨੇ ਵੀ ਕਾਫੀ ਕੁੱਝ ਸੋਚ ਸਮਝ ਕੇ ਵਿਆਹ ਲਈ ਹਾਂ ਕਰ ਦਿੱਤੀ।

ਬੱਸ 'ਝੱਟ ਮੰਗਣੀ ਅਤੇ ਪੱਟ ਵਿਆਹ' ਹੋ ਗਿਆ। ਜਿਵੇਂ ਸਿਆਣੇ ਕਹਿੰਦੇ ਸਨ ਕਿ 'ਵਿਆਹ ਵੀ ਗਾਹ ਹੀ ਹੁੰਦਾ' ਇੱਕ ਕਿਸਮ ਨਾਲ ਤਾਂ ਸਹੀ ਹੋ ਸਕਦਾ ਹੈ ਕਿਉਂਕਿ ਭਲੇ ਵੇਲੇ ਵਿਆਹ ਦੀਆਂ ਰਸਮਾਂ ਵੀ ਮਹੀਨਾ-ਮਹੀਨਾ ਚੱਲਦੀਆਂ ਰਹਿੰਦੀਆਂ ਸਨ 'ਤੇ ਪੂਰਾ ਗਾਹ ਪਿਆ ਰਹਿੰਦਾ ਸੀ। ਮਨਜੀਤ ਦੇ ਵਿਆਹ ਦੀਆਂ ਰਸਮਾਂ ਤਾਂ ਮਹੀਨਾ ਮਹੀਨਾ ਨਹੀਂ ਸਨ ਚੱਲੀਆਂ ਪਰ ਇਸ ਵਿਅਹ ਦੀ ਮਨਜੀਤ ਦੀ ਸਾਰੀ ਜ਼ਿੰਦਗੀ ਵਿੱਚ ਗਾਹ ਜ਼ਰੂਰ ਪਾ ਦਿੱਤਾ ਸੀ।

ਮਹੀਨਾ ਡੰਗ ਤਾਂ ਇੱਕ ਦੂਜੇ ਨੂੰ ਸਮਝਣ ਸਮਝਾਉਣ ਦੇ ਚੱਕਰ ਵਿੱਚ ਨਿਕਲ ਗਿਆ। ਕਿ ਪਿਆਰ ਤਾਂ ਦਿਲ ਮਿਲਿਆਂ ਦਾ ਸੌਦਾ ਹੁੰਦਾ ਏ ਇਸ ਲਈ ਇੱਕ ਦੂਜੇ ਦੀ ਪਸੰਦ ਨਾ ਪਸੰਦ ਨੂੰ ਸਮਝਿਆ ਜਾਵੇ ਤੇ ਫਿਰ ਰਿਸ਼ਤੇ ਦੀਆਂ ਤੰਦਾਂ ਮਜ਼ਬੂਤੀ ਨਾਲ ਬੰਨ੍ਹ ਕੇ ਨਵੇਂ ਸਫ਼ਰ ਦੀ ਸ਼ੁਰੂਆਤ ਕੀਤੀ ਜਾਵੇ ਤਾਂ ਕਿ ਘਰ ਆਉਣ ਵਾਲੇ ਨਵੇਂ ਮਹਿਮਾਨਾਂ ਨੂੰ ਇੱਕ ਖੁਸ਼ਗਵਾਰ ਮਾਹੌਲ ਮਿਲੇ ਜਿਸ ਨੂੰ ਉਹ ਤਦ ਤੱਕ ਮਾਣਦੇ ਰਹਿਣ ਜਦ ਤੱਕ ਮਾਂ-ਬਾਪ ਬੁੱਢੇ ਹੋ ਕੇ ਅਗਲੇ ਸਫਰ ਦੀ ਤਿਆਰੀ ਨਹੀਂ ਕਰ ਲੈਂਦੇ। ਨਾ-ਕਿ ਇਸ ਤਰ੍ਹਾਂ ਹੋਵੇ ਜਿਵੇਂ ਅਕਸਰ ਸਮਾਜ ਵਿੱਚ ਹੁੰਦਾ ਹੈ, ਕਿ ਜਿਹੜਾ ਬੱਚਾ 15 ਸਾਲ ਦੀ ਉਮਰ ਤੱਕ ਮਾਂ-ਬਾਪ ਨੂੰ ਘੁੱਟ ਕੇ ਜੱਫੀ ਪਾ ਲੈਂਦਾ ਹੈ 25ਵਾਂ ਵਰ੍ਹਾ ਟੱਪਦਿਆਂ ਹੀ ਜੱਫੀ ਦੀ ਜਕੜ ਢਿੱਲੀ ਹੁੰਦੀ ਹੋਈ ਹਮੇਸ਼ਾਂ ਲਈ ਟੁੱਟ ਹੀ ਜਾਂਦੀ ਹੈ ਅਤੇ 35ਵਾਂ ਵਰ੍ਹਾ ਟੱਪਣ ਤੱਕ ਜੱਫੀ ਨਾਲੋਂ ਜਾਇਦਾਦ ਵੱਲ ਧਿਆਨ ਵੱਧ ਜਾਂਦਾ ਹੈ।

ਪਰ ਹੋਇਆ ਸੱਭ ਕੁੱਝ ਉਲਟ ਨਾ ਕੋਈ ਪਸੰਦ ਮਿਲ ਸਕੀ ਤੇ ਨਾ ਹੀ ਕੋਈ ਨਾ-ਪਸੰਦ। ਇੱਕ ਉੱਤਰ ਸੀ ਤਾਂ ਦੂਸਰਾ ਪੱਛਮ। ਮਨਜੀਤ ਨੇ ਬੜੀ ਕੋਸ਼ਿਸ਼ ਨੇੜੇ ਜਾਣ ਦੀ ਕੀਤੀ ਜਾਂ ਉਸਨੂੰ ਨੇੜ੍ਹੇ ਲਿਆਉਣ ਦੀ। ਪਰ ਜਿਵੇਂ ਜਿਵੇਂ ਸਮਾਂ ਵੱਧਦਾ ਗਿਆ, 'ਹੌਲੀ ਹੌਲੀ ਹੋ ਜਾਏਗਾ ਪਿਆਰ' ਵਾਲਾ ਗੀਤ ਗਾਉਂਦੇ ਗਾਉਂਦੇ ਹੌਲੀ ਹੌਲੀ ਦੂਰੀ ਵੱਧ ਗਈ ਅਤੇ ਵੱਧਦੀ ਹੀ ਗਈ। ਜਿੱਥੇ ਦਿਲ ਨਾ ਮਿਲੇ ਉੱਥੇ ਜਿਸਮਾਂ ਦਾ ਮਿਲ ਜਾਣਾ ਸੁਭਾਵਿਕ ਨਾ ਹੋ ਕੇ ਗ਼ੈਰ-ਕੁਦਰਤੀ ਬਣ ਜਾਂਦਾ ਹੈ। ਇਹੀ ਕਾਰਨ ਸੀ ਕਿ ਨਾ ਤਾਂ ਉਹਨਾਂ ਦਾ ਵੰਸ਼ ਅੱਗੇ ਵੱਧਿਆ ਤੇ ਅੰਗਰੇਜ਼ੀ ਦੇ 'ਲਿਵ-ਇਨ-ਰਿਲੇਸ਼ਨਸ਼ਿਪ' ਨੂੰ ਜੋ ਕਿ ਮਾਡਰਨ ਜ਼ਮਾਨੇ ਵਿੱਚ ਵਿਆਹ ਤੋਂ ਬਿਨ੍ਹਾਂ ਹੁੰਦਾ ਹੈ, ਇੱਥੇ

ਵਿਆਹ ਤੋਂ ਬਾਅਦ ਚੱਲਦਾ ਰਿਹਾ। ਮਨਜੀਤ ਚੁੱਪ ਰਿਹਾ, ਇਹ ਸੋਚ ਕੇ ਕਿ ਹੁਣ ਤੀਜਾ ਵਿਆਹ ਕਰਵਾਉਂਦਾ ਕੀ ਚੰਗਾ ਲੱਗੂੰ? ਜਾਂ ਇਹ ਕਿੱਧਰ ਨੂੰ ਜਾਊ। ਵੱਡਿਆਂ ਦੇ ਫ਼ੈਸਲੇ ਵੀ ਗ਼ਲਤ ਹੋ ਸਕਦੇ ਹਨ ਅਤੇ ਹੋਏ ਵੀ।

ਪਰ ਇਸ ਸੱਭ ਨਾਲ ਮਨਜੀਤ ਦੀ ਜ਼ਿੰਦਗੀ ਵਿੱਚ ਇਹ ਕਹਾਵਤ 'ਇੱਕ ਚੁੱਪ ਸੌ ਸੁੱਖ' ਇੱਕ ਮਿੱਠੇ ਜ਼ਹਿਰ ਵਾਂਙ ਥਾਂ ਬਣਾ ਗਈ ਅਤੇ ਉਸਦੀ ਚੁੱਪ ਸੌ ਸੁੱਖਾਂ ਦੀ ਥਾਂ ਉਸਨੂੰ ਹਜ਼ਾਰਾਂ ਦੁੱਖਾਂ ਦੀ ਗਹਿਰੀ ਖਾਈ ਵਿੱਚ ਧਕੇਲਦੀ ਗਈ।

***********

'ਸਮਾਜ, ਰਿਸ਼ਤੇ-ਨਾਤੇ, ਰੀਤੀ-ਰਿਵਾਜ਼ਾਂ, ਧਾਰਮਿਕ ਕਰਮਕਾਂਡਾਂ
ਅਤੇ ਪ੍ਰੰਪਰਾਵਾਂ ਦੀ ਸੂਲੀ ਚੜ੍ਹੀ ਰਹਿੰਦੀ ਹੈ 'ਮਨੁੱਖੀ ਜ਼ਿੰਦਗੀ'।' - ਇਕਵਾਕ ਸਿੰਘ ਪੱਟੀ



ਸਕੂਲ ਵੀ ਦੋ-ਚਾਰ ਸਾਲ ਪਹਿਲਾਂ ਹੀ ਨਵਾਂ ਖੁੱਲ੍ਹਾ ਸੀ, ਜਿਸ ਕਰਕੇ ਆਏ ਦਿਨ ਕੋਈ ਨਾ ਕੋਈ ਨਵੀਂ ਨਿਯਮਾਵਲੀ ਆਈ ਰਹਿੰਦੀ ਸੀ। ਸੋ, ਹੁਣ ਸਕੂਲ ਵਲੋਂ ਸਕੂਲ ਦਾ ਨਾਂ ਛਪੇ ਹੋਏ ਟਾਈ-ਬੈਲਟ ਬਣਵਾਏ ਗਏ। ਸਕੂਲ ਦੀਆਂ ਸਾਰੀਆਂ ਕਲਾਸਾਂ ਦੇ ਕੁੱਲ ਵਿਦਿਆਰਥੀਆਂ ਦੀ ਗਿਣਤੀ ਲਗਭਗ 35 ਤੋਂ 40 ਦੇ ਕਰੀਬ ਹੋਵੇਗੀ। ਕੁੜੀਆਂ ਲਈ ਸਲਵਾਰ ਕਮੀਜ਼ ਤੇ ਦੁਪੱਟਾ ਲਾਜ਼ਮੀ ਸੀ। ਗ੍ਰੇਅ ਰੰਗ ਦੀ ਯੂਨੀਫਾਰਮ ਸੀ। ਮੁੰਡਿਆਂ ਲਈ ਗ੍ਰੇਅ ਰੰਗ ਦਾ ਪਟਕਾ, ਚਿੱਟੀ ਕਮੀਜ਼ ਤੇ ਗ੍ਰੇਅ ਪੈਂਟ ਸੀ ਤੇ ਹੁਣ ਤੋਂ ਟਾਈ-ਬੈੱਲਟ

# ਟਾਈ-ਬੈੱਲਟ



ਸ਼ਾਇਦ ਉਦੋਂ ਪ੍ਰਿੰਸ ਦੂਜੀ ਜਾਂ ਤੀਜੀ ਜਮਾਤ ਵਿੱਚ ਪੜ੍ਹਦਾ ਸੀ ਜਦੋਂ ਉਹ ਪਰਿਵਾਰ ਸਮੇਤ ਕਸਬੇ ਵਿੱਚੋਂ ਨਿਕਲ ਕੇ ਆਪਣੇ ਮਾਤਾ ਪਿਤਾ ਨਾਲ ਇੱਕ ਵੱਡੇ ਸ਼ਹਿਰ ਵਿੱਚ ਆ ਗਿਆ ਸੀ। ਕਸਬਾ ਭਾਵੇਂ ਛੋਟਾ ਸੀ (ਅੱਜ-ਕੱਲ੍ਹ ਤਾਂ ਇੱਕ ਸ਼ਹਿਰ ਬਣ ਚੁੱਕਿਆ ਹੈ) ਪਰ ਆਲੇ ਦੁਆਲੇ ਕਈ ਕਸਬੇ ਲੱਗਦੇ ਸਨ, ਜਿਸ ਕਰਕੇ ਪ੍ਰਿੰਸ ਦੇ ਪਿਤਾ ਜੀ ਦਾ ਕਾਰੋਬਾਰ ਬਹੁਤ ਹੀ ਵਧੀਆ ਚੱਲਦਾ ਸੀ, ਪਰ ਨਵੇਂ ਸ਼ਹਿਰ ਵਿੱਚ, ਨਵੀਂ ਥਾਂ 'ਤੇ, ਨਵੇਂ ਸਿਰਿਉਂ ਕਾਰੋਬਾਰ ਸਥਾਪਤ ਕਰਨਾ ਇੱਕ ਬੜਾ ਔਖਾ ਕਾਰਜ ਸੀ।

ਕਸਬੇ ਵਿੱਚੋਂ ਸਾਰਾ ਕੁੱਝ ਵੇਚ-ਵੱਟ ਕੇ ਸ਼ਹਿਰ ਪੁੱਜੇ ਤਾਂ ਅਗੋਂ ਜਿਸ ਥਾਂ 'ਤੇ ਵਸੇਬਾ ਕੀਤਾ, ਉਸ ਥਾਂ 'ਤੇ ਵੇਚਣ ਵਾਲਿਆਂ ਨੇ ਝਗੜਾ ਖੜ੍ਹਾ ਕਰ ਦਿੱਤਾ ਅਤੇ ਤੈਅ ਕੀਤੀ ਰਕਮ ਤੋਂ ਵਧੇਰੇ ਰਕਮ ਦੀ ਮੰਗ ਕੀਤੀ ਤਾਂ ਔਖੇ-ਸੌਖੇ ਹੋ ਘੱਟ-ਵੱਧ ਕਰਕੇ ਸੌਦਾ ਸਿਰੇ ਚੜ੍ਹਿਆ ਪਰ ਇਸ ਸੱਭ ਨਾਲ ਆਰਥਿਕ ਤੰਗੀਆਂ ਦਾ ਜਿਵੇਂ ਪਹਾੜ ਹੀ ਟੁੱਟ ਗਿਆ। ਕਸਬੇ ਵਿੱਚ ਸੱਭ ਤੋਂ ਵੱਡੇ ਅਤੇ ਵਧੀਆ ਸਕੂਲ ਵਿੱਚ ਪ੍ਰਿੰਸ ਅਤੇ ਉਸਦਾ ਛੋਟਾ ਭਰਾ ਜੋਬਨ ਪੜ੍ਹਦੇ ਸਨ। ਸ਼ਹਿਰ ਵਿੱਚ ਮਹਿੰਗੇ ਜਾਂ ਇੱਕ ਪ੍ਰਸਿੱਧ ਸਕੂਲ ਵਿੱਚ ਦਾਖ਼ਲਾ ਕਰਵਾਉਣਾ ਪ੍ਰਿੰਸ ਦੇ ਪਿਤਾ ਜੀ ਲਈ ਸੰਭਵ ਨਹੀਂ ਸੀ, ਸੋ ਨੇੜੇ ਦੇ ਹੀ ਇੱਕ ਟਿਊਸ਼ਨ ਨੁਮਾ ਸੈਂਟਰ ਵਰਗੇ ਨਵੇਂ ਖੁੱਲ੍ਹੇ ਸਕੂਲ ਵਿੱਚ ਦੋਵੇਂ ਬੱਚਿਆਂ ਨੂੰ ਦਾਖ਼ਲ ਕਰਵਾ ਦਿੱਤਾ ਗਿਆ। ਜਿੱਥੇ ਫ਼ੀਸ ਵੀ ਬਹੁਤ ਘੱਟ ਸੀ ਅਤੇ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਦੇ ਚੱਕਰ ਵਿੱਚ ਦਾਖ਼ਲਾ ਫ਼ੀਸ ਵੀ ਮੁਆਫ਼ ਸੀ। ਪ੍ਰਿੰਸ ਤੀਜੀ ਜਮਾਤ ਵਿੱਚ ਅਤੇ ਜੋਬਨ ਪਹਿਲੀ ਜਮਾਤ ਵਿੱਚ ਦਾਖ਼ਲ ਹੋਇਆ।

ਛੋਟਾ ਹੋਣ ਕਰਕੇ ਜੋਬਨ ਮਾਤਾ-ਪਿਤਾ ਦਾ ਲਾਡਲਾ ਸੀ ਅਤੇ ਇਹ ਕੁਦਰਤੀ ਵੀ ਹੈ ਕਿ ਛੋਟਿਆਂ ਨਾਲ ਮਾਤਾ-ਪਿਤਾ ਦਾ ਝੁਕਾਅ ਜਿਆਦਾ ਹੁੰਦਾ ਹੈ। ਪ੍ਰਿੰਸ ਦੀ ਜਮਾਤ ਵਿੱਚ ਕੇਵਲ ਚਾਰ ਬੱਚੇ ਸਨ ਜਦਕਿ ਜੋਬਨ ਦੀ ਜਮਾਤ ਵਿੱਚ ਗਿਆਰਾਂ ਵਿਦਿਆਰਥੀ ਸਨ। ਸਕੂਲ ਵੀ ਦੋ-ਚਾਰ ਸਾਲ ਪਹਿਲਾਂ ਹੀ ਨਵਾਂ ਖੁੱਲ੍ਹਾ ਸੀ, ਜਿਸ ਕਰਕੇ ਆਏ ਦਿਨ ਕੋਈ ਨਾ ਕੋਈ ਨਵੀਂ ਨਿਯਮਾਵਲੀ ਆਈ ਰਹਿੰਦੀ ਸੀ। ਸੋ, ਹੁਣ ਸਕੂਲ ਵਲੋਂ ਸਕੂਲ ਦਾ ਨਾਂ ਛਪੇ ਹੋਏ ਟਾਈ-ਬੈੱਲਟ ਬਣਵਾਏ ਗਏ।

ਸਕੂਲ ਦੀਆਂ ਸਾਰੀਆਂ ਕਲਾਸਾਂ ਦੇ ਕੁੱਲ ਵਿਦਿਆਰਥੀਆਂ ਦੀ ਗਿਣਤੀ ਲਗਭਗ 35 ਤੋਂ 40 ਦੇ ਕਰੀਬ ਹੋਵੇਗੀ। ਕੁੜੀਆਂ ਲਈ ਸਲਵਾਰ ਕਮੀਜ਼ ਤੇ ਦੁਪੱਟਾ ਲਾਜ਼ਮੀ ਸੀ। ਗ੍ਰੇਅ ਰੰਗ ਦੀ ਯੂਨੀਫਾਰਮ ਸੀ। ਮੁੰਡਿਆਂ ਲਈ ਗ੍ਰੇਅ ਰੰਗ ਦਾ ਪਟਕਾ, ਚਿੱਟੀ ਕਮੀਜ਼ ਤੇ ਗ੍ਰੇਅ ਪੈਂਟ ਸੀ ਤੇ ਹੁਣ ਤੋਂ ਟਾਈ-ਬੈੱਲਟ ਵੀ।

ਟਾਈ-ਬੈੱਲਟ ਦੇ ਸਕੂਲ ਵਲੋਂ ਆਏ ਨਵੇਂ ਹੁਕਮ ਹੁਣ ਮੰਨਣੇ ਵੀ ਪੈਣੇ ਸੀ ਪਰ ਘਰ-ਪਰਿਵਾਰ ਦੀ ਹਾਲਤ ਅਜੇ ਸੁਧਰੀ ਨਹੀਂ ਸੀ, ਨਵੀਂ ਥਾਂ 'ਤੇ ਕਾਰੋਬਾਰ ਵੀ ਕੁੱਝ ਖ਼ਾਸ ਨਹੀਂ ਸੀ ਚੱਲਿਆ ਅਜੇ। ਕਈ-ਕਈ ਹਫ਼ਤੇ ਤਾਂ ਪ੍ਰਿੰਸ ਅਤੇ ਜੋਬਨ ਆਪਣੇ ਮਾਤਾ-ਪਿਤਾ ਨਾਲ ਰਲ ਮਿਲ ਕੇ ਲੂਣ, ਖੰਡ ਜਾਂ ਆਚਾਰ ਨਾਲ ਰੋਟੀ ਖਾ ਕੇ ਗੁਜ਼ਾਰਦੇ ਸਨ। ਮਹੀਨਿਆਂ ਬਾਅਦ ਕਦੇ ਸਬਜ਼ੀ ਵਗੈਰਾ ਘਰ 'ਚ ਵੜਦੀ ਸੀ। ਸੱਭ ਕੁੱਝ ਡੰਗ-ਟਪਾਊ ਜਿਹਾ ਚੱਲ ਰਿਹਾ ਸੀ।

ਸੋ, ਮਾਤਾ ਪਿਤਾ ਨੇ ਛੋਟੇ ਨੂੰ ਮਹੀਨੇ ਦੇ ਵਿੱਚ-ਵਿੱਚ ਟਾਈ-ਬੈੱਲਟ ਲੈ ਦਿੱਤਾ ਕਿਉਂਕਿ ਜੋਬਨ ਦੀ ਜਮਾਤ ਵਿੱਚ ਗਿਆਰਾਂ ਵਿਦਿਆਰਥੀਆਂ ਵਿੱਚੋਂ 8 ਮੁੰਡੇ ਸਨ ਅਤੇ 3 ਕੁੜੀਆਂ। ਜਦਕਿ ਪ੍ਰਿੰਸ ਦੀ ਜਮਾਤ ਵਿੱਚ ਤਿੰਨ ਕੁੜੀਆਂ ਤੇ ਇੱਕ ਮੁੰਡਾ (ਪ੍ਰਿੰਸ ਆਪ) ਸੀ। ਰੋਜ਼ ਛੋਟਾ ਤਿਆਰ ਹੁੰਦਾ ਅਤੇ ਮੰਮੀ ਉਸਨੂੰ ਟਾਈ ਬੈੱਲਟ ਲਗਾ ਦਿੰਦੀ ਤਾਂ ਪ੍ਰਿੰਸ ਅੰਦਰੋਂ-ਅੰਦਰੀ ਝੁਰਦਾ ਰਹਿੰਦਾ। ਹੌਲੀ-ਹੌਲੀ ਸਮਾਂ ਲੰਘਦਾ ਗਿਆ। ਸਕੂਲ ਅੱਠਵੀਂ ਤੱਕ ਸੀ ਅਤੇ ਨੌਂਵੀ ਜਮਾਤ ਲਈ ਸਕੂਲ ਬਦਲਣਾ ਹੀ ਪੈਣਾ ਸੀ, ਘਰ ਦੇ ਹਾਲਾਤ ਵੀ ਪਹਿਲਾਂ ਨਾਲੋਂ ਕੁੱਝ ਬੇਹਤਰ ਹੋ ਗਏ ਸਨ। ਪ੍ਰਿੰਸ ਅੱਠਵੀਂ ਜਮਾਤ ਵਿੱਚ ਸੀ ਤੇ ਜੋਬਨ ਛੇਵੀਂ ਵਿੱਚ। ਪਰ ਸਕੂਲ ਬਦਲਣ ਦੀ ਗੱਲ ਚੱਲਦੀ ਤਾਂ ਨੌਂਵੀ ਵਿੱਚ ਪ੍ਰਿੰਸ ਲਈ ਨਵਾਂ ਸਕੂਲ ਲੱਭਣ ਦੇ ਨਾਲ ਹੀ ਜੋਬਨ ਦਾ ਸਕੂਲ ਬਦਲਣ ਦੀ ਗੱਲ ਵੀ ਚੱਲ ਪੈਂਦੀ।

ਨਵੇਂ ਸਕੂਲ ਦਾ ਚਾਅ ਅਤੇ ਨਵੇਂ ਸਕੂਲ ਵਿੱਚ ਨਵੀਂ ਵਰਦੀ ਦੇ ਨਾਲ ਟਾਈ-ਬੈੱਲਟ ਮਿਲਣ ਦੀ ਰੀਝ ਅਤੇ ਫਿਰ ਟਾਈ-ਬੈੱਲਟ ਲਗਾ ਕੇ ਸਕੂਲ ਜਾਣ ਦੀ ਸੱਧਰ ਮੁੜ ਤੋਂ ਬਾਲ ਮਨ ਅੰਦਰ ਪ੍ਰਬੱਲ ਹੋ ਚੁੱਕੀ ਸੀ। ਪਰ ਉਸ ਵੇਲੇ ਪ੍ਰਿੰਸ ਫਿਰ ਬੜਾ ਨਿਰਾਸ਼ ਹੋਇਆ ਜਦ ਉਸਦਾ ਦਾਖ਼ਲਾ ਸਰਕਾਰੀ ਸਕੂਲ ਵਿੱਚ ਕਰਵਾ ਦਿੱਤਾ ਗਿਆ ਜਿੱਥੇ ਟਾਈ-ਬੈੱਲਟ ਦਾ ਰਿਵਾਜ਼ ਹੀ ਨਹੀਂ ਸੀ ਅਤੇ ਸੱਤਵੀਂ ਜਮਾਤ ਲਈ ਛੋਟੇ ਦਾ ਦਾਖ਼ਲਾ ਇੱਕ ਪ੍ਰਾਈਵੇਟ ਸਕੂਲ ਵਿੱਚ ਕਰਵਾ ਦਿੱਤਾ ਜਿੱਥੇ ਉਸਨੂੰ ਫਿਰ ਨਵਾਂ ਟਾਈ-ਬੈੱਲਟ ਮਿਲ ਗਿਆ।

ਘਰਦਿਆਂ ਨੇ ਕਿਹਾ ਸੀ, 'ਪ੍ਰਿੰਸ ਦੱਸਵੀਂ ਜਮਾਤ ਤੋਂ ਬਾਅਦ ਗਿਆਰਵੀਂ-ਬਾਰਵ੍ਹੀਂ ਤੈਨੂੰ ਵੀ ਪ੍ਰਾਈਵੇਟ ਸਕੂਲ ਵਿੱਚੋਂ ਹੀ ਕਰਵਾਵਾਂਗੇ ਫਿਰ ਲਗਾ ਲਈ ਟਾਈਆਂ-ਬੈਲਟਾਂ।'ਪਰ ਦੱਸਵੀਂ ਤੋਂ ਬਾਅਦ ਪ੍ਰਿੰਸ ਨੂੰ ਸਕੂਲੋਂ ਹਟਾ ਲਿਆ ਗਿਆ ਅਤੇ ਜੋਬਨ ਨੂੰ ਵੀ ਪ੍ਰਾਈਵੇਟ ਸਕੂਲ ਵਿੱਚੋਂ ਹਟਾ ਕੇ ਪ੍ਰਿੰਸ ਵਾਲੇ ਸਰਕਾਰੀ ਸਕੂਲ

ਵਿੱਚ ਦਾਖ਼ਲ ਕਰਵਾ ਦਿੱਤਾ ਗਿਆ। ਟਾਈ-ਬੈੱਲਟ ਨਾ ਲਗਾ ਸਕਣ ਦੇ ਦੁੱਖ ਨਾਲੋਂ ਹੁਣ ਪ੍ਰਿੰਸ ਨੂੰ, ਜੋਬਨ ਕੋਲੋਂ ਵੀ ਟਾਈ-ਬੈਲਟ ਖੁੱਸ ਜਾਣ ਦੀ ਵਧੇਰੇ ਖੁਸ਼ੀ ਸੀ। ਇਹੀ ਤਾਂ ਹੁੰਦਾ ਹੈ ਬਚਪਨਾ। ਨਿੱਕੀਆਂ-ਨਿੱਕੀਆਂ ਖੁਸ਼ੀਆਂ, ਨਿੱਕੀਆਂ ਨਿੱਕੀਆਂ ਸ਼ਿਕਾਇਤਾਂ।

ਦੱਸਵੀਂ ਤੋਂ ਬਾਅਦ ਪ੍ਰਿੰਸ ਅਤੇ ਨਾ ਹੀ ਜੋਬਨ ਕਦੇ ਸਕੂਲ ਦਾ ਮੂੰਹ ਦੇਖ ਸਕੇ। ਘਰ ਦੇ ਹਾਲਤਾਂ ਦੇ ਮੱਦੇ ਨਜ਼ਰ ਦੋਹਾਂ ਨੇ ਆਪਣੇ ਹੱਥੀਂ ਕੰਮ ਸਿੱਖੇ। ਡਾਕ ਰਾਹੀਂ ਘਰ ਬੈਠੇ-ਬੈਠੇ ਹੀ ਬਾਰਵੀਂ ਜਮਾਤ, ਫਿਰ ਬੀ.ਏ., ਅਤੇ ਐੱਮ.ਏ. ਤੱਕ ਦੀ ਪੜ੍ਹਾਈ ਕੀਤੀ ਅਤੇ ਦੋਵੇਂ ਭਰਾ ਆਪੋ-ਆਪਣੇ ਕਾਰੋਬਾਰਾਂ ਵਿੱਚ ਪੂਰੀ ਤਰ੍ਹਾਂ ਮਸ਼ਰੂਫ ਹੁਣ ਆਪਣੇ ਬੱਚਿਆਂ ਦੀਆਂ ਹਰ ਰੀਝਾਂ ਨੂੰ ਪੂਰਾ ਕਰਨ ਵਿੱਚ ਲੱਗੇ ਹੋਏ ਜੀਵਨ ਬਤੀਤ ਕਰ ਰਹੇ ਹਨ।

ਕਾਰੋਬਾਰੀ ਹੋਣ ਕਰਕੇ ਹੁਣ ਹਰ ਰੋਜ਼ ਤਿਆਰ ਹੋ ਕੇ, ਦਸਤਾਰ ਸਜਾ ਕੇ, ਟਾਈ-ਬੈੱਲਟ ਲਗਾ ਕੇ ਦਫ਼ਤਰ ਲਈ ਜਾਣਾ ਪੈਂਦਾ ਹੈ ਅਤੇ ਅਕਸਰ ਹੀ ਬਚਪਨ ਦੀਆਂ ਯਾਦਾਂ ਤਾਜ਼ੀਆਂ ਕਰਨੀਆਂ ਹੋਣ ਤਾਂ ਟਾਈ-ਬੈੱਲਟ ਵਾਲਾ ਕਿੱਸਾ ਹਲਕੀ ਜਿਹੀ ਖੁਸ਼ੀ ਚਿਹਰੇ 'ਤੇ ਝਲਕਾ ਜਾਂਦਾ ਹੈ।

***********

'ਲੋਕਾਂ ਦੀ ਜ਼ੁਬਾਨ ਤੇ ਤੁਹਾਡੀ ਕੋਈ ਪਕੜ ਨਹੀਂ,
ਪਰ ਤੁਹਾਡੇ ਕੰਨਾਂ 'ਤੇ ਤੁਹਾਡੀ ਪਕੜ ਹੈ।' - ਇਕਵਾਕ ਸਿੰਘ ਪੱਟੀ



ਅੱਜ ਸ਼ਾਮੀਂ ਵੀ ਘਰ ਮੁੜਿਆ ਤਾਂ ਉਸਦੀ ਜੀਵਨ-ਸਾਥਣ ਕਹਿਣ ਲੱਗੀ ਜੀ, ਅੰਬਰਸਰ ਦੇ ਵੱਡੇ ਗੁਰਦੁਆਰੇ ਜਾਣ ਦਾ ਬਹੁਤ ਮਨ ਹੈ, ਕਿਉਂ ਨਾ ਉੱਥੇ ਜਾ ਕੇ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਵੀ ਹਾਜ਼ਰੀ ਭਰ ਆਈਏ। ਪਹਿਲਾਂ ਤਾਂ ਹਰਦੀਪ ਦਾ ਕੋਈ ਜਾਣ ਦਾ ਇਰਾਦਾ ਨਾ ਬਣਿਆ, ਪਰ ਗੁਰੂ ਘਰ ਜਾਣ ਤੋਂ ਮਨ੍ਹਾਂ ਕਰਨਾ ਕੋਈ ਸਿਆਣਪ ਨਹੀਂ ਸੀ ਤਾਂ ਉਸ ਕਿਹਾ ਕੋਈ ਨਾ, 'ਇਸ ਸ਼ਨੀਵਾਰ ਸ਼ਾਮਾਂ ਨੂੰ ਚੱਲ ਪਵਾਂਗੇ ਤੇ ਐਤਵਾਰ ਸਵੇਰੇ ਵਾਪਸ ਆ ਜਾਵਾਂਗੇ।'

# ਲੱਭੇ ਹੋਏ ਪੈਸੇ



ਗੱਲ ਕੁੱਝ ਕੁ ਸਾਲ ਪੁਰਾਣੀ ਹੈ, ਜਦ ਹਰਦੀਪ ਨੂੰ ਅਚਾਨਕ ਨੌਕਰੀ ਤੋਂ ਜੁਆਬ ਦੇ ਦਿੱਤਾ ਗਿਆ। ਉਸਦੀ ਕੰਪਨੀ ਪਿਛਲੇ ਦੋ-ਤਿੰਨ ਸਾਲਾਂ ਤੋਂ ਘਾਟੇ ਵਿੱਚ ਜਾ ਰਹੀ ਸੀ ਆਖਿਰ ਉਹ ਬੰਦ ਹੋ ਗਈ ਤਾਂ ਹਰਦੀਪ ਨੂੰ ਵੀ ਨੌਕਰੀ ਤੋਂ ਰੁਖ਼ਸਤ ਕਰ ਦਿੱਤਾ ਗਿਆ। ਹਰਦੀਪ ਦਾ ਬੱਜਟ ਇੱਕੋ ਝਟਕੇ ਨਾਲ ਹਿੱਲ ਗਿਆ ਕਿਉਂਕਿ ਨੌਕਰੀ ਨਾਲ ਮਿਲਣ ਵਾਲੇ ਹਰ ਮਹੀਨੇ ਦੇ ਪੈਸਿਆਂ ਨਾਲ ਕਈ ਤਰ੍ਹਾਂ ਦੀਆਂ ਮਹੀਨਾਵਾਰ ਕਿਸ਼ਤਾਂ ਅਤੇ ਹੋਰ ਕਈ ਖ਼ਰਚੇ ਚੱਲਦੇ ਸਨ।

ਇੱਕ ਦਮ ਨਵੀਂ ਨੌਕਰੀ ਲੱਭਣਾ ਬਹੁਤ ਮੁਸ਼ਕਿਲ ਸੀ, ਭੱਜ ਦੌੜ ਕਰਦਿਆਂ ਚਾਰ ਮਹੀਨੇ ਲੰਘ ਗਏ ਪਰ ਕਿਧਰੇ ਕੋਈ ਗੱਲ ਨਾ ਬਣੀ। ਥੌੜ੍ਹੇ ਬਹੁਤੇ ਜੋੜੇ ਪੈਸੇ ਵੀ ਖ਼ਤਮ ਹੋਣ ਕੰਢੇ ਪੁੱਜ ਗਏ ਸਨ। ਕਿਧਰੇ ਹੱਥ ਅੱਡ ਕੇ ਮੰਗਣ ਨੂੰ ਮਨ ਤੇ ਵੱਡਾ ਬੋਝ ਸਮਝਦਾ ਸੀ, 'ਅਖੇ! ਮੰਗਣ ਗਿਆ ਮਰ ਗਿਆ' ਵਾਲੀ ਕਹਾਵਤ ਹੀ ਉਸ ਲਈ ਸਮੇਂ ਦਾ ਸੱਚ ਸੀ, ਪਰ ਬਿਨ੍ਹਾਂ ਕਿਸੇ ਪਾਸਿਉਂ ਕੋਈ ਆਮਦਨ ਦੇ ਘਰ ਦੀ ਹਾਲਤ ਵੀ ਪਤਲੀ ਹੁੰਦੀ ਜਾ ਰਹੀ ਸੀ । ਇਸ ਵਾਰ ਵੀ ਇੱਕ ਕਮੇਟੀ ਚੁੱਕ ਕੇ ਉਸਨੇ ਘਰ ਦੇ ਚੁਲ੍ਹੇ ਨੂੰ ਚੱਲਦਾ ਰੱਖਣ ਦਾ ਇੰਤਜ਼ਾਮ ਕਰ ਲਿਆ ਸੀ ਅਤੇ ਰੋਜ਼ ਨਵੇਂ ਰੁਜ਼ਗਾਰ ਦੀ ਭਾਲ ਤੋਂ ਪਹਿਲਾਂ ਪਿੰਡ ਦੇ ਹੀ ਗੁਰੂ ਘਰ ਜਾ ਕੇ ਨਿੱਤਾਪ੍ਰਤੀ ਅਰਦਾਸ ਵੀ ਕਰ ਆਉਂਦਾ।

ਅੱਜ ਸ਼ਾਮੀਂ ਵੀ ਘਰ ਮੁੜਿਆ ਤਾਂ ਉਸਦੀ ਜੀਵਨ-ਸਾਥਣ ਕਹਿਣ ਲੱਗੀ ਜੀ, ਅੰਬਰਸਰ ਦੇ ਵੱਡੇ ਗੁਰਦੁਆਰੇ ਜਾਣ ਦਾ ਬਹੁਤ ਮਨ ਹੈ, ਕਿਉਂ ਨਾ ਉੱਥੇ ਜਾ ਕੇ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਵੀ ਹਾਜ਼ਰੀ ਭਰ ਆਈਏ। ਪਹਿਲਾਂ ਤਾਂ ਹਰਦੀਪ ਦਾ ਕੋਈ ਜਾਣ ਦਾ ਇਰਾਦਾ ਨਾ ਬਣਿਆ, ਪਰ ਗੁਰੂ ਘਰ ਜਾਣ ਤੋਂ ਮਨ੍ਹਾਂ ਕਰਨਾ ਕੋਈ ਸਿਆਣਪ ਨਹੀਂ ਸੀ ਤਾਂ ਉਸ ਕਿਹਾ ਕੋਈ ਨਾ, 'ਇਸ ਸ਼ਨੀਵਾਰ ਸ਼ਾਮਾਂ ਨੂੰ ਚੱਲ ਪਵਾਂਗੇ ਤੇ ਐਤਵਾਰ ਸਵੇਰੇ ਵਾਪਸ ਆ ਜਾਵਾਂਗੇ।'

ਪ੍ਰਸ਼ਾਦਾ ਪਾਣੀ ਛਕਿਆ ਅਤੇ ਦੋਵੇਂ ਸੌਂ ਗਏ। ਕੋਲ ਹਰਦੀਪ ਦਾ ਵੱਡਾ ਬੇਟਾ ਅਤੇ ਛੋਟੀ ਬੇਟੀ ਵੀ ਘਰ ਦੇ ਹਾਲਤਾਂ ਤੋਂ ਬੇਖ਼ਬਰ ਸੁੱਤੇ ਪਏ ਸਨ। ਸ਼ਨੀਵਾਰ ਹਰਦੀਪ ਦੀ ਘਰਵਾਲੀ ਨੇ ਸਾਰੇ ਕੰਮ ਕਾਰ ਛੇਤੀ-ਛੇਤੀ ਮੁਕਾ ਲਏ ਅਤੇ ਸ਼ਾਮਾਂ ਵੇਲੇ ਨਿਆਣਿਆਂ ਨੂੰ ਵੀ ਤਿਆਰ ਕਰ ਲਿਆ। ਹਰਦੀਪ ਦੀ ਬੇਟੀ ਕਹਿਣ ਲੱਗੀ, 'ਮੰਮੀ ਆਪਾਂ ਦਰਬਾਰ ਸਾਹਿਬ ਕਿਉਂ ਚੱਲੇ ਹਾਂ?' ਤਾਂ ਮਾਂ ਨੇ ਜੁਆਬ ਦਿੱਤਾ, ਬੇਟਾ! ਪਾਪਾ

ਨੂੰ ਨੌਕਰੀ ਨਹੀਂ ਮਿਲ ਰਹੀ, ਆਪਾਂ ਬਾਬਾ ਜੀ ਦੇ ਘਰ ਸਾਰੇ ਪਰਵਾਰ ਨਾਲ ਅਰਦਾਸ ਕਰਨ ਜਾਣਾ ਹੈ, ਕਿ ਪਾਪਾ ਨੂੰ ਜਲਦੀ-ਜਲਦੀ ਨਵਾਂ ਕੰਮ ਮਿਲ ਜਾਵੇ ਤੇ ਫਿਰ ਸਾਰੇ ਕੰਮ ਪਹਿਲਾਂ ਵਾਂਗ ਚੱਲਣ ਲੱਗ ਜਾਣ।'

ਜੇ ਅਰਦਾਸ ਕਰਾਂਗੇ 'ਤੇ ਰੱਬ ਜੀ ਸਾਡੀ ਗੱਲ ਸੁਣ ਲੈਣਗੇ? ਬੇਟੀ ਨੇ ਭੋਲੇਪਣ ਵਿੱਚ ਸਵਾਲ ਕੀਤਾ। ਤਾਂ ਮੰਮੀ ਕਹਿਣ ਲੱਗੀ, 'ਹਾਂਜੀ ਸੱਚੇ ਦਿਲੋਂ ਅਰਦਾਸ ਕਰੋ, ਤੁਸੀਂ ਕਿਤੇ ਵੀ ਹੋਵੋ, ਕਿਸੇ ਵੀ ਹਾਲਤ ਵਿੱਚ ਹੋਵੋ, ਰੱਬ ਜੀ ਤੁਹਾਡੀ ਅਰਦਾਸ ਜ਼ਰੂਰ ਸੁਣ ਲੈਂਦੇ ਹਨ।'

ਉਸੇ ਵੇਲੇ ਹਰਦੀਪ ਦੀ ਬੇਟੀ ਨੇ, ਪੈਰਾਂ ਵਿੱਚੋਂ ਚੱਪਲਾਂ ਉਤਾਰੀਆਂ, ਨਿੱਕੇ-ਨਿੱਕੇ ਹੱਥਾਂ ਨਾਲ ਸਿਰ ਤੇ ਚੁੰਨੀ ਲਈ ਅਤੇ ਅੱਖਾਂ ਬੰਦ ਕਰ ਕੇ ਕਹਿਣ ਲੱਗੀ, ਬਾਬਾ ਜੀ! ਮੇਰੇ ਪਾਪਾ ਨੂੰ ਜਲਦੀ ਜਲਦੀ ਕੰਮ ਦਿਵਾ ਦਿਉ।' ਤਾਂ ਮਾਂ ਨੇ ਬੇਟੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ। ਐਨੇ ਨੂੰ ਬਾਹਰੋਂ ਬੂਹਾ ਖੜਕਿਆ, ਮੰਮੀ ਨੇ ਕਿਹਾ ਜਾ ਪੁੱਤ, ਬੂਹਾ ਖੋਲ੍ਹ ਪਾਪਾ ਆਏ ਹੋਣੇ। ਬੂਹਾ ਖੋਲ੍ਹਿਆ ਤਾਂ ਹਰਦੀਪ ਥੱਕਿਆ ਹਾਰਿਆ ਜਿਹਾ ਖੜ੍ਹਾ ਸੀ, ਅੰਦਰ ਆਇਆ ਤਾਂ ਸੱਭ ਉਸਦੇ ਇੰਤਜ਼ਾਰ ਵਿੱਚ ਤਿਆਰ ਬੈਠੇ ਸਨ, ਸੱਭ ਤੋਂ ਤਿਆਰ ਦੇਖ ਕੇ, ਹਰਦੀਪ ਨੂੰ ਖਿਆਲ ਆਇਆ ਕਿ ਅੱਜ ਤਾਂ ਸ਼ਨੀਵਾਰ ਹੈ ਅਤੇ ਅੱਜ ਅਸੀਂ ਅੰਮ੍ਰਿਤਸਰ ਦਰਬਾਰ ਸਾਹਿਬ ਜਾਣ ਦਾ ਪ੍ਰੋਗ੍ਰਾਮ ਬਣਾਇਆ ਸੀ। ਉਸਦੇ ਜਿਵੇਂ ਹੋਸ਼ ਹੀ ਉੱਡ ਗਏ ਹੋਣ।

ਇੱਕ ਦਮ ਘਰਵਾਲੀ ਨੂੰ ਬੱਚਿਆਂ ਤੋਂ ਓਹਲੇ ਲੈ ਗਿਆ ਤੇ ਕਹਿਣ ਲੱਗਾ, ਥੋੜ੍ਹੇ ਬਹੁਤੇ ਜੋ ਪੈਸੇ ਸੀ, ਉਹ ਕਿਸੇ ਦੇ ਦੇਣੇ ਸੀ, ਮੈਂ ਦੇ ਆਇਆ, ਮੈਨੂੰ ਭੁੱਲ ਗਿਆ ਸੀ ਕਿ ਅੱਜ ਆਪਾਂ ਅੰਮ੍ਰਿਤਸਰ ਸਾਹਿਬ ਜਾਣਾ, ਹੁਣ ਤਾਂ ਕਿਰਾਏ ਜੋਗੇ ਵੀ ਪੈਸੇ ਨਹੀਂ ਨੇ ਕੋਲ, ਉੱਥੇ ਗੁਰੂ ਘਰ ਮੱਥਾ ਟੇਕਣਾ, ਪ੍ਰਸ਼ਾਦ ਕਰਵਾਉਣਾ ਜਾਂ ਬੱਚਿਆਂ ਨੇ ਕੁੱਝ ਮੰਗ ਲਿਆ ਤਾਂ ਕੀ ਮੂੰਹ ਲਟਕਾਉਂਦੇ ਜਾਵਾਂਗੇ ਤੇ ਵਾਪਸ ਆ ਜਾਵਾਂਗੇ ਆਪਾਂ ਇਸ ਵਾਰ ਕੈਂਸਿਲ ਕਰ ਦਿੰਦੇ ਹਾਂ। ਫਿਰ ਕਦੇ ਚਲੇ ਜਾਵਾਂਗੇ।

ਘਰਵਾਲੀ ਕਹਿਣ ਲੱਗੀ, ਫ਼ਿਕਰ ਨਾ ਕਰੋ! ਮੂੰਹੋਂ ਕੱਢਿਆ ਹੈ ਜਾ ਆਉਂਦੇ ਹਾਂ, ਕਿਰਾਏ ਜੋਗੇ ਪੈਸੇ ਮੇਰੇ ਕੋਲ ਕੁੱਝ ਹੈਨ, ਉਹ ਵਰਤ ਲਉ! ਬਾਕੀ ਰੱਬ ਭਲੀ ਕਰੂ, ਬੱਚੇ ਵੀ ਤਿਆਰ ਬੈਠੇ ਹਨ। ਆਖਰ ਪੂਰਾ ਪਰਵਾਰ ਘਰੋਂ ਬੱਸ ਸਟੈਂਡ ਨੂੰ ਚੱਲ ਪਿਆ। ਹਰਦੀਪ ਤਾਂ ਇਹੀ ਅਰਦਾਸ ਕਰਦਾ ਰਿਹਾ, 'ਸੱਚੇ ਪਾਤਸ਼ਾਹ ਲਾਜ ਰੱਖ ਲਵੀਂ।'

ਸ਼ਾਮੀਂ ਸਾਢੇ ਛੇ, ਸੱਤ ਵਜੇ ਅੰਮ੍ਰਿਤਸਰ ਜਾ ਪੁੱਜੇ ਅਤੇ ਅੱਠ ਕੁ ਵਜੇ ਦਰਸ਼ਨੀ ਡਿਓੜੀ ਤੋਂ ਬਾਹਰ ਤੱਕ ਲੱਗੀ ਲੰਮੀ ਕਤਾਰ ਵਿੱਚ ਖੜ੍ਹੇ ਆਪਣੀ ਵਾਰੀ ਦਾ ਇੰਤਜ਼ਾਰ ਕਰ ਰਹੇ ਸਨ ਅਤੇ ਮੂੰਹੋਂ, ਸ਼ੁਕਰ ਦਾਤਿਆ, ਮਿਹਰ ਕਰੀਂ, ਵਾਹਿਗੁਰੂ ਵਾਹਿਗੁਰੂ ਦਾ ਜਾਪ ਅਤੇ ਚੱਲ ਰਹੇ ਗੁਰਬਾਣੀ ਦੇ ਮਨੋਹਰ ਕੀਰਤਨ ਨੂੰ ਸਰਵਣ ਕਰਕੇ ਅਨੰਦਿਤ ਹੋ ਰਹੇ ਸਨ। ਜਦ ਪੁੱਲ 'ਤੇ ਅੱਧ ਵਿਚਕਾਰ ਪੁੱਜੇ ਤਾਂ ਹਰਦੀਪ ਦਾ

ਪੈਰ ਜਿਵੇਂ ਕਿਸੇ ਵਸਤੂ ਦੇ ਉੱਪਰ ਆ ਗਿਆ ਹੋਵੇ ਉਸਨੇ ਝੁੱਕ ਕੇ ਪੈਰ ਚੁੱਕ ਕੇ ਦੇਖਿਆ ਤਾਂ ਕੁੱਝ ਪੈਸੇ ਪਏ ਹੋਏ ਸਨ ਸ਼ਾਇਦ ਸੌ ਰੁਪਏ ਦਾ ਨੋਟ ਸੀ, ਜਦ ਉਸਨੇ ਹੱਥ ਵਿੱਚ ਫੜ੍ਹਿਆ ਤਾਂ ਉਸਦੀ ਇੱਕ ਪਰਤ ਵਿੱਚ ਇੱਕ ਹੋਰ ਸੌ ਦਾ ਨੋਟ ਸੀ, ਅਤੇ ਉਸਦੀ ਪਰਤ ਅੰਦਰ ਇੱਕ ਵੀਹ ਰੁਪਏ ਦਾ ਨੋਟ, ਕੁੱਲ ਦੋ ਸੌ ਵੀਹ (220/-) ਰੁਪਏ ਸਨ।

ਹਰਦੀਪ ਘਰਵਾਲੀ ਨੂੰ ਕਹਿਣ ਲੱਗਾ, ਆਹ ਦੇਖ! ਦੋ ਸੌ ਵੀਹ ਰੁਪਏ, ਤਾਂ ਉਹ ਕਹਿਣ ਲੱਗੀ, ਕੋਈ ਨਾ ਅੰਦਰ ਜਾ ਕੇ ਮੱਥਾ ਟੇਕ ਦੇਣਾ। ਕੁੱਝ ਦੇਰ ਸੋਚ ਕੇ ਹਰਦੀਪ ਕਹਿਣ ਲੱਗਾ, ਨਹੀਂ! ਇਹ ਮੇਰੇ ਨੇ, ਕਹਿੰਦੇ ਨੇ, 'ਲੱਭੀ ਚੀਜ਼ ਰੱਬ ਦੀ, ਤੇ ਰੱਬ ਸਾਡੇ ਤੋਂ ਵੱਖਰਾ ਕਦੋਂ ਹੈ?' ਇਸ ਲਈ ਇਹ ਮੈਂ ਆਪਣੇ ਕੋਲ ਰੱਖਾਂਗਾ, ਕਿਉਂਕਿ ਜੇ ਇਹ ਪੈਸੇ ਅੰਦਰ ਹੀ ਜਾਣੇ ਹੁੰਦੇ ਤਾਂ ਇੱਥੇ ਬਾਹਰ ਨਾ ਪਏ ਹੁੰਦੇ, ਇਹ ਮੈਨੂੰ ਬੇਰੁਜ਼ਗਾਰ ਨੂੰ ਗੁਰੂ ਘਰ ਤੋਂ ਮਿਲਿਆ ਤੋਹਫ਼ਾ ਹੈ, ਮੈਂ ਇਹਨਾਂ ਨੂੰ ਹਮੇਸ਼ਾਂ ਸੰਭਾਲ ਕੇ ਰੱਖਾਂਗਾ, ਆਪਣੇ ਪਰਸ ਵਿੱਚ।'

ਅੰਦਰ ਜਾ ਕੇ ਗੁਰੂ ਨੂੰ ਨਤਮਸਤਕ ਹੋਏ, ਸ਼ੁਕਰਾਨੇ ਦੀ ਅਰਦਾਸ ਕੀਤੀ, ਬੱਚਿਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦੇ ਹੋਏ ਸਰਬੱਤ ਦਾ ਭਲਾ ਮੰਗ ਕੇ ਬਾਹਰ ਆ ਗਏ। ਪ੍ਰਸ਼ਾਦ ਲੈ ਕੇ, ਖਾ ਕੇ ਅੱਜ ਵਾਸਬੇਸ਼ਨ ਤੇ ਹੱਥ ਧੋ ਰਹੇ ਸਨ ਕਿ ਇੱਕ ਪੁਰਾਣਾ ਮਿੱਤਰ ਮਿਲ ਗਿਆ, ਦੋਵੇਂ ਇੱਕ-ਦੂਜੇ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਮਿੱਤਰ ਆਖਣ ਲੱਗਾ ਯਾਰ ਬੜੇ ਸਾਲਾਂ ਬਾਅਦ ਮਿਲੇ ਹਾਂ, ਪਹਿਲਾਂ ਤਾਂ ਆਹ ਚੱਕ ਮੇਰਾ ਕਰਜ਼ਾ ਹਲਕਾ ਕਰ, ਤੇਰੇ 45 ਹਜ਼ਾਰ ਰੁਪਏ ਜੋ ਮੇਰੇ ਵੱਲ ਸਨ, ਬੱਸ ਮੈਂ ਵੀ ਦੋ ਚਾਰ ਸਾਲ ਵਿਦੇਸ਼ ਲਗਾ ਆਇਆ, ਹੁਣ ਦੋ ਤਿੰਨ ਮਹੀਨੇ ਪਹਿਲਾਂ ਵੀ ਵਾਪਸ ਆਇਆ ਹਾਂ।

ਬੱਸ! ਫਿਰ ਕੀ? ਹਰਦੀਪ ਤੇ ਉਸਦੀ ਘਰਵਾਲੀ ਦਾ ਸੀਸ ਸ਼ੁਕਰਾਨਾ ਕਰਦਾ ਹੋਇਆ ਰੱਬ ਦੇ ਦਰ 'ਤੇ ਮੁੜ ਝੁਕ ਗਿਆ। ਸਾਰੀ ਰਾਤ ਨਾਮ ਸਿਮਰਨ ਕਰਦਿਆਂ ਗੁਜ਼ਰ ਗਈ, ਬੱਚੇ ਵੀ ਪ੍ਰਕਿਰਮਾ ਵਿੱਚ ਹੀ ਸੌਂ ਗਏ। ਸਵੇਰੇ ਉੱਠੇ, ਗੁਰੂ ਰਾਮਦਾਸ ਲੰਗਰ ਹਾਲ ਵਿੱਚੋਂ ਪ੍ਰਸ਼ਾਦਾ ਪਾਣੀ ਛੱਕ ਕੇ, ਗੁਰੂ ਘਰ ਮੁੜ ਨਤਮਸਕ ਹੋ ਕੇ, ਜੋੜਾ ਘਰ ਵਿੱਚੋਂ ਜੋੜੇ ਲੈ ਕੇ ਪਾ ਹੀ ਰਹੇ ਸਨ ਕਿ ਮੋਬਾਇਲ ਦੀ ਘੰਟੀ ਵੱਜ ਗਈ, ਮੋਬਾਇਲ ਚੈੱਕ ਕੀਤਾ ਤਾਂ ਉਸ ਕੰਪਨੀ ਵੱਲੋਂ ਨੌਕਰੀ ਦੀ ਆਫਰ ਲੈਟਰ ਆ ਗਈ, ਜਿਸ ਵਿੱਚ ਪਿਛਲੇ ਹਫ਼ਤੇ ਹਰਦੀਪ ਆਪਣਾ ਰਿਜ਼ਊਮ ਦੇ ਕੇ ਆਇਆ ਸੀ।

ਬੱਸ! ਉਸ ਦਿਨ ਤੋਂ ਲੈ ਕੇ, ਅੱਜ ਤੱਕ ਹਰਦੀਪ ਨੇ ਉਹਨਾਂ ਲੱਭੇ ਹੋਏ ਪੈਸਿਆਂ ਨੂੰ ਆਪਣੇ ਕੋਲ ਸੰਭਾਲ ਕੇ ਰੱਖਿਆ ਹੋਇਆ ਹੈ ਅਤੇ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਘਰ ਵਿੱਚ ਹਰ ਲੋੜੀਂਦੀ ਵਸਤੂ ਮੌਜੂਦ ਹੈ। ਹਰ ਮਹੀਨੇ ਕੱਢਿਆ ਜਾਣ ਵਾਲਾ ਦਸਵੰਧ ਵੀ ਚਾਰ ਹੋਰ ਪ੍ਰਵਾਰਾਂ ਦੇ ਚੁੱਲ੍ਹੇ ਨੂੰ ਗਰਮੀ ਪ੍ਰਦਾਨ ਕਰਦਾ ਹੈ।

***********



ਰਮਨ ਸਾਂਵਲੇ ਰੰਗ ਦੀ ਬਹੁਤ ਸਾਊ, ਸੁਸ਼ੀਲ, ਕੰਮ-ਕਾਜੀ ਹੋਣ ਦੇ ਨਾਲ ਨਾਲ ਪੜ੍ਹੀ ਲਿਖੀ ਕੁੜੀ ਸੀ। ਜਦ ਕਿੱਧਰੇ ਵੀ ਕੋਈ ਵਿਚੋਲਾ ਰਿਸ਼ਤੇ ਦੀ ਦੱਸ ਪਾਉਂਦਾ ਤਾਂ ਉਸ ਦੀ ਸਟੂਡੀਓ ਤੋਂ ਖਿਚਵਾਈ ਹੋਈ ਫ਼ੋਟੋ, ਜਿਸਦੀ ਬਹੁਤ ਹੀ ਵਧੀਆ ਢੰਗ ਨਾਲ ਫ਼ੋਟੋਗ੍ਰਾਫੀ ਕਰਕੇ, ਕੰਪਿਊਟਰ ਨਾਲ ਲੱਲੇ-ਭੱਬੇ ਕਰਕੇ, ਰਮਨ ਦੇ ਮੂੰਹ ਨੂੰ ਕੰਪਿਊਟਰ ਦੇ ਫਿਲਟਰਾਂ ਨਾਲ ਗੋਰਾ-ਚਿੱਟਾ ਕਰਕੇ ਬਣਾਇਆ ਹੁੰਦਾ ਸੀ, ਭੇਜ ਦਿੱਤੀ ਜਾਂਦੀ...

# ਫ਼ੋਟੋਗ੍ਰਾਫੀ



ਇਹ ਪਹਿਲੀ ਵਾਰ ਨਹੀਂ ਸੀ ਹੋਇਆ ਇੱਕ ਰਮਨ ਨੂੰ ਉਸਦੇ ਘਰ ਆ ਕੇ, ਵੇਖ-ਵੇਖਾਈ ਕਰਕੇ ਮੁੰਡੇ ਵਾਲੇ ਨਾਂਹ ਕਰ ਗਏ ਹੋਣ। ਪਹਿਲਾਂ ਵੀ ਦੋ ਚਾਰ ਵਾਰ ਰਮਨ ਇਸ ਪੀੜ ਵਿਚੋਂ ਲੰਘ ਚੁੱਕੀ ਸੀ। ਉਹ ਜਾਣਦੀ ਸੀ, ਕਿ ਇਸ ਸਮਾਜ ਵਿੱਚ 'ਕਾਲੇ ਕਰਮਾਂ ਵਾਲੇ, ਗੋਰਿਆਂ ਨੂੰ ਦਫ਼ਾ ਕਰੋ' ਮਨ ਪ੍ਰਚਾਵੇ ਲਈ ਕਹੇ ਜਾਣ ਵਾਲੇ ਅਖਾਣ ਤੋਂ ਵੱਧ ਕੁਝ ਨਹੀਂ ਹੈ। ਹਕੀਕਤ ਦਰਅਸਲ ਇਸ ਤੋਂ ਬਿਲਕੁੱਲ ਵੱਖਰੀ ਹੈ।

ਰਮਨ ਸਾਂਵਲੇ ਰੰਗ ਦੀ ਬਹੁਤ ਸਾਊ, ਸੁਸ਼ੀਲ, ਕੰਮ-ਕਾਜੀ ਹੋਣ ਦੇ ਨਾਲ ਨਾਲ ਪੜ੍ਹੀ-ਲਿਖੀ ਕੁੜੀ ਸੀ। ਜਦ ਕਿੱਧਰੇ ਵੀ ਕੋਈ ਵਿਚੋਲਾ ਰਿਸ਼ਤੇ ਦੀ ਦੱਸ ਪਾਉਂਦਾ ਤਾਂ ਉਸ ਦੀ ਸਟੂਡੀਓ ਤੋਂ ਖਿਚਵਾਈ ਹੋਈ ਫ਼ੋਟੋ, ਜਿਸਦੀ ਬਹੁਤ ਹੀ ਵਧੀਆ ਢੰਗ ਨਾਲ ਫ਼ੋਟੋਗ੍ਰਾਫੀ ਕਰਕੇ, ਕੰਪਿਊਟਰ ਨਾਲ ਲੱਲੇ-ਭੱਬੇ ਕਰਕੇ, ਰਮਨ ਦੇ ਮੂੰਹ ਨੂੰ ਕੰਪਿਊਟਰ ਦੇ ਫਿਲਟਰਾਂ ਨਾਲ ਗੋਰਾ-ਚਿੱਟਾ ਕਰਕੇ ਬਣਾਇਆ ਹੁੰਦਾ ਸੀ, ਭੇਜ ਦਿੱਤੀ ਜਾਂਦੀ।

ਫ਼ੋਟੋ ਵੇਖ ਤਾਂ ਹਰ ਕੋਈ ਲਾਲ੍ਹਾਂ ਸੁੱਟਣ ਲਗ ਜਾਂਦਾ, ਪਰ ਜਦ ਵੇਖਾ-ਵਿਖਾਈ ਦੀ ਰਸਮ ਹੁੰਦੀ ਤਾਂ ਮੁੰਡੇ ਵਾਲੇ ਸਾਂਵਲੇ ਰੰਗ ਕਰਕੇ ਨਾਂਹ ਕਰ ਜਾਂਦੇ। ਜਦਕਿ ਮੁੰਡੇ ਵਾਲਿਆਂ ਨੇ ਵੀ ਫਿਲਟਰ ਵਾਲੀ ਫ਼ੋਟੋ ਹੀ ਭੇਜੀ ਹੁੰਦੀ ਸੀ ਪਰ 'ਕੁੜੀਆਂ ਤਾਂ ਕੁੜੀਆਂ ਨੇ, ਕੁੜੀਆਂ ਦਾ ਕੀ ਹੈ?' ਵਾਲੀ ਗੱਲ ਹੀ ਸੱਚ ਹੋ ਜਾਂਦੀ।

ਰਮਨ ਹਮੇਸ਼ਾਂ ਫਿਲਟਰਾਂ ਵਾਲੀ ਫੋਟੋ ਦਾ ਵਿਰੋਧ ਕਰਦੀ ਪਰ ਉਸਦੀ ਕੋਈ ਨਾ ਸੁਣਦਾ। ਇਸ ਵਾਰ ਓਹ ਖੁਦ ਸਟੂਡੀਓ ਗਈ ਤੇ ਫ਼ੋਟੋਗ੍ਰਾਫਰ ਨੂੰ ਸਾਦੀ ਫ਼ੋਟੋ ਖਿੱਚਣ ਲਈ ਕਿਹਾ, ਫ਼ੋਟੋਗ੍ਰਾਫਰ ਕਹਿਣ ਲੱਗਾ ਫ਼ਿਕਰ ਨਾਲ ਕਰੋ ਭੈਣ ਜੀ, ਸਾਡੀ ਫ਼ੋਟੋਗ੍ਰਾਫੀ ਤਾਂ ਪੂਰੇ ਸ਼ਹਿਰ 'ਚ ਮਸ਼ਹੂਰ ਹੈ। ਰਮਨ ਕਹਿਣ ਲੱਗੀ, ਮੈਂ ਫ਼ੋਟੋਗ੍ਰਾਫੀ ਕਰਵਾਉਣ ਨਹੀਂ ਆਈ, ਬੱਸ ਜਿਦਾਂ ਦੀ ਹੈਗੀ ਹਾਂ, ਬਿਨਾਂ ਲੱਲੇ-ਭੱਬੇ ਤੋਂ ਸਾਦੀ ਜਿਹੀ ਸਾਈਡ ਪੋਜ਼ ਦੀ ਫ਼ੋਟੋ ਖਿੱਚ ਦਿਓ ਬੱਸ।

ਇਹ ਤਸਵੀਰ ਲੈ ਕੇ ਓਹ ਘਰ ਆਈ ਤੇ ਮੋਮ-ਡੈਡ ਨੂੰ ਕਹਿਣ ਲੱਗੀ, ਹੁਣ ਜੇ ਕਿਤੇ ਮੇਰੀ ਫ਼ੋਟੋ ਭੇਜਣੀ ਹੋਈ ਤਾਂ ਇਹੀ ਭੇਜਣਾ, ਇਹ ਮੇਰਾ ਸਖ਼ਤ ਆਰਡਰ ਹੈ। ਰਮਨ ਦੀ ਜ਼ਿੱਦ ਮੰਨ ਲਈ ਗਈ ਤੇ ਜਿਥੋਂ ਨਵੀਂ ਦੱਸ ਪਈ ਸੀ, ਉੱਥੇ ਇਹ ਵਾਲੀ ਤਸਵੀਰ ਹੀ ਭੇਜੀ ਗਈ। ਅਗਲਿਆਂ ਨੇ ਵੀ ਨਾਲ ਹੀ ਆਪਣੇ ਮੁੰਡੇ ਦੀ

ਤਸਵੀਰ ਵੀ ਵਿਚੋਲੇ ਹੱਥ ਭੇਜ ਦਿੱਤੀ।

ਮੁੰਡੇ ਦੀ ਤਸਵੀਰ ਦੇਖ ਕੇ ਰਮਨ ਤੇ ਉਸ ਦੀਆਂ ਸਹੇਲੀਆਂ ਬਹੁਤ ਹੱਸੀਆਂ, ਕਿਉਂਕਿ ਮੁੰਡਾ ਇੱਕ ਦਮ ਗੋਰਾ ਚਿੱਟਾ ਤੇ ਸੋਹਣਾ ਸੁਨੱਖਾ ਸੀ, ਲੱਗਦਾ ਤਾਂ ਇੰਞ ਸੀ ਕਿ ਫ਼ੋਟੋਗ੍ਰਾਫੀ ਲਈ, ਫ਼ੋਟੋਗ੍ਰਾਫਰ ਨੂੰ ਵਾਹਵਾ ਪੈਸੇ ਦਿੱਤੇ ਹੋਣੇ ਆ। ਸੱਭ ਨੂੰ ਪਤਾ ਸੀ ਅੱਜ-ਕਲ੍ਹ ਹਰ ਕਿਸੇ ਨੂੰ ਫ਼ੋਟੋਗ੍ਰਾਫੀ ਕਰਵਾਉਣ ਦਾ ਸ਼ੋਂਕ ਹੁੰਦਾ ਹੈ ਤਾਂ ਕਿ ਆਪਣੀਆਂ ਫ਼ੋਟੋਆਂ ਸੋਸ਼ਲ ਮੀਡੀਆ 'ਤੇ ਪਾ ਕੇ ਵਾਹ-ਵਾਹੀ ਖੱਟੀ ਜਾ ਸਕੇ।

ਖ਼ੈਰ ! ਆਉਂਦੇ ਐਤਵਾਰ ਮੁੰਡੇ ਵਾਲਿਆਂ ਨੇ ਕੁੜੀ ਵਾਲਿਆਂ ਨੂੰ ਕਹਿ ਦਿੱਤਾ ਕੇ ਪਹਿਲਾਂ ਆ ਕੇ ਸਾਡਾ ਘਰ ਬਾਹਰ ਦੇਖ ਲਓ ਫੇਰ ਹੀ ਅਸੀਂ ਕੁੜੀ ਦੇਖਣ ਆਵਾਂਗੇ। ਇੱਦਾਂ ਹੀ ਹੋਇਆ ਤੇ ਰਮਨ ਦੇ ਮਾਤਾ-ਪਿਤਾ ਨੂੰ ਸੱਭ ਬਹੁਤ ਪਸੰਦ ਆਇਆ। ਮੁੰਡਾ ਓਹੋ ਜਿਹਾ ਹੀ ਸੀ ਜਿਹੋ ਜਿਹੀ ਓਹਨਾਂ ਫ਼ੋਟੋ ਭੇਜੀ ਸੀ। ਸੋਹਣਾ ਸੁਨੱਖਾ, ਹਸਮੁਖ, ਮਿਲਾਪੜਾ, ਗੋਰਾ-ਚਿੱਟਾ ਤੇ ਲੰਮਾ-ਉੱਚਾ।

ਜਦ ਇਸ ਸਭ ਬਾਰੇ ਰਮਨ ਨੂੰ ਪਤਾ ਲੱਗਾ ਤਾਂ ਇਹ ਹੈਰਾਨ ਹੀ ਰਹਿ ਗਈ ਕਿ ਇਹ ਸਭ ਕਿੱਦਾਂ ਹੋ ਗਿਆ। ਹਫ਼ਤੇ ਬਾਅਦ ਹੀ ਮੁੰਡੇ ਵਾਲਾ ਪਰਿਵਾਰ ਮੁੰਡੇ ਸਮੇਤ ਕੁੜੀ ਵਾਲਿਆਂ ਘਰ ਆ ਗਏ। ਜਦ ਮੁੰਡਾ-ਕੁੜੀ ਦੀ ਆਪਸ ਵਿੱਚ ਗੱਲਬਾਤ ਕਰਨ ਲਈ ਦੋਹਾਂ ਨੂੰ ਅਲੱਗ ਬੈਠਾਇਆ ਗਿਆ ਤਾਂ ਰਮਨ ਨੇ ਇਹੀ ਸਵਾਲ ਕੀਤਾ ਕਿ ਤੁਸੀਂ ਹਾਂ ਕਰਨ ਤੋਂ ਪਹਿਲਾਂ ਇੱਕ ਵਾਰ ਵੀ ਮੇਰੇ ਰੰਗ ਰੂਪ ਬਾਰੇ ਨਹੀਂ ਸੋਚਿਆ ਤਾਂ ਤਾਂ ਜਸਬੀਰ (ਮੁੰਡਾ) ਕਹਿਣ ਲੱਗਾ, ਰੰਗ-ਰੂਪ ਬਾਰੇ ਤਾਂ ਓਹ ਸੋਚਦੇ ਜਿਹਨਾਂ ਨੂੰ ਚੰਮ ਨਾਲ ਪਿਆਰ ਹੋਵੇ ਮੈਨੂੰ ਤਾਂ ਜਦ ਵਿਚੋਲੇ ਨੇ ਤੇਰੀਆਂ ਖ਼ੂਬੀਆਂ, ਤੇਰੀ ਪੜ੍ਹਾਈ-ਲਿਖਾਈ ਬਾਰੇ ਦੱਸਿਆ ਤੇ ਤੇਰੇ ਪਰਿਵਾਰ ਬਾਰੇ ਦੱਸਿਆ ਮੈਂ ਤਾਂ ਉਸ ਵੇਲੇ ਹੀ ਹਾਂ ਕਹਿ ਦਿੱਤੀ ਸੀ ਕਿਉਂਕਿ ਮੈਨੂੰ ਤੇ ਮੇਰੇ ਪਰਿਵਾਰ ਨੂੰ ਇੱਦਾਂ ਦੀ ਕੁੜੀ ਹੀ ਚਾਹੀਦੀ ਸੀ, ਜੋ ਗੁਣਾਂ ਦੀ ਖਾਣ ਹੋਵੇ ਨਾ ਕੇ ਬਿਊਟੀ ਪਾਰਲਰ ਦੀ ਦੁਕਾਨ, ਤਾਂ ਦੋਵੇਂ ਖਿੜ-ਖਿੜਾ ਕੇ ਹੱਸ ਪਏ।

ਜਸਬੀਰ ਕਹਿੰਦਾ ਮੈਂ ਪੜ੍ਹਨ ਲਿਖਣ ਦਾ ਬੜਾ ਸ਼ੌਕੀਨ ਹਾਂ, ਇੱਕ ਥਾਂ ਇਕਵਾਕ ਸਿੰਘ ਦਾ ਲਿਖਿਆ ਕੁੱਝ ਪੜ੍ਹਿਆ ਸੀ ਕਿ,

ਸਾਂਵਲੇ ਜਿਹੇ ਰੰਗ ਵਾਲੀ,
ਦਿਲ ਦੀ ਕੋਈ ਰਾਣੀ ਬਣੂੰ,
ਰੰਗਾਂ ਗੋਰਿਆਂ ਤੋਂ ਲੈਣਾ ਦੱਸ ਕੀ?
ਮੇਰੇ ਬਿਨਾਂ ਉਹਦਾ, ਉਹਦਾ ਮੇਰੇ ਬਿਨ੍ਹਾਂ ਯਾਰਾ,
ਇੱਕ ਪਲ ਵੀ ਨਹੀਂ ਲੱਗਣਾ ਹੈ ਜੀਅ।
ਇੱਕ ਦੂਜੇ ਨਾਲ ਅਸੀ ਕਰਨਾ ਪਿਆਰ,
ਹੋਰ ਦੁਨੀਆਂ ਤੋਂ ਲੈਣਾ ਦੱਸ ਕੀ?

ਸੋ, ਰਮਨ ਜੀ ਮੇਰੇ ਵੱਲੋਂ ਤਾਂ ਹਾਂ ਹੈ, ਤੁਸੀਂ ਆਪਣਾ ਜੁਆਬ ਸੋਚ ਕੇ ਦੱਸ ਦਿਓ, ਤਾਂ ਰਮਨ ਕਹਿਣ ਲੱਗੀ ਮੇਰੇ ਕੋਲ ਨਾਂਹ ਕਹਿਣ ਦੀ ਕੋਈ ਵੀ ਵਜ੍ਹਾ ਨਹੀਂ ਹੈ। ਰਮਨ ਮਨ ਹੀ ਮਨ ਸੋਚ ਰਹੀ ਸੀ ਅੱਜ ਵੀ ਅਜਿਹੇ ਲੋਕ ਨੇ, ਜੋ ਕੁੜੀਆਂ ਦੀ ਇੱਜ਼ਤ ਉਹਨਾਂ ਦੀ ਸ਼ਕਲ ਦੇਖ ਕੇ ਨਹੀਂ ਕਰਦੇ ਉਹਨਾਂ ਦੇ ਗੁਣ ਦੇਖ ਕੇ ਕਰਦੇ ਨੇ। ਪਹਿਲਾਂ ਜਿੰਨੇ ਮੁੰਡੇ ਵੀ ਓਹਨੂੰ ਦੇਖਣ ਆਏ ਆਪ ਤੇ ਉਹ ਰੰਗ ਬਿਰੰਗੇ ਸਨ, ਪਰ ਕੁੜੀ ਗੋਰੀ-ਚਿੱਟੀ ਭਾਲਦੇ ਸਨ।

ਫੇਰ ਦੋਵੇਂ ਉੱਠੇ ਤੇ ਬਾਹਰ ਨੂੰ ਚੱਲ ਪਏ ਪਰ ਅਚਾਨਕ ਰਮਨ ਰੁਕ ਗਈ, ਤੇ ਕਹਿੰਦੀ ਇੱਕ ਮਿੰਟ, ਪਹਿਲਾਂ ਮੈਂ ਬਾਬਾ ਜੀ ਦੇ ਕਮਰੇ 'ਚ ਜਾ ਕੇ, ਰੱਬ ਜੀ ਦਾ ਧੰਨਵਾਦ ਕਰ ਆਵਾਂ ਤੇ ਫੇਰ ਹੀ ਸਭ ਨੂੰ ਹਾਂ ਵਿੱਚ ਜੁਆਬ ਦੇਵਾਂ।

ਜਸਬੀਰ ਤੇ ਰਮਨ ਦੋਨੋਂ ਹੱਸਦੇ-ਹੱਸਦੇ ਬਾਹਰ ਆ ਗਏ ਕਿਸੇ ਨੂੰ ਕੁਝ ਕਹਿਣ ਦੀ ਲੋੜ ਨਹੀਂ ਪਈ। ਪਰਵਾਰ ਸਮਝ ਚੁੱਕਾ ਸੀ, ਦੋਹਾਂ ਦਾ ਜਵਾਬ ਅਤੇ ਆਉਂਦੇ ਹੀ ਦੋਹਾਂ ਦਾ ਮੂੰਹ ਮਿੱਠਾ ਕਰਵਾ ਦਿੱਤਾ।

***********

'ਅਕਸਰ ਲੋਕ ਮੰਜ਼ਲ ਦਾ ਰਸਤਾ ਦੱਸਣ ਵਾਲੇ ਨੂੰ,
ਮੰਜ਼ਲ 'ਤੇ ਪਹੁੰਚਣ ਤੱਕ ਹੀ ਯਾਦ ਰੱਖਦੇ ਹਨ।' - ਇਕਵਾਕ ਸਿੰਘ ਪੱਟੀ




ਨਵੇਂ ਅਧਿਆਪਕ ਵੱਲੋਂ ਵੰਨ-ਸੁਵੰਨ੍ਹੇ ਪ੍ਰਾਜੈਕਟ ਵਰਕ, ਗਤੀਵਿਧੀਆਂ, ਇੰਟਰਨੈੱਟ ਤੋਂ ਚੋਰੀ ਕਰਕੇ ਕਾਪੀਆਂ ਤੇ ਲਿਖ ਲਿਆਉਣ ਦੀ ਪ੍ਰਪਾਟੀ, ਵੰਨ-ਸੁਵੰਨੇ ਵਿਸ਼ਿਆਂ ਬਾਰੇ ਅਜੀਬ ਕਿਸਮਾਂ ਦੇ ਪ੍ਰਾਜੈਕਟ, ਅੰਕਾਂ ਦਾ ਡਰ, ਰੈੱਡ-ਲਾਈਨ ਦੀ ਘਰਬਰਾਹਟ ਨੇ ਅਮਨ ਕੋਲੋਂ ਉਸਦਾ ਸਮਾਂ ਹੀ ਖੋਹ ਲਿਆ।

# ਟਿਊਸ਼ਨ ਤੋਂ ਟਿਊਸ਼ਨਾਂ



ਇਹ ਦੌਰ ਵੀ ਨਵਾਂ-ਨਵਾਂ ਚੱਲਿਆ ਸੀ, ਜੋ ਬੱਚੇ ਪੜ੍ਹਾਈ ਵਿੱਚ ਕਮਜ਼ੋਰ ਹੁੰਦੇ ਸਨ, ਉਹਨਾਂ ਨੂੰ ਸਕੂਲ ਦਾ ਸਬਕ ਯਾਦ ਕਰਵਾਉਣ ਲਈ ਵੱਖਰੇ ਤੌਰ 'ਤੇ ਸ਼ਾਮਾਂ ਨੂੰ ਕੁੱਝ ਸਮੇਂ ਲਈ ਨੇੜ੍ਹੇ ਹੀ ਕਿਸੇ ਅਧਿਆਪਕ ਕੋਲ ਪੜ੍ਹਨ ਲਈ ਭੇਜਿਆ ਜਾਂਦਾ ਸੀ। ਇਸ ਨਾਲ ਵਿਦਿਆਰਥੀ ਨੂੰ ਸਕੂਲੋਂ ਮਿਲੇ ਸਬਕ ਦੀ ਦੁਹਰਾਈ (ਰਵੀਜ਼ਨ) ਹੋ ਜਾਂਦੀ ਸੀ। ਟਿਊਸ਼ਨ ਪੜ੍ਹਨ ਜਾਣਾ ਇੱਕ ਸ਼ਰਮ ਵਾਲਾ ਵਰਤਾਰਾ ਹੁੰਦਾ ਸੀ। ਇਸ ਗੱਲ ਨੂੰ ਅਮਨ ਚੰਗੀ ਤਰ੍ਹਾਂ ਸਮਝਦਾ ਸੀ। ਕਿਉਂਕਿ ਉਸਦੇ ਮਾਤਾ-ਪਿਤਾ ਬੜੇ ਫਖ਼ਰ ਨਾਲ ਦੱਸਦੇ ਸਨ ਕਿ ਸਾਡੇ ਪੁੱਤਰ ਬਿਨ੍ਹਾਂ ਟਿਊਸ਼ਨ ਤੋਂ ਹੀ ਸਕੂਲ ਵਿੱਚ ਚੰਗੀ ਤਰ੍ਹਾਂ ਪੜ੍ਹ ਕੇ ਆਉਂਦਾ ਹੈ ਘਰ ਆ ਕੇ ਖ਼ਬ ਖੇਡਦਾ ਹੈ, ਜਿਸ ਕਰਕੇ ਮਾਨਸਿਕ ਵਿਕਾਸ ਦੇ ਨਾਲ ਇਸਦਾ ਸਰੀਰਿਕ ਵਿਕਾਸ ਵੀ ਹੁੰਦਾ ਹੈ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਵੀ ਕੁੱਝ ਸਮਾਂ ਆਪਣੇ ਸਬਕ ਨੂੰ ਯਾਦ ਕਰਦਾ ਹੈ।

ਜਿਵੇਂ-ਜਿਵੇਂ ਅਗਲੀ ਜਮਾਤ ਵਿੱਚ ਅਮਨ ਦਾਖ਼ਲ ਹੁੰਦਾ ਗਿਆ ਹੋਰ ਵੀ ਜ਼ਿੰਮੇਵਾਰੀ ਨਾਲ ਪੜ੍ਹਾਈ, ਖੇਡਾਂ ਅਤੇ ਆਪਣੀ ਸਿਹਤ ਵੱਲ ਵਿਸ਼ੇਸ਼ ਧਿਆਨ ਦਿੰਦਾ ਰਿਹਾ। ਸੱਭ ਕੁਝ ਵਧੀਆ ਚੱਲ ਰਿਹਾ ਸੀ ਕਿ ਇੱਕ ਨਵੇਂ ਅਧਿਆਪਕ ਨੇ ਸਕੂਲ ਵਿੱਚ ਡਿਊਟੀ ਜੁਆਇਨ ਕੀਤੀ। ਸ਼ਹਿਰੀ ਸਕੂਲ ਦੇ ਵਾਤਾਵਰਨ ਵਿੱਚੋਂ ਆ ਕੇ ਇਸ ਕਸਬੇ ਦੇ ਸਕੂਲ ਵਿੱਚ ਵੀ ਉਸਨੇ ਵਿਦਿਆਰਥੀਆਂ ਨੂੰ ਅੰਕਾਂ ਦੀ ਖੇਡ ਮਗਰ ਲਗਾ ਲਿਆ। ਇਸ ਸਾਰੇ ਦਾ ਅਸਰ ਅਮਨ ਦੇ ਮਨ 'ਤੇ ਵੀ ਪਿਆ, ਉਸ ਨੂੰ ਵੀ ਜਮਾਤ ਵਿੱਚ ਨਿੱਕੀ ਜਿਹੀ ਰੈੱਡ ਲਾਈਨ ਤੋਂ ਡਰ ਲੱਗਣ ਪਿਆ। ਨਵੇਂ ਅਧਿਆਪਕ ਦਾ ਪ੍ਰਭਾਵ ਹੋਰਨਾਂ ਦੇ ਵਿਦਿਆਰਥੀਆਂ 'ਤੇ ਵੀ ਪਿਆ। ਨਵੇਂ ਅਧਿਆਪਕ ਵੱਲੋਂ ਵੰਨ-ਸੁਵੰਨ੍ਹੇ ਪ੍ਰਾਜੈਕਟ ਵਰਕ, ਗਤੀਵਿਧੀਆਂ, ਇੰਟਰਨੈੱਟ ਤੋਂ ਚੋਰੀ ਕਰਕੇ ਕਾਪੀਆਂ ਤੇ ਲਿਖ ਲਿਆਉਣ ਦੀ ਪ੍ਰਪਾਟੀ, ਵੰਨ-ਸੁਵੰਨੇ ਵਿਸ਼ਿਆਂ ਬਾਰੇ ਅਜੀਬ ਕਿਸਮਾਂ ਦੇ ਪ੍ਰਾਜੈਕਟ, ਅੰਕਾਂ ਦਾ ਡਰ, ਰੈੱਡ-ਲਾਈਨ ਦੀ ਘਰਬਰਾਹਟ ਨੇ ਅਮਨ ਕੋਲੋਂ ਉਸਦਾ ਸਮਾਂ ਹੀ ਖੋਹ ਲਿਆ। ਸਕੂਲ ਤੋਂ ਘਰ ਆ ਕੇ ਉਹਨਾਂ ਅਜੀਬੋ-ਗਰੀਬ ਵਸਤੂਆਂ ਦੀ ਮੰਗ ਕਰਦਾ ਤਾਂ ਜੋ ਉਸਦੇ ਮਾਤਾ-ਪਿਤਾ ਉਸਨੂੰ ਬਾਜ਼ਾਰੋਂ ਲਿਆ ਕੇ ਦੇਣ ਅਤੇ ਉਹ ਵਧੀਆ ਤੋਂ ਵਧੀਆ ਪ੍ਰਾਜੈਕਟ ਬਣਾ ਸਕੇ। ਇਸ ਉੱਪਰ ਖ਼ਰਚਾ ਵੀ ਕਾਫ਼ੀ ਹੁੰਦਾ ਅਤੇ ਪ੍ਰਾਜੈਕਟ/ਮਾਡਲ ਜਦ ਸਕੂਲ ਲੈ ਕੇ ਜਾਂਦਾ ਤਾਂ ਦਸਾਂ ਵਿੱਚੋਂ ਕੁੱਝ ਨੰਬਰ

ਲੱਗ ਜਾਣ ਤੇ ਉਸਨੂੰ ਖ਼ੁਸ਼ੀ ਹੁੰਦੀ 'ਤੇ ਅਗਲੇ ਦਿਨਾਂ ਹਜ਼ਾਰਾਂ ਰੁਪਿਆਂ ਦੀ ਮਿਹਨਤ ਨਾਲ ਬਣਾਇਆ ਮਾਡਲ ਜਮਾਤ ਵਿੱਚੋਂ ਸਟਾਫ਼ ਰੂਮ ਵਿਚ ਚੱਲਿਆ ਜਾਂਦਾ 'ਤੇ ਫਿਰ ਹਫ਼ਤੇ ਕੁ ਬਾਅਦ ਕਾਗਜ਼ਾਂ/ਮਾਡਲਾਂ/ਪ੍ਰਾਜੈਕਟਾਂ ਨੂੰ ਬੇ-ਫਜ਼ੂਲੇ ਸਮਝ ਕੇ ਸਕੂਲ ਦੇ ਸਟੋਰ ਰੂਮ ਵਿੱਚ ਸੁੱਟ ਦਿੱਤਾ ਜਾਂਦਾ। ਇਹ ਦੇਖ ਕੇ ਅਮਨ ਨੂੰ ਇੰਝ ਮਹਿਸੂਸ ਹੁੰਦਾ ਜਿਵੇਂ ਉਸਦੇ ਮਾਂ-ਬਾਪ ਵਲੋਂ ਸਖ਼ਤ ਮਿਹਨਤ ਨਾਲ ਕਮਾਏ ਪੈਸੇ ਅਤੇ ਉਸ ਵੱਲੋਂ ਕੀਤੀ ਗਈ ਮਿਹਨਤ ਅਧਿਆਪਕਾਂ ਵੱਲੋਂ ਕੂੜੇ ਵਿੱਚ ਸੁੱਟ ਦਿੱਤੀ ਗਈ ਹੈ ਅਤੇ ਇਹ ਸੱਚ ਵੀ ਸੀ। ਹਰ ਰੋਜ਼ ਨਵੇਂ-ਨਵੇਂ ਵਿਸ਼ਿਆਂ 'ਤੇ ਪ੍ਰਾਜੈਕਟ-ਵਰਕ ਮਿਲਦੇ, ਪੜ੍ਹਾਈ ਵੀ ਕਰਨੀ ਪੈਂਦੀ, ਟੈਸਟ ਵੀ ਯਾਦ ਕਰਨੇ ਪੈਂਦੇ, ਸਕੂਲ ਦਾ ਸਬਕ, ਘਰ ਦਾ ਸਬਕ ਸਾਰੇ ਕੁੱਝ ਵਿੱਚ ਅਮਨ ਉਲਝਦਾ ਜਾ ਰਿਹਾ ਸੀ। ਹੁਣ ਘਰ ਆਉਂਦੇ ਹੀ ਪਾਣੀ ਪੀ ਕੇ ਪੜ੍ਹਨ-ਲਿਖਣ ਜਾਂ ਪ੍ਰਾਜੈਕਟ ਬਣਾਉਣ ਲੱਗ ਜਾਂਦਾ। ਖੇਡਣ ਲਈ ਸਮਾਂ ਨਹੀਂ ਸੀ ਬਚਿਆ। ਫਿਰ ਵੀ ਇੰਝ ਲੱਗਦਾ ਸੀ ਕਿ ਉਹ ਫੇਲ੍ਹ ਹੋ ਜਾਵੇਗਾ।

ਇਸ ਲਈ ਉਸਨੇ ਵੀ ਮਾਤਾ-ਪਿਤਾ ਕੋਲੋਂ ਟਿਊਸ਼ਨ ਰਖਵਾਉਣ ਦੀ ਮੰਗ ਕੀਤੀ, ਪਰ ਅਮਨ ਦੇ ਮਾਤਾ-ਪਿਤਾ ਦੇ ਪੈਰਾਂ ਹੇਠੋਂ ਜਿਵੇਂ ਜ਼ਮੀਨ ਹੀ ਖਿਸਕ ਗਈ ਜਦ ਅਮਨ ਨੇ ਕਿਹਾ ਕਿ ਮੈਂ ਸਿਰਫ ਟਿਊਸ਼ਨ ਨਹੀਂ ਰੱਖਣੀ ਸਗੋਂ ਟਿਊਸ਼ਨਾਂ ਰੱਖਣੀਆਂ ਹਨ। ਹਰੇਕ ਸੱਬਜੈਕਟ ਲਈ ਵੱਖਰਾ ਅਧਿਆਪਕ। ਹੁਣ ਅਮਨ ਦੀ ਪੜ੍ਹਾਈ ਅਤੇ ਉੱਜਵਲ ਭਵਿੱਖ ਲਈ ਮਾਤਾ-ਪਿਤਾ ਨੂੰ ਉਸਦੀ ਗੱਲ ਮੰਨਣੀ ਪਈ। ਪੜ੍ਹਾਈ ਅਤੇ ਬੇਫ਼ਜ਼ੂਲੇ ਪ੍ਰਾਜੈਕਟ ਵਰਕਾਂ, ਵੱਧ ਅੰਕ ਲੈਣ ਦੀ ਲਾਲਸਾ ਕਾਰਨ ਅਮਨ ਤਨਾਅ ਵਿਚ ਰਹਿਣ ਲੱਗ ਪਿਆ। ਸਾਰਾ ਦਿਨ ਕਿਤਾਬਾਂ ਤੋਂ ਰੱਟੇ ਮਾਰਦਾ, ਸਕੂਲ ਤੋਂ ਆ ਕੇ ਪਹਿਲਾਂ ਇੱਕ ਟਿਊਸ਼ਨ, ਫਿਰ ਦੂਜੀ 'ਤੇ ਫਿਰ ਤੀਜੀ, ਰਾਤ ਗਈ ਨੂੰ ਘਰ ਆਉਂਦਾ। ਉਸਦੀ ਸਿਹਤ ਵਿੱਚ ਵੀ ਗਿਰਾਵਟ ਆਉਣ ਲੱਗ ਪਈ।

ਇਸ ਸਭ ਨੇ ਅਮਨ ਦੇ ਮਾਤਾ-ਪਿਤਾ ਨੂੰ ਕਾਫ਼ੀ ਚਿੰਤਾ ਵਿੱਚ ਪਾ ਦਿੱਤਾ ਪਰ ਅਮਨ ਦੇ ਦਿਮਾਗ ਵਿੱਚ ਅੰਕਾਂ ਦਾ ਐਸਾ ਜਾਲ ਵਿੱਛ ਚੁਕਿਆ ਸੀ ਜਿਸਨੂੰ ਕੱਟ ਪਾਉਣ ਸ਼ਾਇਦ ਮਾਤਾ-ਪਿਤਾ ਦੇ ਵੱਸ ਵਿੱਚ ਨਹੀਂ ਸੀ। ਉਹਨਾਂ ਨੂੰ ਇਉਂ ਲੱਗਣ ਲੱਗ ਪਿਆ ਜਿਵੇਂ ਉਹਨਾਂ ਦਾ ਹੱਸਦਾ-ਖੇਡਦਾ ਅਮਨ ਉਹਨਾਂ ਦੇ ਹੱਥੋਂ ਜਾ ਰਿਹਾ ਹੈ ਅਤੇ ਸਕੂਲ ਜਿੱਥੇ ਸ਼ਿਸ਼ਟਾਚਾਰ, ਜ਼ਿੰਦਗੀ ਦੇ ਮੁੱਢਲੇ ਅਸੂਲ, ਹੱਸਣਾ-ਖੇਡਣਾ, ਜ਼ਿੰਦਗੀ ਨੂੰ ਜਿਊਣਾ ਸਿਖਾਇਆ ਜਾਣਾ ਚਾਹੀਦਾ ਹੈ। ਅੱਜ ਬੱਚਿਆਂ ਨੂੰ ਮਸ਼ੀਨਾਂ ਬਣਾਉਣ ਦਾ ਕੰਮ ਕਰ ਰਹੇ ਹਨ ਪਰ ਨਵੇਂ ਅਧਿਆਪਕ ਦਾ ਪ੍ਰਭਾਵ ਬਣ ਚੁੱਕਿਆ ਸੀ। ਇਸ ਲਈ ਅਮਨ ਦੇ ਮਾਤਾ-ਪਿਤਾ ਨੇ ਆਨੇ ਬਹਾਨੇ ਨੌਵੀਂ ਜਮਾਤ ਤੋਂ ਰਮਨ ਨੂੰ ਪ੍ਰਾਈਵੇਟ ਸਕੂਲ ਤੋਂ ਹਟਾ ਕੇ ਨੇੜੇ ਦੇ ਹੀ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ। ਜਿੰਨੀ ਵੱਡੀ ਰਕਮ ਉਹ ਆਪਣੇ ਇਸ ਇੱਕ ਬੱਚੇ ਉੱਤੇ ਖ਼ਰਚ ਕਰਦੇ ਸਨ ਉਹਨਾਂ ਨੇ ਰਮਨ ਦੀ ਪੂਰੀ ਜਮਾਤ ਨੂੰ ਸਪਾਂਸਰ ਕਰ ਦਿੱਤਾ।

ਸਰਕਾਰੀ ਸਕੂਲ ਦੇ ਤਜ਼ਰਬੇਕਾਰ ਅਧਿਆਪਕਾਂ ਦੀ ਸੌਖੇ ਅਤੇ ਅਨੇਕਾਂ ਢੰਗਾਂ ਨਾਲ ਸਮਝਾਏ ਜਾਂਦੇ ਫਾਰਮੂਲੇ ਝੱਟ ਅਮਨ ਦੀ ਸਮਝ ਵਿੱਚ ਪੈ ਜਾਂਦੇ। ਖੁੱਲ੍ਹੀ-ਡੁੱਲੀ ਗਰਾਉਂਡ ਵਿੱਚ ਅੱਧੀ ਛੁੱਟੀ ਵੇਲੇ ਖੁੱਲ੍ਹ ਕੇ ਖੇਡਦਾ। ਘਰ ਜਾ ਕੇ ਪੂਰਾ ਸਮਾਂ ਪੜ੍ਹਾਈ ਕਰਦਾ। ਕੋਈ ਟਿਊਸ਼ਨ ਦਾ ਝੰਜਟ ਨਹੀਂ ਸੀ ਰਿਹਾ। ਅੱਗੇ ਨਾਲੋਂ ਸਰੀਰਿਕ ਤੌਰ ਤੇ ਵੀ ਵੱਧਣ-ਫੁਲਣ ਲੱਗਾ ਅਤੇ ਮਾਤਾ-ਪਿਤਾ ਨਾਲ ਵੀ ਸਮਾਂ ਬਿਤਾਉਣ ਲੱਗ ਪਿਆ ਅਤੇ ਦੱਸਵੀਂ ਜਮਾਤ ਵਿੱਚ ਆਪਣੇ ਪੂਰੇ ਜਿਲ੍ਹੇ ਵਿੱਚ ਪਹਿਲੇ ਸਥਾਨ 'ਤੇ ਰਿਹਾ।

ਅਮਨ ਦੇ ਮਾਂ ਬਾਪ ਤਾਂ ਸਮਾਂ ਰਹਿੰਦੇ ਸਮਝ ਗਏ। ਪਰ ਅਸੀਂ ਕਦੋਂ ਸਮਝਾਂਗੇ? ਕਦੋਂ ਤੱਕ ਆਪਣੇ ਬੱਚਿਆਂ ਦਾ ਬਚਪਨ ਉਹਨਾਂ ਕੋਲੋਂ ਖੋਹੰਦੇ ਰਹਾਂਗੇ? ਕਦੋਂ ਤੱਕ ਆਪਣੇ ਬੱਚਿਆਂ ਨੂੰ ਆਪਣੇ ਸਟੇਟਸ ਸਿੰਬਲ ਵੱਜੋਂ ਵਰਤਦੇ ਰਹਾਂਗੇ? ਸਕੂਲਾਂ ਦੇ ਪ੍ਰਾਪੇਗੰਢੇ, ਟਿਊਸ਼ਨਾਂ ਦੇ ਮੱਕੜ ਜਾਲ ਵਿੱਚੋਂ ਆਪਣੀ ਬੱਚਿਆਂ ਨੂੰ ਕੱਢ ਕੇ ਇੱਕ ਅਜ਼ਾਦ ਜੀਵਨ ਜਿਊਣ ਦਾ ਮੌਕਾ ਦਿਉ।

***********

'ਅਜੋਕੇ ਮਾਪੇ, ਬੱਚਿਆਂ ਨੂੰ ਸਕੂਲ ਵਿੱਚ ਵਿੱਦਿਆ ਦਾ ਪ੍ਰਬੰਧ ਦੇਖ ਕੇ ਨਹੀਂ,
ਸਕੂਲ ਦੀ ਅਲੀਸ਼ਾਨ ਇਮਾਰਤ ਦੇਖ ਕੇ ਦਾਖ਼ਲ ਕਰਵਾਉਂਦੇ ਹਨ।'
- ਇਕਵਾਕ ਸਿੰਘ ਪੱਟੀ



ਸਿੰਮੀ ਸਾਰੀਆਂ ਗੱਲਾਂ ਸੁਣਨ ਤੋਂ ਬਾਅਦ ਕਹਿਣ ਲੱਗੀ, ਮੈਨੂੰ ਸਿਰਫ਼ ਇਹ ਦੱਸੋ, ਕਿ ਤੁਸੀਂ ਮੈਨੂੰ ਪਸੰਦ ਕਰਦੇ ਹੋ ਜਾਂ ਨਹੀਂ? ਮੈਂ ਹਰ ਹਾਲਾਤਾਂ ਵਿੱਚ ਤੁਹਾਡੇ ਨਾਲ ਰਹਿਣ ਨੂੰ ਤਿਆਰ ਹਾਂ। ਮੇਰੇ ਦਿਲ ਨੇ ਤੁਹਾਡੇ ਲਈ ਹਾਂ ਕਹਿ ਦਿੱਤੀ ਹੈ, ਜੇ ਤੁਹਾਡਾ ਦਿਲ ਹਾਂ ਕਹਿੰਦਾ ਹੈ ਤਾਂ ਅਸੀਂ ਦਿਲ ਤੋਂ ਹੀ ਇਹ ਰਿਸ਼ਤਾ ਸ਼ੁਰੂ ਕਰਾਂਗੇ ਅਤੇ ਆਪਣੇ ਦੋਵੇਂ ਇਸ ਜਨਮਾਂ ਦੇ ਸਾਥ ਤੱਕ ਨਿਭਾਵਾਂਗੇ, ਮੇਰਾ ਵਾਅਦਾ ਹੈ ਸਾਹ ਸਾਥ ਛੱਡ ਜਾਣ ਤਾਂ ਛੱਡ ਜਾਣ, ਪਰ ਮੈਂ ਨਹੀਂ ਛੱਡਦੀ।'

# ਜਨਮਾਂ ਦਾ ਸਾਥ



ਪੰਜਾਬੀ ਦੀ ਇੱਕ ਕਹਾਵਤ, 'ਚਿੱਟੇ ਚੌਲ ਜਿੰਨ੍ਹਾਂ ਨੇ ਪੁੰਨ ਕੀਤੇ, ਰੱਬ ਨੇ ਬਣਾਈਆਂ ਜੋੜੀਆਂ'। ਕਿਹਾ ਜਾਂਦਾ ਹੈ ਕਿ ਸੰਜੋਗ ਉਸ ਸੱਚੇ ਕਰਤੇ ਦੀ ਧੁਰ ਦਰਗਾਹੋਂ ਲਿਖੇ ਜਾਂਦੇ ਨੇ। ਜੇ ਇਹ ਸੱਚ ਹੈ ਤਾਂ ਉਹ ਸੱਚਾ ਕਰਤਾ ਸੰਜੋਗਾਂ ਵਿੱਚ ਤਲਾਕ, ਈਰਖਾ, ਲੜਾਈ-ਝਗੜਾ, ਬਦਲਾ ਲਊ ਭਾਵਨਾ, ਦਾਜ, ਮਰਦ ਅਤੇ ਔਰਤ ਵਿਚਲਾ ਫ਼ਰਕ ਕਿਉਂ ਸੰਜੋਗਾਂ ਦੇ ਨਾਲ ਲਿਖ ਦਿੰਦਾ ਹੈ? ਇਹ ਸਵਾਲ ਅਕਸਰ ਹੀ ਹੈਰੀ (ਪੂਰਾ ਨਾਂ ਹਰਪ੍ਰੀਤ) ਗੱਲਾਂ-ਬਾਤਾਂ ਵਿੱਚ ਕਰ ਦਿੰਦਾ ਸੀ, ਜਦੋਂ ਕਦੇ ਰਿਸ਼ਤਿਆਂ ਦੀਆਂ ਕਮਜ਼ੋਰ ਹੋ ਰਹੀਆਂ ਜਾਂ ਟੁੱਟ ਰਹੀਆਂ ਤੰਦਾਂ ਦਾ ਕਿਧਰੇ ਕੋਈ ਜ਼ਿਕਰ ਹੁੰਦਾ।

ਉਹ ਦੱਸਦਾ ਸੀ, ਜਦ ਉਸਦਾ ਪਹਿਲਾ ਵਿਆਹ ਹੋਇਆ ਤਾਂ ਸੱਭ ਨੂੰ ਕਿੰਨਾ ਚਾਅ ਸੀ ਅਤੇ ਇਹ 'ਧੁਰੋਂ ਪਏ ਸੰਜੋਗ' ਵਾਲੀ ਗੁਰੂ-ਬਾਬੇ ਦੀ ਗੁਰਬਾਣੀ ਦੀ ਪੰਗਤੀ ਵੀ ਵਿਆਹ ਦੇ ਕਾਰਡਾਂ ਤੇ ਛਾਪੀ ਗਈ ਸੀ। ਪਰ ਹੋਇਆ ਕੀ, ਕੁੱਝ ਮਹੀਨਿਆਂ ਬਾਅਦ ਹੀ ਇਹ ਸੰਜੋਗ ਤੀਲ੍ਹਾ-ਤੀਲ੍ਹਾ ਹੋ ਕੇ ਦੋਹਾਂ ਪਿੰਡਾਂ ਦੀ ਪੰਚਾਇਤਾਂ, ਥਾਣਿਆਂ, ਅਦਾਲਤਾਂ ਵਿੱਚ ਖਿਲਰਦੇ ਹੀ ਗਏ 'ਤੇ ਐਸੇ ਖਿੱਲਰੇ ਕਿ ਮੁੜ ਕਦੇ ਇਕੱਠੇ ਨਾ ਹੋ ਸਕੇ। ਐਨਾਂ ਹੀ ਨਹੀਂ, ਇਹ ਖਿਲਾਰਾ ਬਾਹਰੀ ਤੌਰ 'ਤੇ ਹੀ ਨਹੀਂ, ਬਲਕਿ ਧੁਰ ਅੰਦਰ ਤੱਕ ਹਿਲਾ ਦੇਣ ਵਾਲਾ ਸੀ। ਹੁਣ ਜਦ ਕਦੇ ਰਿਸ਼ਤੇ ਦੀ ਗੱਲ ਤੁਰਦੀ ਤਾਂ ਉਹ ਰਿਸ਼ਤੇਦਾਰ ਜੋ ਕਹਿੰਦੇ ਸਨ, ਕੋਈ ਨਾ ਪੁੱਤ! ਪਰਵਾਹ ਨਾ ਕਰ, ਵਾਧੂ ਰਿਸ਼ਤੇ ਤੇਰੇ ਲਈ ਤੇ ਹੁਣ ਅਕਸਰ ਹੀ ਮਿਹਣੇ ਜਾਂ ਤਾਅਨੇ ਦੇ ਰੂਪ ਵਿੱਚ ਕਹਿਣ ਲੱਗ ਪਏ ਸਨ, ਕੁੜੀ ਤਾਂ ਨਜ਼ਰ ਵਿੱਚ ਹੈਗੀ ਆ, ਸੋਹਣੀ ਸੁਨੱਖੀ, ਪੜ੍ਹੀ-ਲਿਖੀ ਪਰ ਉਹ ਕਹਿੰਦੀ ਆ ਦੁਹਾਜੂ ਨਾਲ ਨਹੀਂ ਨੰਦ ਪੜ੍ਹਨੇ। ਇਸ ਲਈ ਕੋਈ ਦੁਹਾਜੂ ਕੁੜੀ ਹੀ ਇਸ ਲਈ ਵੇਖਣੀ ਪੈਣੀ ਹੈ।

ਖੈਰ! ਹੈਰੀ, ਇਹਨਾਂ ਚੁਭਵੀਆਂ ਗੱਲਾਂ ਦੀ ਪਰਵਾਹ ਕਰਨ ਦੀ ਥਾਂ ਇਹਨਾਂ ਤੋਂ ਬਾਹਰ ਨਿਕਲਣ ਲਈ, ਨੇੜ੍ਹੇ ਦੇ ਵੱਡੇ ਸ਼ਹਿਰ ਵਿੱਚ ਨੌਕਰੀ ਕਰਨ ਲਈ ਸ਼ਿਫਟ ਹੋ ਗਿਆ। ਉਸੇ ਕੰਪਨੀ ਵਿੱਚ ਨੌਕਰੀ ਕਰਦਿਆਂ ਉਸਦੀ ਮੁਲਾਕਾਤ ਸਿਮਰਨ ਸਿੰਮੀ ਨਾਲ ਹੋਈ। ਦੋਹਾਂ ਦਾ ਟਾਈਮ ਸ਼ਿਫਟ ਵੀ ਇੱਕੋ ਹੀ ਸੀ ਅਤੇ ਸੁਭਾਅ ਦੇ ਨਾਲ ਪਸੰਦ-ਨਾ-ਪਸੰਦ ਵੀ ਪੂਰੀ ਤਰ੍ਹਾਂ ਮੈਚ ਕਰ ਗਈ।

ਦੋਹਾਂ ਵਿੱਚ ਵਾਹਵਾ ਨੇੜਤਾ ਪੈਦਾ ਹੋ ਰਹੀ ਸੀ। ਇਸ ਤੋਂ ਪਹਿਲਾਂ ਕਿ ਸਿਮਰਨ ਕੋਈ ਗੱਲ ਕਰਦੀ, ਹਿੰਮਤ ਕਰਕੇ ਹੈਰੀ ਨੇ ਆਪ ਹੀ ਆਪਣੇ ਸੱਭ ਕੁੱਝ ਦੱਸ ਦਿੱਤਾ ਕਿ ਤੇਰੇ ਲਈ ਇੱਕ ਤੋਂ ਇੱਕ ਅਤੇ ਕੁਆਰੇ ਮੁੰਡੇ ਮਿਲ ਜਾਣਗੇ, ਮੈਂ ਪਹਿਲਾਂ ਹੀ ਦੂਹਾਜੂ ਹਾਂ ਅਤੇ ਮੇਰੀ ਲਈ ਨਾ ਤਾਂ ਤੇਰੇ ਘਰਦਿਆਂ ਨੇ ਮੰਨਣਾ ਅਤੇ ਨਾ ਹੀ ਤੈਨੂੰ ਸਮਾਜ ਅਤੇ ਰਿਸ਼ਤੇਦਾਰਾਂ ਨੇ ਜਿਊਣ ਦੇਣਾ। ਇਹ ਸਮਾਜ ਦੇ ਦੋਂਹ ਬੰਨ੍ਹੇ ਨਹੀਂ ਚੌਹੀਂ ਬੰਨ੍ਹੇ ਦੰਦੇ ਨੇ।

ਸਿੰਮੀ ਸਾਰੀਆਂ ਗੱਲਾਂ ਸੁਣਨ ਤੋਂ ਬਾਅਦ ਕਹਿਣ ਲੱਗੀ, 'ਤੁਸੀਂ ਲੋਕਾਂ ਦੀ ਛੱਡੋ, ਮੈਨੂੰ ਸਿਰਫ ਇਹ ਦੱਸੋ, ਕਿ ਤੁਸੀਂ ਮੈਨੂੰ ਪਸੰਦ ਕਰਦੇ ਹੋ ਜਾਂ ਨਹੀਂ? ਮੈਂ ਹਰ ਹਾਲਾਤਾਂ ਵਿੱਚ ਤੁਹਾਡੇ ਨਾਲ ਰਹਿਣ ਨੂੰ ਤਿਆਰ ਹਾਂ। ਮੇਰੇ ਦਿਲ ਨੇ ਤੁਹਾਡੇ ਲਈ ਹਾਂ ਕਹਿ ਦਿੱਤੀ ਹੈ, ਜੇ ਤੁਹਾਡਾ ਦਿਲ ਹਾਂ ਕਹਿੰਦਾ ਹੈ ਤਾਂ ਅਸੀਂ ਦਿਲ ਤੋਂ ਹੀ ਇਹ ਰਿਸ਼ਤਾ ਸ਼ੁਰੂ ਕਰਾਂਗੇ ਅਤੇ ਆਪਾਂ ਦੋਵੇਂ ਇਸ ਨੂੰ ਜਨਮਾਂ ਦੇ ਸਾਥ ਤੱਕ ਨਿਭਾਵਾਂਗੇ, ਮੇਰਾ ਵਾਅਦਾ ਹੈ ਸਾਹ ਸਾਥ ਛੱਡ ਜਾਣ ਤਾਂ ਛੱਡ ਜਾਣ ਮੈਂ ਨਹੀਂ ਛੱਡਦੀ।' ਹੈਰੀ ਨੇ ਵੀ ਨਿੰਮਾ ਜਿਹਾ ਮੁਸਕਰਾਉਂਦਿਆਂ ਹੋਇਆ ਸਿੰਮੀ ਨੂੰ ਗਲ ਨਾਲ ਲਗਾ ਲਿਆ ਅਤੇ ਕਹਿਣ ਲੱਗਾ, ਚੱਲ ਫਿਰ ਸ਼ੁਰੂ ਕਰੀਏ ਜਨਮਾਂ ਦਾ ਇਹ ਸਫ਼ਰ। ਕਈ ਸਮਾਜਿਕ ਅਤੇ ਪਰਿਵਾਰਕ ਬੰਧਨਾਂ ਨਾਲ ਘੋਲ ਕਰਦਿਆਂ ਆਖਿਰ ਦੋਵੇਂ ਇੱਕ ਦੂਜੇ ਦੇ ਹੋ ਗਏ।

ਅੱਜ ਉਮਰ ਦੀ ਆਖਰੀ ਦਹਾਕਿਆਂ ਦੌਰਾਨ ਬੀਤ ਚੁੱਕੇ ਪਲਾਂ ਨੂੰ ਯਾਦ ਕਰਦੇ ਹੋਏ ਆਪਣੇ ਪੁੱਤ-ਪੋਤਰਿਆਂ ਨੂੰ ਆਪਣੀ ਪ੍ਰੇਮ ਕਥਾ ਸੁਣਾਉਂਦੇ ਹੋਏ ਦੋਵਾਂ ਦੇ ਮਨ ਭਰ ਗਏ ਅਤੇ ਅੱਖਾਂ ਗਿੱਲੀਆਂ ਹੋ ਗਈਆਂ ਤਾਂ ਅੱਜ ਫਿਰ 84 ਸਾਲਾ ਹੈਰੀ ਨੇ 81 ਸਾਲਾ ਸਿੰਮੀ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਤੇ ਕਹਿਣ ਲੱਗਾ ਰੋਣਾ ਕਿਉਂ? ਤੇਰਾ ਤੇ ਮੇਰਾ ਇਹ ਦੋਹਾਂ ਦਾ ਮਿਲ ਕੇ ਦੋ ਜਨਮ ਪੂਰੇ ਕਰ ਚੱਲੇ ਹਾਂ ਇਸ ਦੁਨੀਆਂ 'ਤੇ, ਹੁਣ ਤਾਂ ਅਗਲੇ ਜਨਮ ਲਈ ਅਰਦਾਸ ਕਰਿਆ ਕਰ ਤਾਂ ਕਿ ਪ੍ਰਮਾਤਮਾ ਅਗਲੀ ਵਾਰ ਫਿਰ ਤੇਰੇ ਮੇਰੇ ਸੰਜੋਗ ਲਿਖ ਕੇ ਭੇਜੇ। ਭੇਜੇ ਤਾਂ ਇਸ ਵਾਰ ਵੀ ਉਹਨੇ ਸੀ, ਮਨੁੱਖ ਹੀ ਆਪਣੀ ਗ਼ਲਤੀਆਂ ਨਾਲ, ਕਾਹਲੀਪਣ ਵਿੱਚ, ਸਮਾਜਿਕ ਪ੍ਰੰਪਰਾਵਾਂ ਥੱਲੇ, ਵਿਚੋਲਿਆਂ ਦੀ ਜ਼ਿਆਦਤੀ ਦਾ ਸ਼ਿਕਾਰ ਹੋ ਕੇ ਅਤੇ ਦਿਮਾਗ ਤੋਂ ਚੰਗੇ ਮੰਦੇ ਬਾਰੇ ਸੋਚ ਕੇ, ਬਿਨ੍ਹਾਂ ਦਿਲ ਦੀ ਮਰਜ਼ੀ ਦੇ ਕੇਵਲ ਸਮਾਜ, ਸੁਸਾਇਟੀ ਅਤੇ ਪਰਿਵਾਰ ਦੀ ਮਰਜ਼ੀ ਨਾਲ ਸਾਥੀ ਚੁਣ ਲੈਂਦਾ ਹੈ ਤੇ ਬਾਅਦ ਵਿੱਚ ਪਤਾ ਲੱਗਦਾ ਹੈ ਕਿ ਇਹ ਧੁਰ ਕੇ ਸੰਜੋਗ ਨਹੀਂ ਸੀ, ਇਹ ਉਹ ਸੰਜੋਗ ਸਨ ਜੋ ਅਸੀਂ ਮੰਦਾ ਚੰਗਾ ਸੋਚ ਕੇ, ਅੱਗਾ ਪਿੱਛਾ ਦੇਖ ਕੇ ਆਪ ਸਹੇੜੇ ਸਨ ਅਤੇ ਨਾਮ 'ਧੁਰ ਸੰਜੋਗਾਂ' ਦਾ ਦਿੱਤਾ ਸੀ।

ਸੱਚਾ ਪਿਆਰ ਕਿੱਥੇ ਕਿਸਦੀ ਤਲਾਸ਼ ਕਰ ਰਿਹਾ ਹੈ, ਇਸ ਲਈ ਸਾਨੂੰ ਰੁਕਣਾ ਪੈਂਦਾ ਹੈ , ਇੰਤਜ਼ਾਰ ਕਰਨਾ ਪੈਂਦਾ ਹੈ ਅਤੇ ਜੇ ਪਿਆਰ ਸੱਚਾ ਮਿਲ ਜਾਵੇ ਤਾਂ ਜ਼ਿੰਦਗੀ ਦੀ ਬਾਜ਼ੀ ਹਾਰ ਕੇ ਵੀ ਇਸ਼ਕ ਜਿੱਤਣਾ ਪੈ ਜਾਵੇ ਤਾਂ ਸੌਦਾ ਮਹਿੰਗਾ ਨਹੀਂ

ਰਹਿ ਜਾਂਦਾ। ਜਿਵੇਂ ਬਾਬਾ ਨਜ਼ਮੀ ਨੇ ਕਿਹਾ ਸੀ, 'ਇਸ਼ਕ ਦੀ ਬਾਜ਼ੀ ਜਿੱਤਣ ਨਾਲੋਂ, ਹਰ ਜਾਈਏ ਤਾਂ ਚੰਗਾ ਏ, ਭੱਜਣ ਨਾਲੋਂ ਵਿੱਚ ਮੈਦਾਨੇ, ਮਰ ਜਾਈਏ ਤਾਂ ਚੰਗਾ ਏ'।

ਕਹਾਣੀ ਦਾ ਮਕਸਦ, ਆਓ! ਜੀਵੀਏ ਅਤੇ ਜਿਊਣ ਦੇਈਏ। ਪਿਆਰ ਦੇ ਮਸਲੇ ਪਿਆਰ ਨਾਲ ਹੱਲ ਕਰੀਏ ਨਾ ਕਿ ਨਫ਼ਰਤ ਨਾਲ ਤਾਂ ਕਿ ਵਿਆਹ ਮੌਕੇ ਜਨਮਾਂ ਦੇ ਸਾਥ ਦੀਆਂ ਖਾਧੀਆਂ ਜਾਣ ਵਾਲੀਆਂ ਕਸਮਾਂ ਝੂਠੀਆਂ ਸਾਬਤ ਨਾ ਹੋ ਸਕਣ।

***********

'ਬਾਰ ਬਾਰ ਗ਼ਲਤੀਆਂ ਦੇ ਦੁਹਰਾਓ ਨਾਲੋਂ ਚੰਗਾ ਹੈ ਕਿ
ਗ਼ਲਤੀਆਂ ਦੇ ਕਾਰਣਾਂ 'ਤੇ ਵਿਚਾਰ ਕੀਤੀ ਜਾਵੇ।' – ਇਕਵਾਕ ਸਿੰਘ ਪੱਟੀ



ਵੇ ਲੋਕੋ ! ਮੈਂ ਤਾਂ ਕਿਹਾ ਸੀ ਕਿ ਕਰਤਾਰੇ ਨੂੰ ਧੀ ਜੰਮ ਪਈ ਆ ਹੁਣੇ ਗਲਾ ਘੁੱਟ ਕੇ ਮਾਰ ਦੇ ਇਸਨੂੰ, ਇਹ ਪੱਕਾ ਤੇਰੀ ਇੱਜ਼ਤ ਤੇ ਦਾਗ ਬਣੂੰਗੀ। ਉਹੀ ਗੱਲ ਹੋਈ। ਇਸ ਚੰਦਰੀ ਦਾ ਕਿਸੇ ਨੇ ਕੀ ਵਿਗਾੜਿਆ ਸੀ? ਜੰਮਦੀ ਮਾਰ ਹੀ ਕਿਉਂ ਨਾ ਦਿੱਤੀ...। ਬੇਸ਼ਰਮ, ਬੇਹਯਾ ਧੀ ਨੇ ਆਪਣੇ ਹੀ ਬਾਬੁਲ ਦੀ ਪੱਗ ਨੂੰ ਦਾਗ ਤਾਂ ਕੀ ਲਾਉਣਾ ਸੀ, ਸਿਰ 'ਤੇ ਪੱਗ ਹੀ ਨਾ ਰਹਿਣ ਦਿੱਤੀ ਇਸ ਨਖੱਤੀ ਨੇ...

# ’ਤੇ ਪੰਚਾਇਤ ਉੱਠ ਗਈ...



ਕਰਤਾਰੇ ਦੀਆਂ ਦੋ ਧੀਆਂ ਮਨਮੀਤ ਤੇ ਗੁਰਰੀਤ ਅਤੇ ਇੱਕ ਪੁੱਤਰ ਸਮਸ਼ੇਰ ਸਿੰਘ। ਆਪਣੇ ਸਾਰੇ ਧੀਆਂ ਪੁੱਤਰਾਂ ਨੂੰ ਉਸਨੇ ਬੜੇ ਪਿਆਰ ਅਤੇ ਲਾਡ ਨਾਲ ਪਾਲਿਆ ਪੋਸਿਆ ਅਤੇ ਪੜ੍ਹਾਇਆ ਲਿਖਾਇਆ। ਕਾਲਜ ਟਾਈਮ ਦੌਰਾਨ ਸਮਸ਼ੇਰ ਨੇ ਆਪਣੇ ਨਾਲ ਹੀ ਪੜ੍ਹਾਈ ਕਰਦੀ ਇੱਕ ਲੜਕੀ ਨਵਨੀਤ ਨੂੰ ਆਪਣੇ ਜੀਵਣ ਸਾਥਣ ਵਜੋਂ ਚੁਣ ਲਿਆ। ਭਾਵੇਂ ਕਿ ਸਮਸ਼ੇਰ ਨੂੰ ਪਤਾ ਸੀ ਕਿ ਲੜਕੀ ਦੇ ਪਰਿਵਾਰ ਵਾਲੇ ਛੇਤੀ ਮੰਨਣ ਵਾਲੇ ਨਹੀਂ ਅਤੇ ਉਸਦੇ ਬਾਪ ਨੇ ਵੀ ਨਹੀ ਮੰਨਣਾ ਪਰ ਫਿਰ ਵੀ ਉਹ ਆਪਣੀ ਜ਼ਿੱਦ ਤੇ ਅੜਿਆ ਰਿਹਾ ਅਤੇ ਨਵਨੀਤ ਨਾਲ ਵਿਆਹ ਕਰਵਾਉਣ ਲਈ ਕੋਈ ਨਾ ਕੋਈ ਸਕੀਮ ਲਗਾਉਂਦਾ ਰਹਿੰਦਾ।

ਇੱਕ ਦਿਨ ਉਸਨੇ ਆਪਣੇ ਬਾਪ ਕਰਤਾਰ ਸਿੰਘ ਨਾਲ ਇਸ ਬਾਰੇ ਗੱਲਬਾਤ ਕੀਤੀ, ਕਰਤਾਰ ਪਹਿਲਾਂ ਤਾਂ ਜ਼ਰਾ ਨਰਾਜ਼ ਹੋ ਗਿਆ, ਪਰ ਫਿਰ ਵੀ ਸਮਸ਼ੇਰ ਦੀ ਮਾਂ ਵੱਲੋਂ ਹਾਂ ਕਹਿਣ 'ਤੇ ਉਹ ਵੀ ਰਾਜ਼ੀ ਹੋ ਗਿਆ। ਮਾਂ ਨੇ ਵੀ ਪੁੱਤ ਨੂੰ ਪੂਰੀ ਹੱਲ੍ਹਾ ਸ਼ੇਰੀ ਦਿੱਤੀ ਕਿ, 'ਕੋਈ ਨਾ ਪੁੱਤ, ਅਸੀਂ ਕਿਹੜਾ ਕੋਈ ਗ਼ਲਤ ਕੰਮ ਕੀਤਾ, ਪਿਆਰ ਈ ਕੀਤਾ ਆ...।'

ਫ਼ਿਕਰ ਨਾ ਕਰ, ਇਸ ਘਰ ਦੀ ਨੂੰਹ ਤਾਂ ਹੁਣ ਨਵਨੀਤ ਹੀ ਬਣੂਗੀ ਭਾਵੇਂ ਕੱਢ ਕੇ ਕਿਉਂ ਨਾ ਲਿਆਉਣੀ ਪਵੇ, ਬੱਸ ਮਾਂ ਦੀਆਂ ਇਹਨਾਂ ਗੱਲਾਂ ਨੇ ਹੀ ਸਮਸ਼ੇਰ ਨੂੰ ਸਿਰੇ ਚੜ੍ਹਾ ਦਿੱਤਾ ਅਤੇ ਉਹ ਵੀ ਭੁੱਲ ਗਿਆ ਕਿ ਉਸਦੇ ਘਰ ਵਿੱਚ ਵੀ ਉਸਦੀਆਂ ਦੋ ਭੈਣਾਂ ਜਵਾਨ ਬੈਠੀਆਂ ਹੋਈਆਂ ਹਨ, ਜੇਕਰ ਉਹ ਇਸ ਤਰ੍ਹਾਂ ਘਰ ਵਿੱਚ ਵੀ ਕੋਈ ਵੀ ਪੁੱਠੀ ਸਿੱਧੀ ਸੋਚ ਸੋਚਦਾ ਹੈ ਤਾਂ ਉਸਦਾ ਅਸਰ ਮਨਮੀਤ ਅਤੇ ਗੁਰਰੀਤ ਦੇ ਭਵਿੱਖ ਦੀ ਜ਼ਿੰਦਗੀ 'ਤੇ ਪੈ ਸਕਦਾ ਹੈ।

ਖੈਰ! ਸਮਾਂ ਬੀਤਿਆ ਅਤੇ ਕਾਫੀ ਲੜਾਈ-ਝਗੜੇ ਤੋਂ ਬਾਅਦ ਰਾਜੀਨਾਵਿਆਂ ਵਿੱਚੋਂ ਹੁੰਦਾ ਹੋਇਆ ਦੋਹਾਂ ਪਰਿਵਾਰਾਂ ਦਾ ਮੇਲ ਹੋ ਗਿਆ ਅਤੇ ਸਮਸ਼ੇਰ ਸਿੰਘ ਦਾ ਵਿਆਹ, ਨਵਨੀਤ ਨਾਲ ਕਰ ਦਿੱਤਾ। ਸਮਾਂ ਬੀਤਿਆ ਤਾਂ ਘਰ ਵਿੱਚ ਖ਼ੁਸ਼ੀ ਵਾਲਾ ਮਾਹੌਲ ਬਣਿਆ ਰਿਹਾ ਅਤੇ ਸਾਰਾ ਪਰਿਵਾਰ ਬੜੀ ਸੁਹਣੀ

ਜਿੰਦਗੀ ਜਿਊਣ ਲੱਗ ਪਿਆ ਸੀ। ਸੱਭ ਕੁੱਝ ਬੜਾ ਵਧੀਆ ਚੱਲ ਰਿਹਾ ਸੀ, ਸਾਰੇ ਬਹੁਤ ਸੁਖੀ ਸਨ।

ਇੱਕ ਦਿਨ ਅਚਾਨਕ ਘਰ ਵਿੱਚ ਪੁਲਿਸ ਆ ਗਈ...

ਇੰਸਪੈਕਟਰ: ਕਰਤਾਰ ਤੇ ਸਮਸ਼ੇਰ ਸਿੰਘ ਕਿੱਥੇ ਨੇ, ਜਲਦੀ ਪੇਸ਼ ਕਰੋ।

ਕਰਤਾਰੇ ਦੀ ਘਰਵਾਲੀ ਬੋਲੀ, 'ਕੀ ਗੱਲ ਹੋ ਗਈ ਜੀ, ਉਹ ਤਾਂ ਘਰ ਨਹੀਂ ਹਨ, ਖੇਤਾਂ ਨੂੰ ਪਾਣੀ ਲਾਉਣ ਗਏ ਹਨ ਅਤੇ ਕੁਝ ਦੇਰ ਤੱਕ ਆਉਣਗੇ, ਪਰ ਗੱਲ ਕੀ ਹੋਈ ਹੈ?'

ਇੰਸਪੈਕਟਰ: ਦੋਹਾਂ ਦੇ ਖਿਲਾਫ਼ ਪੁਲਿਸ ਕੋਲ ਸ਼ਿਕਾਇਤ ਪੁੱਜੀ ਹੈ ਅਤੇ ਗੁਪਤ ਕੀਤੀ ਗਈ ਤਹਿਕੀਕਾਤ ਤੋਂ ਸਾਬਤ ਹੁੰਦਾ ਹੈ ਕਿ ਇਹਨਾਂ ਦੋਵੇਂ ਪਿਉਂ ਪੁੱਤਾਂ ਨੇ ਨਾਲ ਦੇ ਪਿੰਡ ਦੇ ਸਰਪੰਚ  ਜਾਗੀਰ ਸਿੰਘ ਦੇ ਪੁੱਤਰ ਦੀ ਹੱਤਿਆ ਕੀਤੀ ਹੈ। ਬਾਕੀ ਗੱਲ ਥਾਣੇ ਤੇ ਅਦਾਲਤ ਵਿੱਚ ਕੀਤੀ ਜਾਵੇਗੀ। ਜਲਦੀ ਪੇਸ਼ ਕਰੋ ਦੋਹਾਂ ਨੂੰ ਨਹੀ ਤਾਂ ਸਾਨੂੰ ਮਜ਼ਬੂਰੀ ਵੱਸ ਤੁਹਾਡੇ ਵਿੱਚੋਂ ਕਿਸੇ ਨੂੰ ਨਾਲ ਥਾਣੇ ਲਿਜਾਣਾ ਪਵੇਗਾ।

ਮਨਮੀਤ ਅਤੇ ਗੁਰਰੀਤ ਸਭ ਕੁਝ ਦਰਵਾਜ਼ੇ ਦੇ ਉਹਲੇ ਹੋ ਕੇ ਸੁਣ ਰਹੀਆਂ ਸਨ। ਪਿੰਡ ਵਿੱਚ ਪਹਿਲੀ ਵਾਰ ਹੋਇਆ ਸੀ ਕਿ ਕਰਤਾਰ ਦੇ ਘਰ ਪੁਲਿਸ ਆਈ ਹੋਵੇ ਤੇ ਮਾਮਲਾ ਵੀ ਹੱਤਿਆ ਦਾ ਹੋਵੇ। ਇਹ ਕਿੰਝ ਹੋ ਸਕਦਾ? ਕਿਉਂਕਿ ਇਸ ਪਰਿਵਾਰ ਦੀ ਜਿੰਨੀ ਇੱਜ਼ਤ ਸਾਰਾ ਪਿੰਡ ਕਰਦਾ ਹੈ ਉਨੀਂ ਤਾਂ ਪਿੰਡ ਦੇ ਸਰਪੰਚ ਦੀ ਵੀ ਨਹੀਂ ਕਰਦਾ ਸੀ।

ਆਖਰ ਕੌਣ ਹੈ? ਜਿਸਨੇ ਇਹ ਕਤਲ ਜਿਹਾ ਸੰਗੀਨ ਇਲਜ਼ਾਮ ਕਰਤਾਰੇ ਅਤੇ ਉਸਦੇ ਮੁੰਡੇ ਖਿਲਾਫ ਲਗਾ ਦਿੱਤਾ, ਨਾਲੇ ਸਰਪੰਚ ਜਗੀਰ ਸਿੰਘ ਦੇ ਮੁੰਡੇ ਮਰੇ ਨੂੰ ਤਾਂ ਅੱਜ ਛੇ ਮਹੀਨੇ ਹੋ ਚੱਲੇ ਨੇ। ਪੁਲਿਸ ਕਿਸ ਅਧਾਰ 'ਤੇ ਇਹ ਗੱਲ ਕਰ ਰਹੀ, ਘਰ ਦੇ ਬਾਹਰ ਪਿੰਡ ਦੇ ਲੋਕ ਜੁੜਨੇ ਸ਼ੁਰੂ ਹੋ ਗਏ। ਇੰਨੇ ਨੂੰ ਕਰਤਾਰਾ ਤੇ ਉਸਦਾ ਮੁੰਡਾ ਵੀ ਟਰੈਕਟਰ ਟਰਾਲੀ ਲੈ ਕੇ ਆ ਗਏ। ਘਰ ਦੇ ਬਾਹਰ ਪੁਲਿਸ ਦੀਆਂ ਗੱਡੀਆਂ ਅਤੇ ਲੋਕਾਂ ਦੀ ਭੀੜ ਦੇਕ ਕੇ ਦੋਵੇਂ ਪਿਉਂ ਪੁੱਤ ਹੈਰਾਨ ਰਹਿ ਗਏ। ਭੀੜ ਨੂੰ ਚੀਰ ਕੇ ਇੱਕ ਦਮ ਅੰਦਰ ਗਏ ਤਾਂ ਅੰਦਰ ਪੁਲਿਸ ਦੀ ਪੂਰੀ ਫੌਜ ਤਾਇਨਾਤ ਸੀ।

ਕੀ ਗੱਲ ਹੋ ਗਈ ਇੰਸਪੈਕਟਰ ਸਾਹਿਬ? ਕਰਤਾਰੇ ਨੇ ਪੁੱਛਿਆ।

ਗੱਲ ਦਾ ਮੇਰੇ ਨਾਲੋਂ ਜਿਆਦਾ ਤੁਹਾਨੂੰ ਪਤਾ ਹੋਣੈ ਚਾਹੀਦਾ, ਕਰਤਾਰ ਸਿੰਘ ਤੇ ਸਮਸ਼ੇਰ ਸਿੰਘ ਜੀ, ਜੇ ਨਹੀ ਤਾਂ ਚੱਲੋ ਥਾਣੇ, ਉੱਥੇ ਜਾ ਕੇ ਚੇਤਾ ਆਊ ਕਿ ਦੋਵੇਂ ਪਿਉ-ਪੁੱਤਾਂ ਨੇ ਕਿਹੜੇ ਚੰਨ ਚਾੜ੍ਹੇ ਨੇ..?

ਹਨੇਰ ਸਾਈਂ ਦਾ! ਕਰਤਾਰੇ ਦੀ ਘਰਵਾਲੀ ਬੋਲੀ... ਨਾ ਇੰਸਪੈਕਟਰ ਸਾਹਿਬ ਇੰਝ ਨਾ ਕਹੋ, ਮੇਰੇ ਸਿਰ ਦਾ ਸਾਈਂ ਅਤੇ ਮੇਰਾ ਪੁੱਤ ਬੇਕਸੂਰ ਹਨ, ਇਹਨਾਂ ਕਿਸੇ ਨੂੰ ਨਹੀ ਮਾਰਿਆ ਤੁਹਨੂੰ ਗ਼ਲਤਫ਼ਹਿਮੀ ਹੋਈ ਹੈ। ਇਹਨਾਂ ਨੂੰ ਥਾਣੇ ਨਾ ਲੈ ਕੇ ਜਾਉ, ਸਾਰੇ ਪਿੰਡ ਵਿੱਚ ਸਾਡੀ ਬੜੀ ਇੱਜ਼ਤ ਹੈ, ਜਿਹੜੀ ਗੱਲ ਕਰਨੀ ਹੈ ਇੱਥੇ ਕਰ ਲਉ, ਅਸੀਂ ਤੁਹਾਡਾ ਪੂਰਾ ਸਾਥ ਦੇਵਾਂਗੇ।

ਬੱਸ ਬੀਬਾ! ਕਾਨੂੰਨ ਦਾ ਟਾਈਮ ਨਾ ਖ਼ਰਾਬ ਕਰ, ਅਸੀਂ ਹੋਰ ਵੀ ਕੰਮ ਕਰਨੇ ਆ। ਮਾਮਲਾ ਕੋਈ ਛੋਟਾ-ਮੋਟਾ ਹੁੰਦਾ ਤਾਂ ਅਸੀ ਆਪ ਆਉਂਦੇ ਹੀ ਨਾ, ਕਤਲ ਕੀਤਾ ਹੈ ਇਹਨਾਂ ਨੇ ਅਤੇ ਹੁਣ ਕਾਨੂੰਨ ਮੁਤਾਬਿਕ ਕਾਰਵਾਈ ਹੋਵੇਗੀ।

ਚੱਲੋ ਓਏ ਮੁੰਡਿਓ ! ਬਿਠਾਉ ਇਹਨਾਂ ਨੂੰ ਗੱਡੀ ਵਿੱਚ। ਇੰਸਪੈਕਟਰ ਨੇ ਸਿਪਾਹੀਆਂ ਨੂੰ ਹੁਕਮ ਚਾੜ੍ਹਿਆ ਕਿ ਕੁੱਝ ਹੀ ਪਲਾਂ ਵਿੱਚ ਪੁਲਿਸ ਦੀਆਂ ਗੱਡੀਆਂ ਧੂੜ ਉਡਾਉਂਦੀਆਂ ਅੱਖਾਂ ਤੋਂ ਓਹਲੇ ਹੋ ਗਈਆਂ, ਤੇ ਪਿੰਡ ਦੇ ਲੋਕ ਵੀ ਘੁਸਰ-ਮੁਸਰ ਕਰਦੇ ਹੋਏ ਆਪੋ-ਆਪਣੇ ਘਰਾਂ ਨੂੰ ਚੱਲ ਪਏ।

ਇਸ ਗੱਲ ਤੋਂ ਕਰਤਾਰੇ ਦਾ ਪਰਿਵਾਰ ਅਤੇ ਸਾਰਾ ਪਿੰਡ ਡਾਢਾ ਹੈਰਾਨ ਸੀ ਕਿ ਕਰਤਾਰੇ ਦੇ ਖਿਲਾਫ ਸ਼ਿਕਾਇਤ ਕਰਨ ਵਾਲਾ ਤੇ ਇੰਨਾ ਵੱਡਾ ਇਲਜ਼ਾਮ ਲਗਾਉਣ ਵਾਲਾ ਕੌਣ ਹੋ ਸਕਦਾ? ਰਾਤ ਵੇਲੇ ਕਰਤਾਰੇ ਦੀ ਧੀ ਗੁਰਰੀਤ ਵੀ ਘਰੋਂ ਗਾਇਬ ਹੋ ਗਈ, ਬਿਨ੍ਹਾਂ ਕਿਸੇ ਨੂੰ ਕੁੱਝ ਦੱਸੇ, ਪਤਾ ਨਹੀ ਉਹ ਕਿੱਥੇ ਚਲੀ ਗਈ।

ਸਵੇਰ ਹੁੰਦਿਆਂ ਹੀ ਸਾਰਾ ਪਿੰਡ ਮੁਹਤਬਾਰ ਬੰਦਿਆ ਨੂੰ ਨਾਲ ਕੇ ਸਰਪੰਚ ਸਮੇਤ ਥਾਣੇ ਜਾ ਪੁੱਜਿਆ, ਤਾਂ ਪਤਾ ਲੱਗਾ ਕਿ ਰਾਤੋ-ਰਾਤ ਹੀ ਵਕੀਲ ਰਾਹੀਂ ਕਰਤਾਰੇ ਅਤੇ ਉਸਦੇ ਪੁੱਤਰ ਨੂੰ ਜਿਲ੍ਹਾ ਪੁਲਿਸ ਵੱਲੋਂ ਅਣਦੱਸੀ ਥਾਂ ਤੇ ਲਿਜਾਇਆ ਜਾ ਚੁੱਕਿਆ ਹੈ ਅਤੇ ਗ਼ੈਰ ਜ਼ਮਾਨਤੀ ਵਰੰਟ ਜਾਰੀ ਕਰਵਾ ਕੇ ਪੁਲਿਸ ਵੱਲੋਂ 20 ਦਿਨ ਦਾ ਰਿਮਾਂਡ ਲੈ ਲਿਆ ਗਿਆ ਹੈ।

ਸਰਪੰਚ ਨੇ ਕਾਫੀ ਦਬਾਅ ਪਾ ਕੇ ਇੰਸਪੈਕਟਰ ਕੋਲੋ ਇਹ ਜਾਣਕਾਰੀ ਹਾਸਲ ਕਰ ਲਈ ਕਿ ਇਸ ਸਾਰੇ ਮਸਲੇ ਪਿੱਛੇ ਕਿਹੜਾ ਦਿਮਾਗ ਜਾਂ ਵਿਅਕਤੀ ਕੰਮ ਕਰ ਰਿਹਾ ਹੈ ਤਾਂ ਉਸਦੇ ਅਤੇ ਸਾਰੇ ਪਿੰਡ ਦੇ ਸਮੇਤ ਸਰਪੰਚ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਜਦ ਪੁਲਿਸ ਅਫਸਰ ਨੇ ਦੱਸਿਆ ਕਿ ਕਰਤਾਰੇ ਤੇ ਉਸਦੇ ਪੁੱਤਰ ਦੇ ਖਿਲਾਫ਼ ਸਬੂਤ, ਸ਼ਿਕਾਇਤ ਅਤੇ ਤੇਜ਼ੀ ਨਾਲ ਕਾਰਵਾਈ ਕਰਕੇ ਥਾਣੇ ਤੋਂ ਗਾਇਬ ਕਰਵਾਉਣ ਵਿੱਚ ਕਿਸੇ ਹੋਰ ਦਾ ਨਹੀਂ, ਉਸਦੀ ਛੋਟੀ ਧੀ 'ਗੁਰਰੀਤ' ਦਾ ਹੱਥ ਹੈ।

ਵੇ ਲੋਕੋ! ਮੈਂ ਤਾਂ ਕਿਹਾ ਸੀ ਕਿ ਕਰਤਾਰੇ ਨੂੰ ਧੀ ਜੰਮ ਪਈ ਆ ਹੁਣੇ ਗਲਾ

ਘੁੱਟ ਕੇ ਮਾਰ ਦੇ ਇਸਨੂੰ, ਇਹ ਪੱਕਾ ਤੇਰੀ ਇੱਜ਼ਤ ਤੇ ਦਾਗ ਬਣੂੰਗੀ। ਉਹੀ ਗੱਲ ਹੋਈ। ਇਸ ਚੰਦਰੀ ਦਾ ਕਿਸੇ ਨੇ ਕੀ ਵਿਗਾੜਿਆ ਸੀ? ਜੰਮਦੀ ਮਾਰ ਹੀ ਕਿਉਂ ਨਾ ਦਿੱਤੀ...। ਬੇਸ਼ਰਮ, ਬੇਹਯਾ ਧੀ ਨੇ ਆਪਣੇ ਹੀ ਬਾਬਲ ਦੀ ਪੱਗ ਨੂੰ ਦਾਗ਼ ਤਾਂ ਕੀ ਲਾਉਣਾ ਸੀ, ਸਿਰ 'ਤੇ ਪੱਗ ਹੀ ਨਾ ਰਹਿਣ ਦਿੱਤੀ ਇਸ ਨਖੱਤੀ ਨੇ... ਕੱਲ੍ਹ ਦੀ ਘਰੋਂ ਗਾਇਬ ਆ ਪਤਾ ਨਹੀ ਕਿਹੜੇ ਖਸਮਾਂ ਖਾਣੇ ਨਾਲ ਖੇਹ ਖਾ ਰਹੀ ਹੋਣੀ ਆ...

ਪਿੰਡ ਦੀ ਸਾਂਝੀ ਤਾਈ ਬੰਤੋ ਨੇ, ਜ਼ਰਾ ਧੀਰਜ ਦਿੱਤਾ ਨਾ ਭੈਣੇ ਨਾ, ਮੂੰਹੋਂ ਮਾੜਾ ਲਫਜ਼ ਨਹੀ ਕੱਢੀਦਾ। ਸ਼ਾਮਾਂ ਨੂੰ ਮੁੜ ਆਉਗੀ ਤਾਂ ਸਾਰੀ ਗੱਲ ਪਿੰਡ ਦੀ ਸਾਂਝੀ ਪੰਚਾਇਤ ਵਿੱਚ ਬਿਠਾ ਕੇ ਪੁੱਛਾਂਗੇ।

ਸ਼ਾਮੀਂ ਗੁਰਰੀਤ ਵਾਪਸ ਆਈ। ਉਸ ਦੇ ਸੱਜੇ ਹੱਥ ਵਿੱਚ ਕਾਗਜ਼ਾਂ ਦੀ ਇੱਕ ਵੱਡੀ ਫਾਈਲ ਅਤੇ ਖੱਬੇ ਪਾਸੇ ਬਾਂਹ 'ਚ ਲਮਕਦਾ ਵਕੀਲਾਂ ਵਾਲਾ ਕਾਲਾ ਕੋਟ ਸੀ। ਉਸਨੂੰ ਆਉਦਿਆਂ ਹੀ ਉਸਦੀ ਮਾਂ ਨੇ ਹਜ਼ਾਰਾਂ ਗਾਲ੍ਹਾਂ ਕੱਢੀਆਂ, ਗਾਲ ਮੰਦਾ ਕਰਦਿਆਂ ਘਰੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ। ਤਾਈ ਬੰਤੋਂ ਉਸਨੂੰ ਆਪਣੇ ਘਰ ਲੈ ਆਈ। ਸਵੇਰੇ ਸਾਰੀ ਪੰਚਾਇਤ ਇੱਕਠੀ ਹੋਈ। ਗੁਰਰੀਤ ਦੇ ਰਿਸ਼ਤੇਦਾਰ, ਉਸਦੀ ਮਾਂ ਅਤੇ ਭੈਣ ਵੀ ਹਾਜ਼ਰ ਸੀ।

ਸਰਪੰਚ ਨੇ ਬੜੀ ਹਲੀਮੀ ਨਾਲ ਪੁੱਛਿਆ, 'ਧੀਏ! ਇਹ ਤੂੰ ਕੀ ਕੀਤਾ? ਕੀ ਇਸੇ ਵਾਸਤੇ ਤੈਨੂੰ ਤੇਰੇ ਬਾਪੂ ਕਰਤਾਰੇ ਨੇ ਕਾਨੂੰਨ ਦੀ ਪੜ੍ਹਾਈ ਕਰਵਾਈ ਸੀ? ਵਕੀਲ ਪੈਸੇ ਦੇ ਲਾਲਚ ਵਿੱਚ ਝੂਠੇ ਮੁਕੱਦਮੇ ਲੜ੍ਹਦੇ ਤਾਂ ਕਈ ਦੇਖੇ, ਪਰ ਆਪਣੇ ਹੀ ਘਰ ਵਿੱਚ ਇਹੋ ਜਿਹੇ ਕੇਸ ਦਾ ਸਾਹਮਣਾ ਇੱਕ ਪਿਓ ਨੂੰ ਕਰਨਾ ਪੈ ਜਾਵੇ ਤੇ ਦੂਜੇ ਪਾਸੇ ਉਸਦੀ ਆਪਣੀ ਧੀ ਹੀ ਵਕੀਲ ਹੋਵੇ ਤੇ ਉਹ ਵੀ ਬਾਪ ਦੇ ਖਿਲਾਫ਼ ਭੁਗਤ ਜਾਵੇ? ਇਹ ਸੱਭ ਕਿਸ ਲਈ? ਵੇਖ ਕਿੰਨੀ ਇੱਜ਼ਤ ਸੀ ਤੇਰੇ ਬਾਪ ਕਰਤਾਰੇ ਦੀ? ਆਪਣੀ ਮਾਂ ਦੀ ਹਾਲਤ ਵੇਖ ਕੀ ਹਾਲ ਹੋ ਗਿਆ ਰੋ ਰੋ ਕੇ। ਦੱਸ ਅੱਜ ਸਾਰਾ ਪਿੰਡ ਤੇਰੇ ਕੋਲੋਂ ਜੁਆਬ ਮੰਗਦਾ ਹੈ? ਕਿਤੇ ਇਹ ਨਾ ਹੋਵੇ ਕਿ ਤੇਰੇ ਅਜਿਹੇ ਕਾਰਨਾਮੇ ਕਰਕੇ ਕੱਲ੍ਹ ਨੂੰ ਪਿੰਡ ਦੇ ਲੋਕ ਧੀਆਂ ਜੰਮ ਕੇ ਪਾਲਣ ਪੋਸ਼ ਕੇ ਵੱਡੀਆ ਕਰਨ ਨਾਲੋਂ, ਮਾਰਨ ਨੂੰ ਤਰਜੀਹ ਦੇਣ।'

ਗੁਰਰੀਤ ਕੁੱਝ ਦੇਰ ਚੁੱਪ ਰਹੀ ਤੇ ਫਿਰ ਬੋਲਣ ਲੱਗੀ, 'ਸਰਪੰਚ ਸਾਹਿਬ! ਅਗਲੇ ਪਿੰਡ ਦੇ ਸਰਪੰਚ ਸ੍ਰ. ਜਗੀਰ ਸਿੰਘ ਦਾ ਪੁੱਤਰ ਨਵਪ੍ਰੀਤ ਸਿੰਘ ਮੇਰੇ ਨਾਲ ਹੀ ਕਾਲਜ ਵਿੱਚ ਲਾਅ ਕਰਦਾ ਸੀ। ਉਹ ਹਮੇਸ਼ਾਂ ਕਲਾਸ ਵਿੱਚ ਪਹਿਲੇ ਨੰਬਰ 'ਤੇ ਆਉਂਦਾ ਸੀ। ਹੁਸ਼ਿਆਰ ਅਤੇ ਆਪਣੇ ਮਾਂ ਬਾਪ ਦਾ ਇਕਲੌਤਾ ਪੁੱਤਰ ਸੀ। ਮੈ

ਉਸਨੂੰ ਬੜੀ ਚੰਗੀ ਤਰ੍ਹਾਂ ਜਾਣਦੀ ਸੀ। ਅਸੀਂ ਅਕਸਰ ਹੀ ਕਾਲਜ ਵਿੱਚ ਇੱਕਠੇ ਰਹਿੰਦੇ, ਪੜ੍ਹਾਈ ਕਰਦੇ ਅਤੇ ਘੁਮੰਦੇ-ਫਿਰਦੇ ਸੀ। ਸਾਡੇ ਦੋਹਾਂ ਵਿੱਚ ਕੁੱਝ ਵੀ ਗ਼ਲਤ ਨਹੀਂ ਸੀ। ਅਸੀ ਦੋਵੇਂ ਹੀ ਵੱਡੇ ਵਕੀਲ ਬਣਕੇ ਕਾਮਯਾਬ ਹੋਣਾ ਚਾਹੁੰਦੇ ਸੀ। ਇਸੇ ਦੌਰਾਨ ਅਸੀਂ ਇਕ ਦੂਜੇ ਨੂੰ ਪਸੰਦ ਕਰਨ ਲੱਗ ਪਏ ਤੇ ਵਿਆਹ ਕਰਵਾਉਣ ਬਾਰੇ ਵੀ ਸੋਚ ਲਿਆ। ਉਦੋਂ ਵੀਰ ਸਮਸ਼ੇਰ ਦੇ ਵਿਆਹ ਬਾਰੇ ਲੜਾਈ ਝਗੜਾ ਚੱਲ ਰਿਹਾ ਸੀ? ਕਿਉਂਕਿ ਇਹ ਲਵ ਮੈਰਿਜ਼ ਕਰਵਾਉਣੀ ਚਾਹੁੰਦਾ ਸੀ ਪਰ ਭਾਬੀ ਦੇ ਪਰਿਵਾਰ ਵਾਲੇ ਨਹੀਂ ਮੰਨਦੇ ਸਨ। ਇਸ ਲਈ ਮੈਂ ਘਰ ਕੋਈ ਗੱਲ ਨਾ ਕੀਤੀ। ਪਰ ਸਮਸ਼ੇਰ ਵਾਰੀ ਮੇਰੀ ਹੀ ਮਾਂ ਅਤੇ ਪਿਉ ਵੱਲੋਂ ਲਵ ਮੈਰਿਜ਼ ਦੇ ਹੱਕ ਵਿਚ ਸਟੈਂਡ ਲੈਣ ਦੀਆਂ ਗੱਲਾਂ ਨੇ ਮੈਨੂੰ ਵੀ ਪ੍ਰਭਾਵਿਤ ਕੀਤਾ। ਮੈਨੂੰ ਵੀ ਆਪਣੇ ਮਾਂ-ਬਾਪ ਦੀ ਅੱਗਹ-ਵਧੂ ਸੋਚ 'ਤੇ ਮਾਣ ਹੋਇਆ ਕਿ ਅੱਜ ਦੇ ਸਮਾਜ ਵਿੱਚ ਇਹ ਗੱਲਾਂ ਆਮ ਹੋ ਗਈਆ ਹਨ। ਜ਼ਬਰੀ ਕਿਤੇ ਵਿਆਹ ਦੇਣ ਨਾਲੋਂ ਜੇ ਵਰ ਜਾਂ ਕੰਨਿਆ ਦੀ ਮਰਜ਼ੀ ਪੁੱਛ ਲਈ ਜਾਵੇ ਤਾਂ ਬਹੁਤ ਸਾਰੀਆ ਸਮਾਜਿਕ ਬੁਰਾਈਆਂ ਦਾ ਖ਼ਾਤਮਾ ਕੀਤਾ ਜਾ ਸਕਦੈ। ਕਿਉਂਕਿ ਦੂਜੇ ਪਾਸੇ ਭਾਬੀ ਵੀ ਸ਼ਮਸ਼ੇਰ ਵੀਰੇ ਨਾਲ ਵਿਆਹ ਕਰਵਾਉਣ ਨੂੰ ਬਜ਼ਿੱਦ ਸੀ।

ਵਿਆਹ ਹੋਇਆ, ਸੱਭ ਕੁੱਝ ਆਮ ਵਾਂਗ ਹੋ ਗਿਆ। ਦੋਵੇਂ ਜੀਅ ਵਧੀਆ ਜ਼ਿੰਦਗੀ ਬਿਤਾਉਣ ਲੱਗੇ। ਹੁਣ ਮੇਰੇ ਵਿਆਹ ਲਈ ਵਰ ਲੱਭਣਾ ਸ਼ੁਰੂ ਕਰ ਦਿੱਤਾ ਸੀ, ਇਸ ਲਈ ਮੈਂ ਵੀ ਨਵਪ੍ਰੀਤ ਬਾਰੇ ਆਪਣੇ ਪਿਤਾ ਜੀ ਅਤੇ ਵੀਰ ਨੂੰ ਦੱਸ ਦਿੱਤਾ ਪਰ ਮੇਰੇ ਸੁਪਨਿਆਂ ਦਾ ਮਹਿਲ ਚਕਨਾ-ਚੂਰ ਹੋ ਗਿਆ, ਜਦ ਮੈਨੂੰ ਪਿਉ ਦੀ ਪੱਗ, ਵੀਰ ਦੀ ਪੱਗ ਦੀਆਂ ਦੁਹਾਈਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਤੇ ਵੀਰ ਨੇ ਮੇਰੇ ਉੱਤੇ ਪਹਿਲੀ ਵਾਰ ਹੱਥ ਚੁੱਕਿਆ। ਜਦ ਮੈ ਮਾਂ ਨੂੰ ਉਹ ਵੇਲੇ ਯਾਦ ਕਰਵਾਇਆ ਜਦ ਇਹ ਵੀਰ ਸ਼ਮਸ਼ੇਰ ਨੂੰ ਕਹਿੰਦੀ ਸੀ, ਕੋਈ ਨਾ ਪੁੱਤ ਜੇ ਕੋਈ ਗੱਲ ਨਾ ਬਣੀ ਤਾਂ ਕੁੜੀ ਨਾ ਮੰਨੀ ਤਾਂ ਕੱਢ ਕੇ ਲੈ ਆਵੀਂ, ਇਸ ਘਰ ਦੀ ਨੂੰਹ ਤਾਂ ਉਹੀ ਬਣੂਗੀ, ਇਹ ਕਿਹੜਾ ਕੋਈ ਪਾਪ ਕੀਤਾ ਹੈ, ਪਿਆਰ ਈ ਕੀਤਾ ਹੈ..।'

ਇਸ ਜੁਆਬ ਤੋਂ ਪਿੱਟ ਉੱਠੇ ਮੇਰੇ ਵੀਰ ਨੇ ਮੇਰੇ ਉੱਤੇ ਕਹੀ ਨਾਲ ਵਾਰ ਕੀਤਾ ਪਰ ਮੈਂ ਆਪਣੀ ਛੋਟੀ ਭੈਣ ਦੀ ਵਜ੍ਹਾ ਨਾਲ ਬੱਚ ਗਈ, ਉਸਨੇ ਵੀਰ ਨੂੰ ਧੱਕਾ ਮਾਰ ਦਿੱਤਾ ਸੀ।

ਮੈਨੂੰ ਕਮਰੇ ਵਿੱਚ ਬੰਦ ਕਰਕੇ ਤੇ ਹਫ਼ਤਾ ਭਰ ਭੁੱਖਿਆਂ ਰੱਖਿਆ ਗਿਆ। ਅਖਿਰ ਮੈਂ ਹਾਰ ਮੰਨ ਲਈ ਅਤੇ ਸਮਝੌਤਾ ਕੀਤਾ ਕਿ ਕਦੇ ਵੀ ਨਵਪ੍ਰੀਤ ਨੂੰ ਨਹੀ

ਮਿਲਾਂਗੀ, ਜਿੱਥੇ ਕਹੋਗੇ ਚਲੀ ਜਾਵਾਂਗੀ। ਇੱਕ ਦਿਨ ਮੈਨੂੰ ਨਵਪ੍ਰੀਤ ਦਾ ਫ਼ੋਨ ਆਇਆ, ਉਹ ਵੀ ਇਹ ਸੱਭ ਕੁੱਝ ਸੁਣ ਕੇ ਬਹੁਤ ਨਿਰਾਸ਼ ਹੋਇਆ ਅਤੇ ਸਿਰਫ਼ ਇੱਕ ਵਾਰ ਮੈਨੂੰ ਮਿਲਣ ਲਈ ਮੇਰੇ ਅੱਗੇ ਤਰਲੇ ਕਰਨ ਲੱਗਾ। ਉਸ ਰਾਤ ਘਰ ਵੀ ਕੋਈ ਨਹੀਂ ਸੀ ਅਤੇ ਜਗਤਾਰ ਕਿਆਂ ਦੇ ਘਰ ਵਿਆਹ ਸੀ। ਮੰਮੀ ਤੇ ਭੈਣ ਉੱਧਰ ਗਏ ਸਨ, ਮੈਂ ਆਪਣੇ ਇਮਤਿਹਾਨ ਨੇੜੇ ਹੋਣ ਕਰਕੇ ਉੱਪਰ ਛੱਤ ਤੇ ਪੜ੍ਹ ਰਹੀ ਸੀ। ਬਾਪੂ ਤੇ ਵੀਰਾ ਵੀ ਟਰੈਕਟਰ ਲੈ ਕੇ ਕਿਤੇ ਚਲੇ ਗਏ ਸੀ।

ਸੋ, ਮੈਂ ਮੌਕੇ ਮੁਤਾਬਿਕ ਸੋਚ ਸਮਝ ਕੇ ਆਖਰੀ ਵਾਰ ਨਵਪ੍ਰੀਤ ਨੂੰ ਮਿਲਣ ਵਾਸਤੇ ਉਹ ਪਰਲੇ ਪਿੰਡ ਦੀਆਂ ਬਹਿਕਾਂ ਕੋਲ ਬੁਲਾ ਲਿਆ। ਜਦ ਤੱਕ ਮੈਂ ਉੱਥੇ ਪਹੁੰਚੀ ਤਾਂ ਬਾਪੂ ਅਤੇ ਸਮਸ਼ੇਰ ਵੀਰਾਂ ਪਹਿਲਾਂ ਹੀ ਉੱਥੇ ਮੌਜੂਦ ਸਨ, ਮੈਂ ਝਾੜੀਆਂ ਦੇ ਓਹਲੇ ਹੋ ਗਈ। ਤਾਂ ਮੇਰੀ ਅੱਖਾਂ ਦੇ ਸਾਹਮਣੇ ਬਾਪੂ ਜੀ ਤੇ ਵੀਰੇ ਨੇ ਨਵਪ੍ਰੀਤ ਦੀ ਹੱਤਿਆ ਕੀਤਾ। ਮੈਂ ਕੰਬਣ ਲੱਗ ਪਈ, ਰੋ-ਰੋ ਕੇ ਬੁਰਾ ਹਾਲ ਹੋ ਗਿਆ ਵੀਰੇ ਨੇ ਉਸਦੇ ਹੱਥਾਂ ਨੂੰ ਪਿੱਠ ਪਿੱਛੇ ਬੰਨ੍ਹ ਕੇ, ਜ਼ਮੀਨ ਤੇ ਲਿਟਾ ਦਿੱਤਾ ਤੇ ਬਾਪੂ ਜੀ ਨੇ ਉਸ ਉੱਤੋਂ ਟਰੈਕਟਰ ਲੰਘਾ ਦਿੱਤਾ, ਤਿੰਨ ਵਾਰ ਟਰੈਕਟਰ ਉਸ ਉੱਤੋਂ ਲੰਘਾਇਆ ਗਿਆ। ਮੈਂ ਉਸੇ ਵੇਲੇ ਆਪਣੇ ਮੋਬਾਇਲ 'ਤੇ ਇਸ ਸਭ ਦੀ ਵੀਡਿਉ ਰਿਕਾਰਡਿੰਗ ਕੀਤੀ ਅਤੇ ਫ਼ੋਟੋਆਂ ਖਿੱਚ ਲਈਆਂ। ਬਾਅਦ ਵਿੱਚ ਬੰਬੀ ਦੇ ਪਾਣੀ ਨਾਲ ਟਰੈਕਟਰ ਦੀ ਟਾਇਰਾਂ ਤੋਂ ਖ਼ੂਨ ਸਾਫ ਕੀਤਾ ਅਤੇ ਬੜੀ ਚਲਾਕੀ ਨਾਲ ਉਸਦੀ ਮੌਤ ਨੂੰ ਇੱਕ ਹਾਦਸਾ ਬਣਾ ਕੇ ਪੇਸ਼ ਕਰ ਦਿੱਤਾ।

ਮੇਰੇ ਵੱਲੋਂ ਨਵਪ੍ਰੀਤ ਨੂੰ ਮਿਲਣ ਬਾਰੇ ਕਿਸੇ ਨੂੰ ਕੁੱਝ ਵੀ ਪਤਾ ਨਹੀਂ ਸੀ। ਜਾਣਬੁੱਝ ਕੇ ਆਪਣੇ ਘਰ ਦੀ ਇੱਜ਼ਤ ਜਾਂ ਅਖੌਤੀ ਅਣਖ ਖਾਤਰ, ਸਰਪੰਚ ਜਗੀਰ ਸਿੰਘ ਦੇ ਇਕਲੌਤੇ ਪੁੱਤਰ ਨੂੰ ਬੇ-ਮੌਤੇ ਮਾਰ ਕੇ ਪਿਛਲੇ ਛੇ ਮਹੀਨਿਆਂ ਤੋਂ ਇਹ ਮੁਲਜ਼ਮ ਅਜ਼ਾਦ ਘੁੰਮ ਰਹੇ ਸੀ। ਇਹ ਅਣਮਨੁੱਖੀ ਮੌਤ ਪੂਰੀ ਤਰ੍ਹਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸੀ ਅਤੇ ਇਕ ਨਜਾਇਜ਼ ਕਤਲ ਸੀ।

ਜਦ ਮੈਂ ਵਾਅਦਾ ਕੀਤਾ ਸੀ ਕਿ ਜਿੱਥੇ ਤੁਸੀਂ ਵਿਆਹੋਗੇ ਮੈਂ ਤੁਰ ਜਾਵਾਗੀਂ ਤਾਂ ਫਿਰ ਵੀ ਕਿਉਂ ਇਕ ਮਾਂ-ਬਾਪ ਦੀ ਬਜ਼ੁਰਗੀ ਦੇ ਸਹਾਰੇ ਨੂੰ ਖੋਹ ਲਿਆ ਗਿਆ? ਕਿਉਂ ਮੇਰੇ ਵੀਰ ਨੇ ਉਸਨੂੰ ਮੌਤ ਦੇ ਘਾਟ ਉਤਾਰ ਦਿੱਤਾ? ਕਿਉਂ ਮਾਂ ਬਾਪ ਦੀ ਸੋਚ ਧੀਆਂ ਅਤੇ ਪੁੱਤਰਾਂ ਲਈ ਇੱਕੋ ਜਿਹੀ ਨਹੀ? ਕਿਉਂ ਲੜਕੀ ਦੀ ਲਵ ਮੈਰਿਜ ਤੋਂ ਇਤਰਾਜ਼ ਹੈ, ਜਦਕਿ ਲੜਕੇ ਵਾਰੀ ਉਸਨੂੰ ਹੌਂਸਲਾ ਤੇ ਉਤਸ਼ਾਹ ਦਿੱਤਾ ਜਾਂਦਾ ਹੈ। ਇਹ ਡਬਲ ਸਟੈਂਡਰਡ ਕਿਉਂ?

ਮੈਂ ਇੱਕ ਧੀ ਹੋਣ ਦੇ ਨਾਲ ਇੱਕ ਇਨਸਾਨ ਵੀ ਹਾਂ। ਕੀ ਸਰਪੰਚ ਜਗੀਰ ਸਿੰਘ ਵਾਸਤੇ ਇਨਸਾਫ਼ ਨਾਮ ਦੀ ਕੋਈ ਚੀਜ਼ ਨਹੀ? ਉਸਨੂੰ ਇਨਸਾਫ਼ ਦਿਵਾਉਣ ਲਈ ਮੈਂ ਕੇਵਲ ਸੱਚ ਦਾ ਸਾਥ ਦਿੱਤਾ ਹੈ ਅਤੇ ਦੋਸ਼ੀਆਂ ਨੂੰ ਸ਼ਜਾਵਾਂ ਦੇਣ ਤੱਕ ਇਹ ਸੰਘਰਸ਼ ਜਾਰੀ ਰੱਖਾਂਗੀ। ਜੇ ਅਜੇ ਵੀ ਤੁਹਾਨੂੰ ਲੱਗਦਾ ਕਿ ਮੈਂ ਕੁੱਝ ਗ਼ਲਤ ਕੀਤਾ ਹੈ ਤਾਂ ਆਪ ਜੀ ਪਿੰਡ ਦੇ ਮੋਹਤਬਾਰ ਹੋ, ਸਿਆਣੇ ਅਤੇ ਸੂਝਵਾਨ ਹੋ। ਜੋ ਕਹੋਗੇ ਮੈਂ ਮੰਨ ਲਵਾਂਗੀ।

ਸਰਪੰਚ ਸਾਹਿਬ ਬੋਲਣ ਲੱਗੇ, 'ਧੀਏ! ਤੇਰੀ ਦਲੇਰੀ ਸਿਰ ਮੱਥੇ ਹੈ, ਜੋ ਵੀ ਹੋਇਆ ਚੰਗਾ ਨਹੀਂ ਹੋਇਆ। ਪਰ ਅੱਜ ਸਾਨੂੰ, ਸਾਡੇ ਸਮਾਜ ਨੂੰ ਬਦਲਣ ਦੀ ਲੋੜ ਹੈ ਕਿ ਹੁਣ ਹੋਰ ਇਨਸਾਨੀ ਕਦਰਾਂ ਕੀਮਤਾਂ ਨੂੰ ਛਿੱਕੇ 'ਤੇ ਨਾ ਟੰਗਿਆ ਜਾਵੇ। ਪ੍ਰਮਾਤਮਾ ਸੱਭ ਦਾ ਭਲਾ ਕਰੇ...' ਅਖ਼ਰ ਪੰਚਾਇਤ ਉੱਠ ਗਈ...

***********

'ਗਿਆਨ ਹੋਣਾ ਅਤੇ ਗਿਆਨ ਵੰਡਣ ਦਾ ਢੰਗ ਹੋਣਾ
ਦੋ ਵੱਖ-ਵੱਖ ਗੱਲਾਂ ਹਨ।' - ਇਕਵਾਕ ਸਿੰਘ ਪੱਟੀ

ਵੱਖ-ਵੱਖ ਥਾਵਾਂ 'ਤੇ ਜਨਤਾ ਵੱਲੋਂ ਸਰਕਾਰੀ ਅਤੇ ਸਿਹਤ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਹੀਂ ਸੀ ਕੀਤੀ ਜਾ ਰਹੀ ਤਾਂ ਮਜ਼ਬੂਰੀ-ਵੱਸ ਸਰਕਾਰ ਨੂੰ ਕਰਫਿਊ ਐਲਾਨਣਾ ਪਿਆ ਤਾਂ ਕਿਤੇ ਲੋਕਾਂ ਵਿੱਚ ਅਵਾਰਾ ਘੁੰਮਣ ਦੇ ਰੁਝਾਨ ਨੂੰ ਠੱਲ੍ਹ ਪਈ। ਉਸਦੇ ਬਾਵਜੂਦ ਘੁੰਮਣ ਫਿਰਨ ਦੇ ਸ਼ੌਕੀਨ ਦਾ ਟਲੇ ਤਾਂ ਪੁਲਿਸ ਕਰਮੀਆਂ ਵੱਲੋਂ ਡਾਂਗ ਵਰ੍ਹਾਉਣ, ਮੁਰਗੇ ਬਣਾਉਣ ਅਤੇ ਬੈਠਕਾਂ ਲਗਾਵਾਉਣ ਦੀਆਂ ਬਹੁਤ ਸਾਰੀਆਂ ਵੀਡੀਓਜ਼ ਵਾਇਰਲ ਹੋਈਆਂ। ਕਿਸੇ ਨੇ ਲੋਕਾਂ ਨੂੰ ਬੁਰਾ ਕਿਹਾ ਅਤੇ ਕਿਸੇ ਨੇ ਪੁਲਿਸ ਮੁਲਾਜ਼ਮਾ ਨੂੰ।

# ਪੁਲਿਸ ਵਾਲਾ



ਆਮ ਅਤੇ ਸ਼ਰੀਫ ਬੰਦਾ ਪੁਲਿਸ ਵਾਲਿਆਂ ਦੇ ਨਾਂ ਤੋਂ ਹੀ ਡਰ ਜਾਂਦਾ ਹੈ। ਸ਼ਾਇਦ ਪੁਲਿਸ ਦੇ ਨਾਮ ਅਤੇ ਵਰਦੀ ਦਾ ਹਊਆ ਹੀ ਇੰਨਾ ਬਣਿਆ ਹੋਇਆ ਹੈ ਕਿ ਪੁਲਿਸ ਦੇ ਦਬਕੇ ਨਾਲ ਆਮ ਨਾਗਰਿਕ ਦਾ ਤ੍ਰਾਹ ਹੀ ਨਿਕਲ ਜਾਂਦਾ ਹੈ ਪਰ ਹਰ ਮਹਿਕਮੇ ਵਿੱਚ ਚੰਗੇ - ਮਾੜੇ ਦੋਹਾਂ ਕਿਸਮਾਂ ਦੇ ਬੰਦੇ ਤਾਂ ਹੁੰਦੇ ਹੀ ਹਨ। ਕੁੱਝ ਪੁਲਿਸ ਵਾਲੇ ਬੁਰੇ ਹੁੰਦੇ ਹੋਣਗੇ, ਬਾਵਜੂਦ ਬਹੁਤਿਆਂ ਨੂੰ ਸਿਸਟਮ ਬੁਰਾ ਬਣਾ ਦਿੰਦਾ ਏ, ਜਾਂ ਉਸ ਸਿਸਟਮ ਵਿੱਚ ਨੌਕਰੀ ਕਰਦੇ ਰਹਿਣ ਲਈ ਬੁਰੇ ਬਣਨਾ ਪੈਂਦਾ ਹੈ। ਅਫ਼ਸਾਰਸ਼ਾਹੀ, ਫੀਤਾਸ਼ਾਹੀ ਅਤੇ ਰਾਜਨੀਤਿਕ ਦਬਾਅ ਬੁਰੇ ਨਾਲ ਚੰਗਾ ਅਤੇ ਚੰਗੇ ਨਾਲ ਬੁਰਾ ਕਰਨ ਲਈ ਪੁਲਿਸ ਵਾਲਿਆਂ ਨੂੰ ਮਜ਼ਬੂਰ ਕਰ ਹੀ ਦਿੰਦਾ ਹੈ।

ਖ਼ੈਰ! ਸਾਲ 2019 ਦੇ ਆਖ਼ੀਰ ਵੱਚ ਸ਼ੁਰੂ ਹੋਈ ਅਤੇ ਸਾਲ 2020 ਦੇ ਆਰੰਭ ਵਿੱਚ ਹੌਲੀ ਹੌਲੀ ਭਾਰਤ ਅੰਦਰ ਫੈਲਦੀ ਜਾ ਰਹੀ ਕਰੋਨਾ ਵਾਇਰਸ ਦੀ ਬਿਮਾਰੀ ਮਾਰਚ ਮਹੀਨੇ ਤੱਕ ਭਿਅੰਕਰ ਰੂਪ ਧਾਰਨ ਕਰ ਚੁੱਕੀ ਸੀ। ਭਾਰਤ ਸਰਕਾਰ ਵੱਲੋਂ ਜਲਦੀ ਵਿੱਚ ਜਨਤਾ ਕਰਫਿਊ ਦਾ ਐਲਾਨ ਕੀਤਾ ਗਿਅਤ ਅਤੇ ਉਸਤੋ ਬਾਅਦ ਮੁਕੰਮਲ ਤਾਲਾਬੰਦੀ ਕਰ ਦਿੱਤੀ ਗਈ। ਵੱਖ-ਵੱਖ ਥਾਵਾਂ 'ਤੇ ਜਨਤਾ ਵੱਲੋਂ ਸਰਕਾਰੀ ਅਤੇ ਸਿਹਤ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਹੀਂ ਸੀ ਕੀਤੀ ਜਾ ਰਹੀ ਤਾਂ ਮਜ਼ਬੂਰੀ-ਵੱਸ ਸਰਕਾਰ ਨੂੰ ਕਰਫਿਊ ਐਲਾਨਣਾ ਪਿਆ ਤਾਂ ਕਿਤੇ ਲੋਕਾਂ ਵਿੱਚ ਅਵਾਰਾ ਘੁੰਮਣ ਦੇ ਰੁਝਾਨ ਨੂੰ ਠੱਲ੍ਹ ਪਈ। ਉਸਦੇ ਬਾਵਜੂਦ ਘੁੰਮਣ ਫਿਰਨ ਦੇ ਸ਼ੌਕੀਨ ਦਾ ਟਲੇ ਤਾਂ ਪੁਲਿਸ ਕਰਮੀਆਂ ਵੱਲੋਂ ਡਾਂਗ ਵਰ੍ਹਾਉਣ, ਮੁਰਗੇ ਬਣਾਉਣ ਅਤੇ ਬੈਠਕਾਂ ਲਗਵਾਉਣ ਦੀਆਂ ਬਹੁਤ ਸਾਰੀਆਂ ਵੀਡੀਓਜ਼ ਵਾਇਰਲ ਹੋਈਆਂ। ਕਿਸੇ ਨੇ ਲੋਕਾਂ ਨੂੰ ਬੁਰਾ ਕਿਹਾ ਅਤੇ ਕਿਸੇ ਨੇ ਪੁਲਿਸ ਮੁਲਾਜ਼ਮਾਂ ਨੂੰ। ਹੱਸਦਿਆਂ-ਖੇਡਦਿਆਂ ਸ਼ੁਰੂ ਹੋਈ ਤਾਲਾਬੰਦੀ ਜੀਅ ਦਾ ਜੰਜਾਲ ਬਣਨ ਲੱਗ ਪਈ। ਲੋੜਵੰਦਾਂ/ਗ਼ਰੀਬਾਂ ਅਤੇ ਮੱਧ ਵਰਗੀ ਪਰਵਾਰਾਂ ਵਿੱਚ ਚੁੱਲ੍ਹੇ ਦਾ ਸੇਕ ਘਟਣਾ ਸ਼ੁਰੂ ਹੋ ਗਿਆ।

ਸਮੇਂ ਦੀ ਮੰਗ ਅਨੁਸਾਰ ਬਹੁਤ ਸਾਰੀਆਂ ਸਰਕਾਰੀ ਜਾਂ ਗ਼ੈਰ ਸਰਕਾਰੀ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਸਮੇਤ ਵਿਅਕਤੀਗਤ ਤੌਰ 'ਤੇ ਵੀ ਲੋਕ ਭਲਾਈ ਦੇ ਕਾਰਜ ਸ਼ੁਰੂ ਹੋ ਗਏ। ਜਗਮੀਤ ਸਿੰਘ ਗੁਰੂ ਦੀ ਸਿੱਖਿਆ ਤੋਂ ਪ੍ਰਣਾਇਆ

ਹੋਇਆ ਨੌਜਵਾਨ ਗੱਭਰੂ ਵੀ ਇਸ ਸੇਵਾ ਵਿੱਚ ਹਿੱਸਾ ਪਾਉਣ ਲਈ ਰੋਜ਼ਾਨਾ ਸਵੇਰੇ ਸਰਕਾਰੀ ਅਤੇ ਸਿਹਤ ਵਿਭਾਗ ਵੱਲੋਂ ਦੱਸੀਆਂ ਗਈਆਂ ਸਾਵਧਾਨੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਘਰੋਂ ਤੁਰਨ ਲੱਗਿਆ ਚਾਰ-ਚਾਰ ਫੁਲਕੇ ਅਤੇ ਵਿੱਚ ਆਚਾਰ ਪਾ ਕੇ, ਲੱਗਭਗ ਆਪਣੀ ਸਮਰੱਥਾ ਅਨੁਸਾਰ 25 ਪੈਕਿਟ ਤਿਆਰ ਕਰ ਲੈਂਦਾ ਅਤੇ ਰਸਤੇ ਵਿੱਚ ਮਿਲਣ ਵਾਲੇ ਭਿਖਾਰੀ ਜਾਂ ਹੋਰ ਅੰਗਹੀਣ ਜਾਂ ਫਿਰ ਗ਼ਰੀਬ ਲੋੜਵੰਦਾਂ ਵਿੱਚ ਉਹ ਪੈਕਿਟ ਵੰਡ ਦਿੰਦਾ। ਹੌਲੀ-ਹੌਲੀ ਇਸ ਗੱਲ ਦੀ ਭਿਣਕ ਆਲੇ ਦੁਆਲੇ ਦੇ ਲੋਕਾਂ ਨੂੰ ਪਈ ਤਾਂ ਪੰਜਾਬੀ ਦੇ ਅਖਾਣ 'ਬੰਦਾ, ਬੰਦੇ ਦਾ ਦਾਰੂ ਹੁੰਦੈ' ਅਨੁਸਾਰ ਹੋਰਨਾਂ ਪਰਿਵਾਰਾਂ ਵੱਲੋਂ ਵੀ ਚਾਰ-ਚਾਰ ਫੁਲਕਿਆਂ ਦੇ ਪੈਕਿਟ ਜਿਸ ਵਿੱਚ ਆਚਾਰ ਜਾਂ ਸੁੱਕੀ ਸਬਜ਼ੀ ਹੁੰਦੀ ਤਿਆਰ ਕਰਕੇ ਜਗਮੀਤ ਸਿੰਘ ਦੇ ਘਰ ਪੁੱਜਦਾ ਕਰ ਦਿੱਤੇ ਜਾਂਦੇ। ਕੋਈ ਪੰਜ ਪੈਕਿਟ ਦੇ ਜਾਂਦਾ ਕੋਈ ਦਸ ਜਾਂ ਕੋਈ ਵੀਹ। ਹੌਲੀ-ਹੌਲੀ ਜਗਮੀਤ ਸਿੰਘ ਵੱਲੋਂ ਪੰਝੀ ਪੈਕਿਟਾਂ ਤੋਂ ਕੀਤੀ ਗਈ ਸ਼ੁਰੂਆਤ ਹੁਣ 250 ਪੈਕਿਟ ਰੋਜ਼ਾਨਾ ਹੋਣ ਲੱਗ ਪਏ ਕਿ ਹੌਲੀ ਹੌਲੀ ਗਿਣਤੀ ਇੱਕ ਹਜ਼ਾਰ ਪੈਕਿਟਾਂ ਤੱਕ ਪੁੱਜ ਗਈ।

ਜਿਵੇਂ ਹੀ ਉਸਦੀ ਕਾਰ ਸਬੰਧਿਤ ਇਲਾਕਿਆਂ ਵਿੱਚ ਨਿਕਲਦੀ ਤਾਂ ਲੋਕ ਪੂਰੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਦੱਸੀ ਗਈ ਦੂਰੀ ਬਣਾ ਕੇ ਕਾਰ ਦੇ ਦੁਆਲੇ ਆ ਖੜ੍ਹਦੇ। ਜਿਸ ਜਿਸ ਗਲੀ ਵਿੱਚ ਜਗਮੀਤ ਸਿੰਘ ਦੀ ਕਾਰ ਗੁਜ਼ਰਦੀ, ਕਾਰ ਦੇ ਹਾਰਨ ਦੀ ਅਵਾਜ਼ ਅਤੇ ਦੁਪਿਹਰ ਦੇ ਸਮੇਂ ਹਰੇਕ ਨੂੰ ਪਹਿਲਾਂ ਹੀ ਇੰਤਜ਼ਾਰ ਜਿਹਾ ਹੁੰਦਾ ਸੀ। ਸੜਕਾਂ ਤੇ ਸੁੰਨ-ਸਾਨ ਹੁੰਦੀ, ਪੁਲਿਸ ਦੇ ਨਾਕੇ ਹੁੰਦੇ, ਬੈਰੀਗੇਟ ਲੱਗੇ ਹੁੰਦੇ, ਇਸ ਸੱਭ ਦੇ ਬਾਵਜੂਦ ਜਗਮੀਤ ਸਿੰਘ ਦੀ ਕਾਰ ਨੂੰ ਕੋਈ ਨਾ ਰੋਕਦਾ ਅਤੇ ਉਸਦੀ ਕਾਰ ਲਈ ਪੁਲਿਸ ਵਾਲੇ ਵੀ ਰਸਤਾ ਖੋਲ੍ਹ ਦਿੰਦੇ।

ਤਾਲਾਬੰਦੀ ਨੂੰ 40 ਦਿਨ ਤੋਂ ਵੱਧ ਦਾ ਸਮਾਂ ਹੋ ਗਿਆ ਸੀ ਅਤੇ ਪਿਛਲੇ 34 ਦਿਨਾਂ ਤੋਂ ਜਗਮੀਤ ਸਿੰਘ ਇਸ ਸੇਵਾ ਵਿੱਚ ਲੱਗਿਆ ਹੋਇਆ ਸੀ। ਅੱਗੇ ਕਿੰਨਾ ਸਮਾਂ ਹੋਰ ਤਾਲਾਬੰਦੀ ਦਾ ਦੌਰ ਰਹਿਣਾ ਇਸ ਬਾਰੇ ਕੁੱਝ ਵੀ ਸਪੱਸ਼ਟ ਨਹੀਂ ਸੀ। ਹਰੇਕ ਦੀ ਜ਼ੁਬਾਨ 'ਤੇ ਜਗਮੀਤ ਸਿੰਘ ਦਾ ਨਾਂ ਸੀ ਕਿਉਂਕਿ ਸੋਸ਼ਲ ਮੀਡੀਆ ਉੱਤੇ ਉਸਦੀ ਸੇਵਾ ਦੀਆਂ ਵੀਡੀਉਜ਼ ਵਾਇਰਲ ਹੋ ਰਹੀਆਂ ਸਨ ਅਤੇ ਉਹ ਲੋਕਾਂ ਵਿਚ ਹਰਮਨ ਪਿਆਰਾ ਬਣ ਰਿਹਾ ਸੀ।

ਅਚਾਨਕ ਇੱਕ ਦਿਨ ਪੁਲਿਸ ਦੀ ਸਾਈਰਨ ਮਾਰਦੀ ਜਿਪਸੀ ਲੰਘੀ, ਜਿਸ ਵਿੱਚ ਜਗਮੀਤ ਸਿੰਘ ਵੀ ਨਾਲ ਬੈਠਾ ਹੋਇਆ ਸੀ, ਜਦ ਇਸ ਬਾਰੇ ਲੋਕਾਂ ਨੂੰ ਪਤਾ ਲੱਗਾ ਤਾਂ ਤਰ੍ਹਾਂ-ਤਰ੍ਹਾਂ ਦੀਆਂ ਗੱਲਾ ਹੋਣ ਲੱਗ ਪਈਆਂ। ਹਮੇਸ਼ਾਂ ਦੀ ਤਰ੍ਹਾਂ ਕੁੱਝ ਲੋਕਾਂ ਨੇ ਪੁਲਿਸ ਨੂੰ ਮਾੜਾ-ਚੰਗਾ ਕਹਿਣਾ ਸ਼ੁਰੂ ਕਰ ਦਿੱਤਾ ਕਿ ਪੁਲਿਸ ਨੂੰ ਸੇਵਾ ਕਰਦੇ ਲੋਕ ਵੀ ਚੰਗੇ ਨਹੀਂ ਲੱਗਦੇ। ਕੁੱਝ ਲੋਕਾਂ ਨੇ ਸਾਂਝੇ ਤੌਰ 'ਤੇ ਥਾਣੇ ਦਾ ਘਿਰਾਓ

ਕਰਨ ਦੀ ਵੀ ਸੋਚੀ, ਪਰ ਕਿਸੇ ਵੀ ਤਰ੍ਹਾਂ ਦੇ ਇਕੱਠ ਅਤੇ ਘਰੋਂ ਨਿਕਲਣ 'ਤੇ ਪੂਰਨ ਪਾਬੰਦੀ ਲੱਗੀ ਹੋਈ ਸੀ ਅਤੇ ਥਾਂ-ਪੁਰ-ਥਾਂ ਪੁਲਿਸ ਦੇ ਨਾਕੇ ਲੱਗੇ ਹੋਏ ਸਨ।

ਉਸੇ ਦਿਨ ਪੁਲਿਸ ਥਾਣੇ ਦੇ ਅੰਦਰੋਂ ਜਗਮੀਤ ਸਿੰਘ ਨੇ ਵੀਡੀਉ ਬਣਾ ਕੇ ਸੋਸ਼ਲ ਮੀਡੀਆ ਉੱਤੇ ਸ਼ੇਅਰ ਕਰ ਦਿੱਤੀ, ਜਿਸ ਨੇ ਪੂਰੀ ਇਲਾਕੇ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ। ਉਸ ਵੀਡੀਉ ਵਿੱਚ ਜਗਮੀਤ ਸਿੰਘ ਕਹਿ ਰਿਹਾ ਸੀ, 'ਮੈਨੂੰ ਪਿਆਰ ਕਰਨ ਵਾਲਿਆਂ ਅਤੇ ਸਤਿਕਾਰ ਦੇਣ ਵਾਲਿਆਂ ਦਾ ਤਹਿ ਦਿਲੋਂ ਧੰਨਵਾਦ, ਜਿਨ੍ਹਾਂ ਨੇ ਮੇਰੀ ਫਿਕਰ ਕੀਤੀ ਉਹਨਾਂ ਦਾ ਵੀ ਸ਼ੁਕਰੀਆ ਹੈ। ਮੇਰੀ ਪੁਲਿਸ ਜਿਪਸੀ ਵਿੱਚ ਬੈਠੇ ਦੀਆਂ ਫ਼ੋਟੋਆਂ ਅਤੇ ਵੀਡੀਉ ਕਲਿੱਪ ਵਾਇਰਲ ਕੀਤੇ ਜਾ ਰਹੇ ਹਨ, ਪਰ ਸੱਚ ਇਹ ਹੈ ਕਿ ਮੈਨੂੰ ਪੁਲਿਸ ਨੇ ਜੀਪ ਵਿੱਚ ਨਹੀਂ ਬਿਠਾਇਆ, ਸਗੋਂ ਮੈਂ ਆਪਣੀ ਮਰਜ਼ੀ ਅਤੇ ਲੋੜ ਮੁਤਾਬਿਕ ਪੁਲਿਸ ਜੀਪ ਵਿੱਚ ਬੈਠਾ ਸੀ, ਕਿਉਂਕਿ ਸਮਾਜ ਸੇਵੀ ਹੋਣਾ ਮੇਰਾ ਧਰਮ ਹੈ, ਪਰ ਪੁਲਿਸ ਦੀ ਜੀਪ ਵਿੱਚ ਬੈਠ ਕੇ ਘੁੰਮਣਾ ਮੇਰੀ ਡਿਊਟੀ ਹੈ, ਕਿਉਂਕਿ ਮੈਂ ਪੇਸ਼ੇ ਵੱਜੋਂ ਇੱਕ ਪੁਲਿਸ ਵਾਲਾ ਹਾਂ।' ਦੋਸਤੋ! ਬਹੁਤ ਨਾਜ਼ੁਕ ਦੌਰ ਚੱਲ ਰਿਹਾ ਹੈ, ਕਿਸੇ ਵੀ ਵੀਡੀਉ ਜਾਂ ਫੋਟੋ ਨੂੰ ਬਿਨ੍ਹਾਂ ਸੋਚੇ ਸਮਝੇ ਅਤੇ ਜਾਣੇ ਸ਼ੇਅਰ ਨਾ ਕਰਿਆ ਕਰੋ, ਅਫ਼ਵਾਹਾਂ ਤੋਂ ਬਚੋ, ਘਰੇ ਰਹੋ ਸਰੁੱਖਿਅਤ ਰਹੋ! ਤੁਹਾਡਾ ਜਗਮੀਤ ਸਿੰਘ... ਧੰਨਵਾਦ।

ਲੋਕਾਂ ਵਿੱਚ ਇੱਕ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਪੁਲਿਸ ਵਾਲਿਆਂ ਪ੍ਰਤੀ ਸਤਿਕਾਰ ਪੈਦਾ ਹੋ ਗਿਆ। ਕੁੱਝ ਲੋਕ ਕਹਿ ਰਹੇ ਸਨ ਆਖਰ ਪੁਲਿਸ ਵਾਲੇ ਵੀ ਤਾਂ ਇਨਸਾਨ ਹੀ ਹੁੰਦੇ ਹਨ, ਪਰ ਜੇਕਰ ਸਾਰੇ ਪੁਲਿਸ ਵਾਲੇ ਇਨਸਾਨੀਅਤ ਪਹਿਚਾਣ ਲੈਣ ਅਤੇ ਜਗਮੀਤ ਸਿੰਘ ਦੇ ਜੀਵਣ ਤੋਂ ਸੇਧ ਲੈਣ ਤਾਂ ਲੋਕਾਂ ਲਈ ਪੁਲਿਸ, ਕਾਨੂੰਨ ਪ੍ਰਤੀ ਡਰ-ਭੈਅ ਖਤਮ ਹੋ ਜਾਵੇਗਾ ਅਤੇ ਸਦੀਵੀਂ ਸਤਿਕਾਰ ਬਣ ਜਾਵੇਗਾ।

***********

'ਮਨੁੱਖ ਨੂੰ, ਮਨੁੱਖ ਦਾ ਦਰਦ ਸਮਝਣ ਦੀ ਲੋੜ ਹੈ ਨਹੀਂ ਤਾਂ
ਮਨੁੱਖਤਾ ਹਮੇਸ਼ਾਂ ਲਈ ਖ਼ਤਮ ਹੋ ਜਾਏਗੀ।' - ਇਕਵਾਕ ਸਿੰਘ ਪੱਟੀ



ਨਵੇਂ ਸਾਲ ਦਾ ਆਗਾਜ਼ ਹੋਣ ਵਾਲਾ ਸੀ। ਲੋਕ ਸੱਜ ਸੰਵਰ ਰਹੇ ਸਨ ਤਾਂ ਕਿ ਚੜ੍ਹਦੇ ਵਰ੍ਹੇ ਨੂੰ ਖੁਸ਼ਾਮਦੀਦ ਆਖਿਆ ਜਾ ਸਕੇ। ਸਰਬਜੀਤ ਨੇ ਰੀਤ ਨੂੰ ਫ਼ੋਨ ਕੀਤਾ ਤੇ ਜਲਦੀ ਕਾਫੀ ਸ਼ਾਪ 'ਤੇ ਮਿਲਣ ਨੂੰ ਕਿਹਾ। ਮਿੱਥੇ ਸਮੇਂ ਤੇ ਰੀਤ ਅਤੇ ਸਰਬਜੀਤ ਇੱਕ ਦੂਜੇ ਦੇ ਸਾਹਮਣੇ ਬੈਠੇ ਸਨ। ਸਰਬਜੀਤ ਕਹਿ ਰਿਹਾ ਸੀ, ਮੰਗ ਕੀ ਮੰਗਦੀ ਏਂ? ਅੱਜ ਸਾਲ ਦਾ ਆਖਰੀ ਦਿਨ ਹੈ...

# ਆਖ਼ਰੀ ਦਿਨ



25 ਦਸੰਬਰ ਦੀ ਰਾਤ ਮੋਬਾਇਲ ਫ਼ੋਨ 'ਤੇ ਘੰਟੀ ਵੱਜੀ, ਮੋਬਾਇਲ ਜੇਬ ਵਿੱਚੋਂ ਬਾਹਰ ਕੱਢਿਆ ਤਾਂ ਰੀਤ ਦਾ ਫ਼ੋਨ ਆ ਰਿਹਾ ਸੀ। ਰਾਤ ਵੇਲੇ ਅਚਾਨਕ ਰੀਤ ਦਾ ਫ਼ੋਨ ਆਉਣ ਤੇ, ਸਰਬਜੀਤ ਕਾਫੀ ਹੈਰਾਨ ਸੀ, ਸੋਚਾਂ ਦੀ ਤੇਜ਼ ਘੁੰਮ ਰਹੀ ਚਰਖੀ ਨੂੰ ਰੋਕਦੇ ਹੋਏ, ਫ਼ੋਨ ਰਿਸੀਵ ਕੀਤਾ। ਅੱਗੋਂ ਰੀਤ, ਕੋਈ ਗੱਲ ਸ਼ੁਰੂ ਕਰਦੀ, ਉਹ ਬੱਸ! ਆਈ ਲਵ ਯੂ ਸਬੂ! ਆਈ ਲਵ ਯੂ ਸਬੂ!! ਵਾਰ-ਵਾਰ ਦੁਹਰਾ ਰਹੀ ਸੀ। ਰੀਤ ਸਰਬਜੀਤ ਨੂੰ ਪਿਆਰ ਨਾਲ ਸਬੂ ਕਹਿੰਦੀ ਸੀ।

ਸਰਬਜੀਤ ਨੇ ਵੀ ਜੁਆਬ ਵਿੱਚ ਲਵ ਯੂ ਟੂ ਕਹਿੰਦਿਆਂ ਕਿਹਾ, ਦੱਸ ਤਾਂ ਸਹੀ, ਹੋਇਆ ਕੀ ਹੈ? ਰੀਤ ਕਹਿਣ ਲੱਗੀ, 'ਤੁਸੀਂ ਆਪ ਬੁੱਝੋ।'

ਸਰਬਜੀਤ ਕਹਿਣ ਲੱਗਾ, 'ਨਹੀਂ ਤੁਸੀਂ ਦੱਸੋ! ਰੀਤ।'

ਓ.ਕੇ ਸਬੂ, ਆਈ ਲਵ ਯੂ ਯਾਰ, ਮੈਂ ਅੱਜ ਆਪਣੇ ਘਰ ਤੇਰੇ ਮੇਰੇ ਬਾਰੇ ਗੱਲ ਕਰ ਲਈ ਹੈ ਅਤੇ ਮੌਮ ਡੈਡ ਨੇ ਹਾਂ ਕਰ ਦਿੱਤੀ ਏ। ਐਮ ਸੋ ਹੈਪੀ ਸਬੂ। ਬੱਸ ਹੁਣ ਨਵਾਂ ਸਾਲ ਚੜ੍ਹਨ ਤੋਂ ਪਹਿਲਾਂ ਤੁਸੀਂ ਵੀ ਆਪਣੇ ਘਰ ਗੱਲ ਕਰੋ ਤੇ ਨਵਾਂ ਸਾਲ, ਨਵੀਂ ਜ਼ਿੰਦਗੀ, ਨਵੀਂ ਦੁਨੀਆਂ ਵਾਓਓਓਓ !!!

ਅੱਛਾ! ਅੱਛਾ!! ਬੇਬੇ ਹੁਣ ਛੁਦੈਣ ਨਾ ਬਣੀ ਜਾਹ, ਮੈਂ ਕਰਦਾ ਗੱਲ ਆਪਣੇ ਘਰ ਵੀ। ਸਰਬਜੀਤ, ਰੀਤ ਦੇ ਮੂੰਹੋਂ ਇਹ ਸਭ ਕੁੱਝ ਸੁਣ ਕੇ ਬਹੁਤ ਖੁਸ਼ ਹੋਇਆ। ਨਵੇਂ ਵਰ੍ਹੇ ਦੀ ਆਮਦ ਨਾਲ, ਨਵੀਂ ਜ਼ਿੰਦਗੀ ਦੀ ਸ਼ੁਰੂਆਤ ਦੇ ਸੁਪਨੇ ਸਜਾਉਣ ਲੱਗ ਪਿਆ। ਖੈਰ! ਅਗਲੀ ਸਵੇਰ ਸਰਬਜੀਤ ਨੇ ਹੌਂਸਲਾ ਜਿਹਾ ਕਰਕੇ ਆਪਣੀ ਬੇਬੇ ਨਾਲ ਆਪਣੇ ਵਿਆਹ ਦੀ ਗੱਲ ਆਪ ਹੀ ਖੋਲ੍ਹ ਲਈ।

ਥੋੜ੍ਹੇ ਟਾਲ-ਮਟੋਲ ਤੋਂ ਬਾਅਦ ਬੇਬੇ ਨੇ, ਕੁੱਝ ਸਮਾਂ ਸੋਚਣ ਲਈ ਮੰਗਿਆ। ਪਰ ਗੱਲਬਾਤ ਦੌਰਾਨ ਬੇਬੇ ਦੇ ਹਾਂ-ਪੱਖੀ ਵਤੀਰੇ ਤੋਂ ਸਰਬਜੀਤ ਕਾਫੀ ਆਸਮੰਦ ਸੀ। ਜੋ ਕੁੱਝ ਗੱਲਾਂ-ਬਾਤਾਂ ਹੋਈਆਂ, ਸਰਬਜੀਤ ਨੇ ਸਾਰੀਆਂ ਰੀਤ ਨੂੰ ਹੂ-ਬ-ਹੂ ਦੱਸ ਦਿੱਤੀਆਂ। ਰੀਤ ਨੇ ਰੱਬ ਅੱਗੇ ਦੁਆ ਕੀਤੀ ਕਿ ਹੁਣ ਤੁਹਾਡੇ ਵੱਲ ਨਾ ਕੋਈ ਪੰਗਾ ਪਾਵੇ ਤਾਂ ਸਾਡੀ ਜ਼ਿੰਦਗੀ ਖੁਸ਼ੀਆਂ ਨਾਲ ਭਰ ਜਾਵੇਗੀ।

ਅੱਜ ਸਾਲ ਦੇ ਆਖਰੀ ਮਹੀਨੇ ਦੀ ਆਖਰੀ ਤਰੀਕ ਸੀ ਇਕੱਤੀ ਦਸੰਬਰ।

ਦਿਨ ਤਾਂ ਆਮ ਵਾਂਗ ਹੀ ਸੀ, ਜਿਵੇਂ ਰੋਜ਼ ਦਾ ਹੁੰਦਾ, ਬੱਸ ਇਨਸਾਨੀ ਫ਼ਿਤਰਤ ਹੀ ਸੋਚ-ਵਿਚਾਰਾਂ ਵਿੱਚ ਪੈ ਕੇ ਕਿਸੇ ਦਿਨ ਨੂੰ ਖ਼ਾਸ ਜਾਂ ਆਮ ਬਣਾ ਦਿੰਦੀ ਹੈ। ਨਵੇਂ ਸਾਲ ਦਾ ਆਗਾਜ਼ ਹੋਣ ਵਾਲਾ ਸੀ। ਲੋਕ ਸੱਜ ਸੰਵਰ ਰਹੇ ਸਨ ਤਾਂ ਕਿ ਚੜ੍ਹਦੇ ਵਰ੍ਹੇ ਨੂੰ ਖੁਸ਼ਾਮਦੀਦ ਆਖਿਆ ਜਾ ਸਕੇ।

ਸਰਬਜੀਤ ਨੇ ਰੀਤ ਨੂੰ ਫ਼ੋਨ ਕੀਤਾ ਤੇ ਜਲਦੀ ਕੌਫ਼ੀ ਸ਼ਾਪ 'ਤੇ ਮਿਲਣ ਨੂੰ ਕਿਹਾ। ਮਿੱਥੇ ਸਮੇਂ ਤੇ ਰੀਤ ਅਤੇ ਸਰਬਜੀਤ ਇੱਕ ਦੂਜੇ ਦੇ ਸਾਹਮਣੇ ਬੈਠੇ ਸਨ। ਸਰਬਜੀਤ ਕਹਿ ਰਿਹਾ ਸੀ, ਮੰਗ ਕੀ ਮੰਗਦੀ ਏਂ? ਅੱਜ ਸਾਲ ਦਾ ਆਖਰੀ ਦਿਨ ਹੈ, ਇਸ ਸਾਲ ਵਿੱਚ ਬਹੁਤ ਸਾਰੇ ਤੋਹਫੇ ਤੂੰ ਲਏ ਨੇ ਮੇਰੇ ਕੋਲੋਂ। ਅੱਜ ਵੀ ਕੁੱਝ ਨਾ ਕੁੱਝ ਜ਼ਰੂਰ ਦੱਸ ਜੋ ਤੇਰੀ ਮਰਜ਼ੀ ਦਾ ਹੋਵੇ, ਮੈਂ ਹੁਣੇ ਲਿਆ ਕੇ ਦੇਵਾਂਗਾ।

ਰੀਤ ਕਹਿਣ ਲੱਗੀ, ਮੈਨੂੰ ਤਾਂ ਤੁਸੀਂ ਚਾਹੀਦੇ ਹੋ, ਹਮੇਸ਼ਾਂ-ਹਮੇਸ਼ਾਂ ਲਈ, ਬੱਸ ਹੋਰ ਕੁੱਝ ਨਹੀਂ ਚਾਹੀਦਾ। ਤਾਂ ਸਰਬਜੀਤ ਕਹਿਣ ਲੱਗਾ, ਅੱਜ ਸਵੇਰੇ ਹੀ ਮੇਰੀ ਬੇਬੇ ਨੇ ਮੇਰੇ ਨਾਲ ਗੱਲ ਕੀਤੀ ਸੀ, ਆਪਣੇ ਦੋਹਾਂ ਬਾਰੇ। ਰੀਤ ਇੱਕ ਦਮ ਗੱਲ ਸੁਣਨ ਲਈ ਤਿਆਰ ਹੋ ਗਈ ਤੇ ਕਹਿਣ ਲੱਗੀ, 'ਅੱਛਾ ਫਿਰ ਦੱਸੋ? ਕੀ ਕਿਹਾ ਮੰਮੀ ਨੇ, ਉਹ ਮੰਨ ਗਏ? ਤੁਹਾਡੇ ਮੇਰੇ ਵਿਆਹ ਲਈ?'

ਸਰਬਜੀਤ ਥੋੜ੍ਹਾ ਜਿਹਾ ਹੋਰ ਰੋਮਾਂਚ ਪੈਦਾ ਕਰਨਾ ਚਾਹੁੰਦਾ ਸੀ, ਕਹਿਣ ਲੱਗਾ, 'ਤੈਨੂੰ ਕੀ ਦੱਸਾਂ ਤੇ ਕੀ ਨਾਂਹ ਦੱਸਾਂ? ਬੱਸ ਮੇਰੇ ਬੇਬੇ ਦਾ ਵੀ ਨਾ ਕੋਈ ਹਾਲ ਨਹੀਂ ਹੈ। ਗੱਲ ਉਸ ਨਾਲ ਕੁੱਝ ਕਰਦੇ ਹਾਂ, ਬਣਾ ਕੁੱਝ ਲੈਂਦੀ ਹੈ, ਸੋਚਦੀ ਕੁੱਝ ਹੈ, ਦੱਸਦੀ ਕੁੱਝ ਹੈ।'

ਰੀਤ ਹੈਰਾਨ-ਪ੍ਰੇਸ਼ਾਨ ਹੋਈ ਜਾ ਰਹੀ ਸੀ।

ਪਲੀਜ਼ ਸਬੂ! 'ਦੱਸੋ ਨਾ! ਸਾਡੇ ਬਾਰੇ ਕੀ ਕਿਹਾ ਮੌਮ ਨੇ?'

ਓ.ਕੇ. ਬਾਬਾ! ਉਹੀ ਦੱਸ ਰਿਹਾ ਹਾਂ। ਬੇਬੇ ਕਹਿੰਦੀ ਹੈ ਕਿ, 'ਮੈਨੂੰ ਰੀਤ ਪਸੰਦ ਹੈ? ਉਹਨੂੰ ਪੁੱਛ ਲੋਹੜੀ ਸਾਡੇ ਘਰ ਮਨਾਉਣੀ ਜਾਂ ਆਪਣੇ ਘਰ 'ਚ ਹੀ?

ਰੀਤ ਦਾ ਚਿਹਰਾ ਸੂਹੇ ਗੁਲਾਬ ਦੇ ਫੁੱਲ ਵਾਂਗ ਖਿੜ ਗਿਆ। ਇੱਕਦਮ ਚਹਿਕ ਉਠੀ।

ਓਹ ਮਾਈ ਗਾਡ, ਸਬੂ... ਐਮ ਸੋ ਹੈਪੀ, ਸੱਚੀਂ ਬਹੁਤ ਖੁਸ਼ ਹਾਂ। ਆਈ ਲਵ ਯੂ, ਆਈ ਲਵ ਯੂ ਸੋ ਮੱਚ।

ਚੱਲ ਬੱਸ ਕਰ, ਹੁਣ ਦੱਸ ਕੀ ਆਰਡਰ ਕਰਾਂ? ਕੌਫ਼ੀ ਜਾਂ ਕੁੱਝ ਹੋਰ?

ਨਹੀਂ ਮੈਨੂੰ ਕੁੱਝ ਨਹੀਂ ਚਾਹੀਦਾ। ਹੁਣ ਸਭ-ਕੁੱਝ ਮਿਲ ਗਿਆ। ਲੋਕਾਂ ਲਈ ਸਾਲ ਦਾ ਅੱਜ ਆਖਰੀ ਦਿਨ ਹੈ, ਪਰ ਮੇਰੇ ਲਈ ਨਵਾਂ ਸਾਲ ਚੜ੍ਹ ਗਿਆ ਹੈ। ਮੈਨੂੰ ਵਿਸ਼ਵਾਸ਼ ਨਹੀਂ ਹੋ ਰਿਹਾ। ਸੱਚੀਂ ਮੈਨੂੰ ਹੁਣ ਜਲਦੀ ਆ ਕੇ ਹਮੇਸ਼ਾਂ ਹਮੇਸ਼ਾਂ

ਲਈ ਆਪਣੇ ਨਾਲ ਲੈ ਜਾਓ !

ਆਪਣੇ ਮੌਮ-ਡੈਡ ਨੂੰ ਜਲਦੀ ਜਲਦੀ ਗੱਲ ਕਰਨ ਲਈ ਭੇਜੋ।

ਸਰਬਜੀਤ ਨੇ ਰੀਤ ਦੇ ਹੱਥਾਂ ਨੂੰ ਆਪਣੇ ਹੱਥਾਂ ਵਿੱਚ ਲਿਆ, ਕਹਿਣ ਲੱਗਾ, 'ਸਬਰ ਕਰ ਸਬਰ, ਰਿਲੈਕਸ ਹੋ ਜਾ ਘੜੀ। ਐਨੀ ਉਤਾਵਲੀ ਕਿਉਂ ਹੋ ਗਈ ਏਂ?'

ਜਿਵੇਂ ਕਹੇਂਗੀ ਉਵੇਂ ਹੀ ਹੋਊ ਪਰ ਤੂੰ ਦੱਸਿਆ ਨਹੀਂ ਜੋ ਬੇਬੇ ਨੇ ਪੁੱਛਿਆ ਸੀ ਕਿ, 'ਲੋਹੜੀ ਆਪਣੇ ਪੇਕੇ ਘਰ ਜਾਂ ਸਹੁਰੇ ਘਰ ਮਨਾਉਣੀ?

ਰੀਤ ਨੇ ਜੁਆਬ ਦਿੱਤਾ, ਲੋਹੜੀ ਕੀ ਮੈਂ ਤਾਂ ਨਵਾਂ ਸਾਲ ਵੀ ਤੁਹਾਡੇ ਘਰ ਹੀ ਮਨਾਉਣਾ ਹੈ। ਸਾਲ ਦੇ ਇਹ ਆਖ਼ਰੀ ਦਿਨ ਸਾਡੇ ਲਈ ਕਿੰਨੀਆਂ ਖ਼ੁਸ਼ੀਆਂ ਲੈ ਕੇ ਆਇਆ ਕਿ ਚੜ੍ਹਨ ਵਾਲੇ ਨਵੇਂ ਸਾਲ ਦਾ ਦਿਨ ਮੇਰੇ ਲਈ ਖ਼ੁਸ਼ੀਆਂ ਭਰਿਆ ਪਹਿਲਾਂ ਹੀ ਬਣ ਗਿਆ। ਖ਼ੁਸ਼ੀਆਂ ਦੇ ਨਾਲ ਹੀ ਮੇਰਾ ਨਵਾਂ ਸਾਲ ਚੜ੍ਹੇਗਾ। ਮੈਂ ਬਹੁਤ ਖੁਸ਼ ਹਾਂ ਸਬੂ। ਆਈ ਲਵ ਯੂ ਸਬੂ।

ਸਰਬਜੀਤ ਨੇ ਉਸਦੇ ਹੱਥ ਛੱਡੇ ਅਤੇ ਇੱਕ ਦਮ ਖੜ੍ਹਾ ਹੋ ਕੇ, ਰੀਤ ਨੂੰ ਧੱਕਾ ਦੇ ਕੇ ਉਸਨੂੰ ਕੁਰਸੀ ਤੋਂ ਹੇਠਾਂ ਸੁੱਟ ਦਿੱਤਾ। ਰੈਸਟੋਰੈਂਟ ਦੇ ਬਾਹਰਲੇ ਪਾਸਿਉਂ ਸ਼ੀਸ਼ਾ ਚੀਰਦੀ ਹੋਈ ਇੱਕ ਗੋਲੀ ਸਰਬਜੀਤ ਦੀ ਹਿੱਕ ਵੀ ਚੀਰ ਗਈ। ਇੱਕ ਨਹੀਂ ਗੋਲੀਆਂ ਦੀ ਜਿਵੇਂ ਵਾਛੜ ਹੀ ਗਈ। ਸੱਭ ਲੋਕ ਜਾਨਾਂ ਬਚਾਉਣ ਲਈ ਇੱਧਰ-ਉੱਧਰ ਭੱਜਣ ਲੱਗੇ। ਰੀਤ ਦੀ ਜਾਨ ਵੀ ਸਬੂ ਕਰਕੇ ਬੱਚ ਗਈ।

ਕੁੱਝ ਪਲਾਂ ਵਿੱਚ ਖ਼ਬਰਾਂ ਚੈਨਲਾਂ 'ਤੇ ਚੱਲ ਪਈਆਂ ਕਿ ਸ਼ਹਿਰ ਵਿੱਚ ਹੋਏ ਇੱਕ ਅੱਤਵਾਦੀ ਹਮਲੇ ਦੌਰਾਨ ਸੈਂਕੜੇ ਲੋਕਾਂ ਦੀ ਮੌਤ ਹੋ ਗਈ ਅਤੇ ਨਵੇਂ ਸਾਲ ਦੇ ਜਸ਼ਨ ਦੇਸ਼ ਵਾਸੀਆਂ ਲਈ ਗ਼ਮ ਵਿੱਚ ਬਦਲ ਗਏ।

***********

'ਮਨੁੱਖ ਨੂੰ, ਮਨੁੱਖ ਦਾ ਦਰਦ ਸਮਝਣ ਦੀ ਲੋੜ ਹੈ ਨਹੀਂ ਤਾਂ
ਮਨੁੱਖਤਾ ਹਮੇਸ਼ਾਂ ਲਈ ਖ਼ਤਮ ਹੋ ਜਾਏਗੀ।' - ਇਕਵਾਕ ਸਿੰਘ ਪੱਟੀ



ਮੇਰਾ ਵਿਆਹ ਦੋ ਸਾਲ ਪਹਿਲਾਂ ਹੋਇਆ ਸੀ, ਲੜਕੇ ਵਾਲੇ ਬਹੁਤ ਚੰਗੇ ਸੀ, ਖਾਨਦਾਨੀ ਹੋਣ ਕਰਕੇ ਮੇਰਾ ਵਿਆਹ ਉੱਥੇ ਕਰ ਦਿੱਤਾ ਗਿਆ, ਪਰ ਬਾਅਦ ਵਿੱਚ ਮੈਨੂੰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਕਿਸੇ ਨੇ ਉਹਨਾਂ ਨੂੰ ਮੇਰੇ ਪਹਿਲਾਂ ਹੋਏ ਤਲਾਕ ਬਾਰੇ ਦੱਸ ਦਿਤਾ ਤਾਂ ਉਹਨਾਂ ਨੇ ਮੇਰੇ ਨਾਲ ਕੁੱਟ-ਮਾਰ ਵੀ ਕਰਨੀ ਸ਼ੁਰੂ ਕਰ ਦਿੱਤੀ। ਦਿਨ-ਬ-ਦਿਨ ਮੇਰੇ ਉੱਤੇ ਤਸ਼ੱਦਦ...



# ਨੂਰ ਪਬਲੀਕੇਸ਼ਨ

ਆਪਣੇ ਪੁਰਾਣੇ ਅਤੇ ਇਮਾਨਦਾਰ ਨੌਕਰ ਨੂੰ ਖੁਸ਼ੀ-ਖੁਸ਼ੀ ਦੱਸਦਿਆਂ ਨਵਨੀਤ ਨੇ ਕਿਹਾ, ਬਾਬੂ ਜੀ ! ਮੈਂ ਜ਼ਰਾ ਸਾਹਬ ਦੇ ਆਫਿਸ ਚੱਲੀ ਹਾਂ ਤੇ ਉੱਥੋਂ ਅਸੀਂ ਕਿਤੇ ਅੱਗੇ ਕਿਸੇ ਕੰਮ ਜਾਣਾ ਹੈ, ਅੱਜ ਤੁਹਾਡੇ ਸਾਹਬ ਦੀ ਕੰਪਨੀ ਨੂੰ ਵਿਦੇਸ਼ ਤੋਂ ਵੱਡਾ ਆਰਡਰ ਮਿਲਿਆ ਹੈ, ਉਸੇ ਦੀ ਖੁਸ਼ੀ ਵਿੱਚ ਸ਼ਾਮੀਂ ਡਿਨਰ ਬਾਹਰ ਹੀ ਕਰ ਆਉਣਾ ਹੈ, ਕੁੱਝ ਬਣਾਈ ਨਾਂਹ । ਨਾਲੇ ਦੱਸ ਦੇ ਜੇ ਤੂੰ ਕੁੱਝ ਮੰਗਵਾਉਣਾ ਹੈ...??

ਬਾਬੂ ਨੇ ਆਸੀਸ ਦਿੰਦਿਆਂ ਕਿਹਾ ਜਿਉਂਦੇ ਵੱਸਦੇ ਰਹੋ ਪੁੱਤ ! ਮੈਨੂੰ ਕੁੱਝ ਨਹੀਂ ਚਾਹੀਦਾ ਤੇ ਮਾਲਕ ਨੂੰ ਮੇਰੇ ਵੱਲੋਂ ਵਧਾਈ ਦੇਣਾ। ਇੰਨਾ ਕਹਿ ਕੇ ਨਵਨੀਤ ਆਪਣੀ ਕਾਰ ਵਿੱਚ ਬੈਠ ਕੇ ਆਫੀਸ ਵੱਲ ਨੂੰ ਚੱਲ ਪਈ, ਡਰਾਈਵਰ ਛੁੱਟੀ 'ਤੇ ਹੋਣ ਕਰਕੇ ਅੱਜ ਨਵਨੀਤ ਖੁਦ ਡਰਾਈਵ ਕਰ ਰਹੀ ਸੀ।

ਨਵਨੀਤ ਕੌਰ ਨੂਰ, ਜੋ ਕਿ ਨੂਰ ਪਬਲੀਕੇਸ਼ਨ ਦੇ ਮਾਲਕ ਦੀ ਘਰਵਾਲੀ ਸੀ। ਜਿਸਨੇ ਕੇਵਲ ਦੋ ਸਾਲਾਂ ਦੀ ਮਿਹਨਤ ਨਾਲ ਹੀ, ਨੂਰ ਪਬਲੀਕੇਸ਼ਨ ਨੂੰ ਦੁਨੀਆਂ ਭਰ ਵਿੱਚ ਮਕਬੂਲ ਕਰ ਦਿੱਤਾ ਸੀ। ਸੰਸਾਰ ਭਰ ਵਿੱਚ ਪੁਸਤਕ ਵਿਕਰੇਤਾ ਅਤੇ ਛਾਪਕ/ਪ੍ਰਕਾਸ਼ਕ ਵੱਲੋਂ ਅੱਜ ਨੂਰ ਪਬਲੀਕੇਸ਼ਨ ਦੀ ਤੂਤੀ ਬੋਲਦੀ ਸੀ। ਦੋਵੇਂ ਹੀ ਮੀਆਂ-ਬੀਬੀ ਵਿੱਚ ਆਪਸੀ ਇਤਫ਼ਾਕ ਅਤੇ ਪਿਆਰ, ਸਤਿਕਾਰ ਦੀ ਭਾਵਨਾ ਨਾਲ ਭਰੇ ਹੋਏ ਸਨ ਅਤੇ ਦੋਹਾਂ ਨੇ ਸਾਂਝੇ ਤੌਰ 'ਤੇ ਇੱਕ ਸੋਸ਼ਲ ਵੈਲਫੇਅਰ ਸੰਸਥਾ ਵੀ ਬਣਾਈ ਹੋਈ ਸੀ, ਜਿਸ ਕਰਕੇ ਆਮ ਲੋਕਾਂ ਵਿੱਚ ਵੀ ਨਵਨੀਤ ਅਤੇ ਉਸਦਾ ਪਤੀ ਮਸ਼ਹੂਰ ਸਨ ਅਤੇ ਲੋਕ ਉਹਨਾਂ ਦੀ ਰਾਜ਼ੀ ਖੁਸ਼ੀ ਰੱਬ ਕੋਲੋਂ ਨਿੱਤ ਮੰਗਦੇ ਸਨ ।

ਨਵਨੀਤ ਦੀ ਕਾਰ ਮੇਨ ਰੋਡ 'ਤੇ ਆਪਣੀ ਸਪੀਡ ਵਿੱਚ ਜਾ ਰਹੀ ਸੀ ਕਿ ਉਸਨੇ ਦੇਖਿਆ ਕਿ ਸੜਕ ਤੇ ਇੱਕ ਪਾਸੇ ਕੁੱਝ ਭੀੜ ਜਮ੍ਹਾਂ ਹੋਈ ਪਈ ਹੈ, ਕਾਰ ਵਿੱਚੋਂ ਉੱਤਰ ਕੇ ਜਦ ਭੀੜ ਵੱਲ ਗਈ ਤਾਂ ਪਤਾ ਲੱਗਾ ਕਿ ਕਿਸੇ ਅਣਪਛਾਤੇ ਵਾਹਨ ਨਾਲ ਟਕਰਾਉਣ ਤੋਂ ਬਾਅਦ ਇੱਕ ਔਰਤ ਸੜਕ 'ਤੇ ਜ਼ਖਮੀ ਪਈ ਹੈ। ਲੋਕ ਐਂਬੂਲੈਂਸ ਦਾ ਇੰਤਜ਼ਾਰ ਕਰ ਰਹੇ ਸਨ, ਪਰ ਨਵਨੀਤ ਨੇ ਤੁਰੰਤ ਲੋਕਾਂ ਦੀ ਮੱਦਦ ਨਾਲ ਉਸ ਜ਼ਖਮੀ ਔਰਤ ਨੂੰ ਆਪਣੀ ਗੱਡੀ ਵਿੱਚ ਬਿਠਾਇਆ ਅਤੇ ਪਹਿਲਾਂ ਸਿੱਧੀ ਹਸਪਤਾਲ ਪੁੱਜੀ। ਜਿੱਥੇ ਤੁਰੰਤ ਡਾਕਟਰਾਂ ਨੇ ਜ਼ਖਮੀ ਔਰਤ ਦਾ ਇਲਾਜ ਸ਼ੁਰੂ ਕਰ ਦਿੱਤਾ ।

ਘਬਰਾਉਣ ਵਾਲੀ ਕੋਈ ਗੱਲ ਨਹੀਂ ਹੈ, ਡਾਕਟਰ ਨੇ ਕਿਹਾ।

ਪਰ ਫਿਰ ਵੀ ਨਵਨੀਤ ਨੂੰ ਇੱਕ ਫ਼ਿਕਰ ਜਿਹਾ ਲੱਗਾ ਹੋਇਆ ਸੀ ਕਿ ਇੰਨੇ ਨੂੰ ਨਰਸ ਨੇ ਕਮਰੇ ਵਿੱਚੋਂ ਆ ਕੇ ਕਿਹਾ ਕਿ, 'ਉਹ ਔਰਤ ਤੁਹਾਨੂੰ ਮਿਲਣਾ ਚਾਹੁੰਦੀ ਹੈ।'

ਨਵਨੀਤ ਤੁਰੰਤ ਕਮਰੇ ਅੰਦਰ ਦਾਖ਼ਲ ਹੋਈ ਤਾਂ ਅੱਗੋਂ ਉਹ ਔਰਤ, ਨਵਨੀਤ ਦੇ ਪੈਰਾਂ ਵਿੱਚ ਡਿੱਗ ਪਈ ਤੇ ਉਸ ਨੂੰ ਲੰਮੀ ਉਮਰ ਦੀਆਂ ਦੁਆਵਾਂ ਦਿੰਦੀ, ਉਸਦਾ ਧੰਨਵਾਦ ਕਰਦੀ ਹੋਈ, ਉੱਚੀ-ਉੱਚੀ ਰੋ ਪਈ। ਨਵਨੀਤ ਨੇ ਉਸਨੂੰ ਮੋਢਿਆਂ ਤੋਂ ਫੜ ਕੇ ਉੱਤੇ ਚੁੱਕਿਆ ਤੇ ਆਖਿਆ, 'ਦੀਦੀ! ਇਸ ਵਿੱਚ ਰੋਣ ਵਾਲੀ ਕਿਹੜੀ ਗੱਲ ਹੈ? ਮੈਂ ਤਾਂ ਕੇਵਲ ਇਨਸਾਨ ਹੋਣ ਦੇ ਨਾਤੇ ਆਪਣਾ ਫਰਜ਼ ਹੀ ਨਿਭਾਇਆ ਹੈ। ਇਹ ਦੱਸੋ ਤੁਹਾਡਾ ਨਾਮ ਕੀ ਹੈ? ਐਕਸੀਡੈਂਟ ਕਿਵੇਂ ਹੋਇਆ ਸੀ ਤੁਹਾਡਾ ?'

ਉਹ ਬੋਲਣ ਲੱਗੀ, ਮੇਰਾ ਨਾਮ ਮਨਪ੍ਰੀਤ ਹੈ। ਮੇਰਾ ਵਿਆਹ ਦੋ ਸਾਲ ਪਹਿਲਾਂ ਹੋਇਆ ਸੀ, ਲੜਕੇ ਵਾਲੇ ਬਹੁਤ ਚੰਗੇ ਸੀ, ਖਾਨਦਾਨੀ ਹੋਣ ਕਰਕੇ ਮੇਰਾ ਵਿਆਹ ਉੱਥੇ ਕਰ ਦਿੱਤਾ ਗਿਆ, ਪਰ ਬਾਅਦ ਵਿੱਚ ਮੈਨੂੰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਕਿਸੇ ਨੇ ਉਹਨਾਂ ਨੂੰ ਮੇਰੇ ਪਹਿਲਾਂ ਹੋਏ ਤਲਾਕ ਬਾਰੇ ਦੱਸ ਦਿਤਾ ਤਾਂ ਉਹਨਾਂ ਨੇ ਮੇਰੇ ਨਾਲ ਕੁੱਟ-ਮਾਰ ਵੀ ਕਰਨੀ ਸ਼ੁਰੂ ਕਰ ਦਿੱਤੀ। ਦਿਨ-ਬ-ਦਿਨ ਮੇਰੇ ਉੱਤੇ ਤਸ਼ੱਦਦ ਕਰਨ ਲੱਗ ਪਏ। ਮੇਰੇ ਪੇਟ ਵਿੱਚ ਬੱਚੇ ਨੂੰ ਕਈ ਵਾਰ ਮਾਰਨ ਦੀ ਕੋਸ਼ਿਸ਼ ਕੀਤੀ ਤੇ ਇੱਕ ਦਿਨ ਮੈਨੂੰ ਘਰੋਂ ਕੱਢ ਦਿੱਤਾ, ਜਦ ਮੈਂ ਆਪਣੇ ਘਰ ਪੁੱਜੀ ਤਾਂ ਮੇਰੇ ਬਾਪ ਨੇ ਘਰ ਰੱਖ ਕੇ ਵੀ, ਮੇਰੇ ਨਾਲ ਮਤਰੇਆਂ ਵਾਲਾ ਸਲੂਕ ਹੀ ਕੀਤਾ। ਜਦਕਿ ਇਹ ਸਾਰਾ ਕੁੱਝ ਕਰਨ ਪਿੱਛੇ ਮੇਰੇ ਪਾਪਾ ਦਾ ਹੀ ਹੱਥ ਸੀ, ਕਿਉਂਕਿ ਮੈਂ ਉਦੋਂ ਵੀ ਕਿਹਾ ਸੀ ਕਿ ਰਿਸ਼ਤੇ ਤੋਂ ਪਹਿਲਾਂ ਦੱਸ ਦਈਏ ਕਿ ਕੁੜੀ ਦਾ ਪਹਿਲਾਂ ਤਲਾਕ ਹੋਇਆ ਹੈ, ਪਰ ਉਹ ਨਹੀਂ ਮੰਨੇ। ਉਹ ਬਹੁਤ ਲਾਲਚੀ ਇਨਸਾਨ ਸੀ। ਪਹਿਲੇ ਤਲਾਕ ਪਿੱਛੇ ਵੀ ਉਹਨਾਂ ਦਾ ਹੀ ਹੱਥ ਸੀ ਅਤੇ ਮੈਨੂੰ ਧੋਖੇ ਨਾਲ ਮੇਰੇ ਪਹਿਲੇ ਸਹੁਰੇ ਪਰਿਵਾਰ ਦੇ ਘਰੋਂ ਬੁਲਾ ਕੇ, ਮੈਨੂੰ ਮੁੜ ਜਾਣ ਨਾ ਦਿੱਤਾ ਅਤੇ ਉਸ ਲੜਕੇ ਉੱਤੇ ਦਾਜ ਦਾ ਕੇਸ ਕਰਕੇ, 18 ਲੱਖ ਰੁਪਏ ਲੈ ਕੇ ਮੇਰਾ ਤਲਾਕ ਕਰਵਾ ਦਿੱਤਾ ਸੀ ।

ਜਦ ਇਹਨਾਂ ਗੱਲਾਂ ਦਾ ਪਤਾ ਹੁਣ ਮੇਰੇ ਨਵੇਂ ਬਣੇ ਸਹੁਰੇ ਪਰਿਵਾਰ ਨੂੰ ਲੱਗਾ ਤਾਂ ਇਹ ਨੌਬਤ ਆਈ ਕਿ ਮੈਨੂੰ ਦੂਜੀ ਵਾਰ ਆਪਣੇ ਘਰ ਵਾਪਸ ਆਉਣਾ ਪਿਆ। ਹੁਣ ਮੈਂ ਦੁਬਾਰਾ ਨਹੀਂ ਰੁਲਣਾ ਚਾਹੁੰਦੀ ਅਤੇ ਮੈਂ ਬਾਰ-ਬਾਰ ਆਪਣੇ ਬਾਪ ਨੂੰ ਕਿਹਾ ਕਿ ਰਾਜੀਨਾਵਾਂ ਕਰਵਾ ਕੇ, ਮੁਆਫ਼ੀ ਮੰਗ ਕੇ ਮੈਨੂੰ ਮੇਰੇ ਘਰ ਸਮਝੌਤੇ ਨਾਲ ਵਾਪਸ ਛੱਡ ਆਉ, ਪਰ ਜਦ ਇੱਕ ਦਿਨ ਸਾਡੇ ਘਰ ਪਹਿਲਾਂ ਵਾਲੇ ਵਕੀਲ ਅੰਕਲ ਆਏ, ਜਿਹਨਾਂ ਨੇ ਮੇਰੇ ਪਹਿਲੇ ਤਲਾਕ ਵੇਲੇ ਮੇਰੇ ਕੋਲੋਂ ਦਸਤਖ਼ਤ ਕਰਵਾਏ ਸੀ ਤਾਂ ਮੈਂ

ਆਪਣੇ ਪਾਪਾ ਨੂੰ ਉਹਨਾਂ ਨਾਲ ਗੱਲਾਂ ਕਰਦੇ ਸੁਣ ਲਿਆ, ਉਹ ਕਹਿ ਰਹੇ ਸੀ ਕਿ, 'ਪਿਛਲੀ ਵਾਰ ਤਾਂ ਇਸਦਾ ਬੱਚਾ ਨਹੀਂ ਸੀ, ਹੁਣ ਤਾਂ ਅਗਲਿਆਂ ਦਾ ਜੰਮਿਆ ਬੱਚਾ ਵੀ ਹੈ, ਘੱਟੋ-ਘੱਟ ਵੀ 50 ਲੱਖ ਰੁਪਿਆ ਆਰਾਮ ਨਾਲ ਮਿਲ ਜਾਣਾ ਤੇ ਇਸ ਵਾਰ ਤਾਂ ਸੱਚਮੁੱਚ ਮਨੀ ਦੇ ਸਹੁਰਿਆਂ ਨੇ ਉਸਨੂੰ ਘਰੋਂ ਕੱਢਿਆ ਵੀ ਹੈ, ਮੈਨੂੰ ਆਪ ਮਨੀ ਨੇ ਸੱਭ-ਕੁੱਝ ਦੱਸਿਆ। ਗਵਾਹੀਆਂ ਦੇਣ ਲਈ ਮੈਂ ਆਪ ਹੀ ਉਸਨੂੰ ਮਨਾ ਲੈਣਾ ਹੈ, ਤੁਸੀਂ ਬੱਸ ਫਾਈਲ ਤਿਆਰ ਕਰੋ ਅਤੇ ਕੋਰਟ ਵਿੱਚ ਕੇਸ ਲਾਉ। ਕਾਨੂੰਨ ਤਾਂ ਪਹਿਲਾਂ ਹੀ ਸਾਰੇ, ਕੁੜੀਆਂ (ਧੀਆਂ ਵਾਲਿਆਂ) ਦੇ ਹੱਕ ਵਿੱਚ ਹਨ, ਫਿਰ ਕਾਹਦੀ ਟੈਂਸ਼ਨ?' ਤੇ ਉੱਚੀ-ਉੱਚੀ ਹੱਸਣ ਲੱਗ ਪਏ।

ਬੱਸ ਉਸੇ ਰਾਤ ਮੈਂ ਆਪਣੇ ਇੱਕ ਸਾਲ ਦੇ ਬੇਟੇ ਨੂੰ ਨਾਲ ਲੈ ਕੇ, ਕੁੱਝ ਕੱਪੜਿਆਂ ਸਮੇਤ ਘਰੋਂ ਨਿਕਲ ਤੁਰੀ। ਤੇ ਚੰਡੀਗੜ੍ਹ ਵਰਗੇ ਇਸ ਵੱਡੇ ਸ਼ਹਿਰ ਵਿੱਚ ਆ ਗਈ ਕਿ ਇੱਥੇ ਤਾਂ ਕੋਈ ਨਾ ਕੋਈ ਕੰਮ ਜ਼ਰੂਰ ਮਿਲ ਜਾਵੇਗਾ। ਅੱਜ ਕਾਹਲੀ ਵਿੱਚ, ਬੇਧਿਆਨੀ ਕਿਸੇ ਕੰਮ ਦੀ ਭਾਲ ਲਈ ਜਾ ਰਹੀ ਸੀ ਕਿ ਤੇਜ਼ ਰਫਤਾਰ ਟਰੱਕ ਵੇਖ ਕੇ, ਘਬਰਾ ਗਈ ਅਤੇ ਸੱਜੇ ਪਾਸੇ ਆ ਰਹੀ ਕਾਰ ਨਾਲ ਟਕਰਾ ਕੇ ਬੇਹੋਸ਼ ਹੋ ਡਿੱਗ ਪਈ। ਮੇਰਾ ਬੱਚਾ ਵੀ ਸਵੇਰੇ ਦਾ ਭੁੱਖਾ ਹੈ, ਉਸ ਲਈ ਰੋਟੀ ਦਾ ਇੰਤਜ਼ਾਮ ਕਰਨਾ ਹੈ, ਜੇ ਤੁਸੀਂ ਮੇਰੀ ਮੱਦਦ ਨਾ ਕਰਦੇ ਤਾਂ ਸ਼ਾਇਦ ਉੱਥੇ-ਪਈ ਪਈ.... ਕਹਿੰਦਿਆਂ ਉਹ ਰੋ ਪਈ।

ਨਹੀਂ ਨਹੀਂ ਮਨੀ! ਇੰਝ ਨਹੀਂ ਬੋਲੀਦਾ! ਰੱਬ ਸੱਭ ਦੇਖ ਰਿਹਾ ਹੁੰਦੈ! ਤੂੰ ਫ਼ਿਕਰ ਨਾ ਕਰ, ਮੇਰੇ ਘਰ ਬਹੁਤ ਕੰਮ ਹੈ, ਤੈਨੂੰ ਆਸਰਾ ਵੀ ਮਿਲ ਜਾਵੇਗਾ, ਅਤੇ ਕਿਤੇ ਕੰਮ ਮੰਗਣ ਦੀ ਲੋੜ ਨਹੀਂ, ਸ਼ਾਇਦ ਰੱਬ ਨੇ ਤੇਰੀ ਮਦਦ ਲਈ ਹੀ ਮੈਨੂੰ ਭੇਜਿਆ ਹੋਵੇਗਾ। ਸੋ ਰੱਬ ਦੇ ਹੁਕਮ ਅੱਗੇ ਮੈਂ ਆਪਣਾ ਫਰਜ਼ ਨਿਭਾ ਦਿੰਦੀ ਹਾਂ।

ਉਧਰੋਂ ਦਫਤਰ ਤੋਂ, ਨਵਨੀਤ ਦੇ ਘਰਵਾਲੇ ਦਾ ਫ਼ੋਨ ਆ ਗਿਆ.. 'ਕਿੱਥੇ ਐਂ ਨਵੀ?? ਯਾਰ ਦੋ ਘੰਟੇ ਹੋ ਗਏ ਤੈਨੂੰ ਉਡੀਕਦਿਆਂ, ਆਫਿਸ ਵਿੱਚ ਤੇਰੀ ਵੇਟ ਕਰ ਰਿਹਾਂ, ਕਿੱਥੇ ਰਹਿ ਗਈ ਹੈਂ? ਮੈਨੂੰ ਫ਼ਿਕਰ ਹੋ ਰਿਹਾ ਏ।'

ਨਵਨੀਤ ਬੋਲੀ, 'ਤੁਸੀਂ ਫ਼ਿਕਰ ਨਾ ਕਰਿਆ ਕਰੋ, ਸ਼ੁੱਭ! ਮੈਨੂੰ ਰਸਤੇ ਵਿੱਚ ਜ਼ਰੂਰੀ ਕੰਮ ਪੈ ਗਿਆ ਸੀ ਜਿਸ ਕਰਕੇ ਲੇਟ ਹੋ ਗਈ, ਅੱਜ ਦੀ ਪਾਰਟੀ ਕੈਂਸਲ। ਆਪਾਂ ਫਿਰ ਕਿਸੇ ਦਿਨ ਪਾਰਟੀ ਕਰ ਲਵਾਂਗੇ, ਹੁਣ ਮੈਂ ਘਰ ਵਾਪਸ ਜਾ ਰਹੀ ਹਾਂ, ਤੁਸੀਂ ਵੀ ਸਮੇਂ ਸਿਰ ਘਰ ਪੁੱਜ ਜਾਣਾ।

ਜਦ ਫ਼ੋਨ ਤੇ ਨਵਨੀਤ ਨੇ ਆਪਣੇ ਪਤੀ ਨੂੰ 'ਸ਼ੁੱਭ' ਕਿਹਾ ਤਾਂ ਮਨਪ੍ਰੀਤ ਦਾ ਮੱਥਾ ਠਣਕਿਆ, 'ਤੇ ਫ਼ੋਨ ਤੇ ਗੱਲਬਾਤ ਮੁੱਕ ਜਾਣ ਮੱਗਰੋਂ ਬੋਲਣ ਲੱਗੀ, ਦੀਦੀ! ਇਹ ਸ਼ੁੱਭ ਕੌਣ ਹੈ? ਤਾਂ ਨਵਨੀਤ ਨੇ ਦੱਸਿਆ ਕਿ ਉਸਦੇ ਪਤੀ ਦਾ ਫ਼ੋਨ ਸੀ, ਪੂਰਾ ਨਾਮ ਸ਼ੁੱਭਨੂਰ ਸਿੰਘ ਹੈ ਅਤੇ ਸ਼ਹਿਰ ਦਾ ਸੱਭ ਤੋਂ ਵੱਡਾ ਪਬਲੀਕੇਸ਼ਨ ਮੇਰੇ ਪਤੀ ਦਾ

ਹੀ ਹੈ, 'ਨੂਰ ਪਬਲੀਕੇਸ਼ਨ'।

ਮਨਪ੍ਰੀਤ ਤੁਸੀਂ ਮੈਨੂੰ ਆਪਣੇ ਬਾਰੇ ਸੱਭ ਕੁੱਝ ਦੱਸਿਆ, ਇਸ ਲਈ ਤੁਹਾਡੇ ਤੋਂ ਕੋਈ ਓਹਲਾ ਨਹੀਂ ਹੈ, ਮੇਰੇ ਪਤੀ ਦੀ ਮੇਰੇ ਨਾਲ ਸੈਕਿੰਡ ਮੈਰੀਜ਼ ਹੈ, ਪਰ ਮੈਂ ਕਦੀ ਕਿਸੇ ਨਾਲ ਗੱਲ ਨਹੀਂ ਕੀਤੀ। ਇਹਨਾਂ ਦੀ ਪਹਿਲੀ ਪਤਨੀ ਨੇ ਇਹਨਾਂ ਨਾਲ ਬਹੁਤ ਬੁਰਾ ਕੀਤਾ ਸੀ, ਬਹੁਤ ਕੁੱਝ ਦੇਖਿਆ ਇਹਨਾਂ ਨੇ ਆਪਣੀ ਲਾਈਫ ਵਿੱਚ। ਮੈਂ ਇੱਕ ਗ਼ਰੀਬ ਘਰ ਦੀ ਲੜਕੀ ਸੀ, ਰਿਸ਼ਤਾ ਮੇਰੇ ਪਰਿਵਾਰ ਵਾਲਿਆਂ ਵੱਲੋਂ ਹੀ ਗਿਆ ਸੀ ਤੇ ਮੈਨੂੰ ਪਤਾ ਸੀ ਕਿ ਇਹਨਾਂ ਦਾ ਡਿਵੋਰਸ ਹੋਇਆ ਹੈ, ਪਰ ਜਦ ਇਹਨਾਂ ਨੂੰ ਮਿਲੀ, ਸਮਝਣ ਦੀ ਕੋਸ਼ਿਸ਼ ਕੀਤੀ ਤਾਂ ਇਹਨਾਂ ਵਰਗਾ ਨੇਕ ਇਨਸਾਨ ਸ਼ਾਇਦ ਮੈਨੂੰ ਕਦੇ ਨਹੀਂ ਮਿਲਣਾ ਸੋਚ ਕੇ, ਉਹਨਾਂ ਦੇ ਪਾਸਟ ਨੇ ਉਹਨਾਂ ਨਾਲ ਕੀ ਕੀਤਾ, ਕਿਸਨੇ ਕੀਤਾ, ਕਦੇ ਨਾਂਹ ਮੈਂ ਪੁੱਛਿਆ ਨਾ ਉਹਨਾਂ ਨੇ ਦੱਸਿਆ ਤੇ ਨਾ ਹੀ ਮੈਂ ਕੋਈ ਦਿਲਚਸਪੀ ਲਈ, ਕਿਉਂਕਿ ਸਾਡੀ ਦੋਹਾਂ ਦੀ ਜ਼ਿੰਦਗੀ ਵਿੱਚ ਢੇਰ ਸਾਰੀਆਂ ਖੁਸ਼ੀਆਂ ਰੱਬ ਨੇ ਦਿੱਤੀਆਂ ਹਨ।

ਪਤਾ ਨਹੀਂ ਕੌਣ ਸੀ ਉਹ ਕਮਲੀ ਕੁੜੀ, ਜਿਸਨੇ ਇਹਨਾਂ ਨੂੰ ਠੁਕਰਾ ਦਿੱਤਾ, ਮੈਂ ਤਾਂ ਇਹਨਾਂ ਦੇ ਪੈਰਾਂ ਵਿੱਚ ਹੀ ਆਪਣੀ ਜੰਨਤ ਸਮਝਦੀ ਹਾਂ। ਤੁਹਾਨੂੰ ਪਤਾ ਮਨੀ, ਅੱਜ ਸਾਡੇ ਕੋਲ ਉਹ ਸੱਭ ਕੁੱਝ ਹੈ, ਜਿਸ ਨੂੰ ਮੈਂ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ।

ਵਿੱਚੋਂ ਹੀ ਮਨਪ੍ਰੀਤ ਨੇ ਗੱਲ ਟੋਕ ਕੇ ਕਿਹਾ ਕਿ ਤੁਹਾਡਾ ਪਤੀ ਸ਼ੁਰੂ ਤੋਂ ਹੀ ਇੱਥੇ ਰਹਿੰਦੇ ਹਨ, ਤਾਂ ਨਵੀ ਨੇ ਦੱਸਿਆ ਨਹੀਂ, ਪਹਿਲਾਂ ਉਹ ਲੁਧਿਆਣੇ ਵਿੱਚ ਸੀ ਅਤੇ ਮੇਰੀ ਮੈਰੀਜ਼ ਤੋਂ ਬਾਅਦ ਉਹ ਚੰਡੀਗੜ੍ਹ ਸ਼ਿਫਟ ਹੋ ਗਏ।

ਮਨਪ੍ਰੀਤ ਸਾਰਾ ਕੁੱਝ ਸਮਝ ਚੁੱਕੀ ਸੀ, ਕਿਉਂਕਿ ਮਨਪ੍ਰੀਤ ਹੀ ਉਹ ਕੁੜੀ ਸੀ, ਜਿਸਦਾ ਪਹਿਲਾ ਵਿਆਹ ਨਵਨੀਤ ਦੇ ਪਤੀ ਸ਼ੁੱਭਨੂਰ ਨਾਲ ਲੁਧਿਆਣੇ ਹੋਇਆ ਸੀ ਅਤੇ ਇਸ ਵਕਤ ਉਹ ਉਸ ਦੀ ਘਰਵਾਲੀ ਨਾਲ ਉਸਦੀ ਕਾਰ ਵਿੱਚ ਬੈਠੀ ਦੁਬਾਰਾ ਉਸੇ ਦੇ ਘਰ ਜਾ ਰਹੀ ਸੀ, ਤਾਂ ਇਕੱਦਮ ਮਨੀ ਬੋਲੀ, ਦੀਦੀ ਸੱਚੀਂ ਤੁਸੀਂ ਬਹੁਤ ਭਾਗਸ਼ਾਲੀ, ਖ਼ੁਸ਼ਕਿਸਮਤ ਹੋ ਜੋ ਤੁਹਾਨੂੰ ਸ਼ੁੱਭ ਜੀ ਵਰਗਾ ਪਤੀ ਮਿਲਿਆ ਹੈ, ਸੱਚੀ ਰੱਬ ਤੁਹਾਡੀ ਜੋੜੀ ਬਣਾਈ ਰੱਖੇ। ਮੈਨੂੰ ਅਗਲੇ ਮੋੜ 'ਤੇ ਉਤਾਰ ਦੇਣਾ ਮੈਂ ਨੇੜੇ ਦੀ ਬਸਤੀ ਵਿੱਚ ਆਪਣੇ ਬੇਟੇ ਨੂੰ ਲੈ ਆਵਾਂ, ਕਾਰ ਵਿੱਚੋਂ ਉਤਰਨ ਬਾਅਦ ਮਨੀ ਮੁੜ ਵਾਪਸ ਨਾ ਆਈ। ਤੇ ਇਹ ਸੋਚਦੀ ਹੋਈ ਕਿ ਇਹ ਸੱਭ ਕੁੱਝ ਉਸੇ ਦੀਆਂ ਗ਼ਲਤੀਆਂ ਦਾ ਨਤੀਜਾ ਹੈ, ਉਸ ਸ਼ਹਿਰ ਨੂੰ ਛੱਡ ਕੇ ਕਿਸੇ ਹੋਰ ਆਸਰੇ ਲਈ ਜਨਰਲ ਗੱਡੀ ਵਿੱਚ ਬੈਠ ਕੇ ਅਗਲੇ ਸਫ਼ਰ ਲਈ ਚੱਲ ਪਈ।

ਨਵਨੀਤ ਲੰਮੀ ਉਡੀਕ ਤੋਂ ਬਾਅਦ ਆਖਿਰ ਘਰ ਵਾਪਸ ਆ ਗਈ ।

ਰਾਤ ਨੂੰ ਸੌਣ ਵੇਲੇ ਸਵੇਰੇ ਵਾਪਰੀ ਸਾਰੀ ਘਟਨਾ ਸ਼ੁਭਨੂਰ ਨੂੰ ਦੱਸੀ ਤਾਂ,

ਸ਼ੁੱਭਨੂਰ ਨੂੰ ਸਾਰੀ ਗੱਲ ਸਮਝਣ ਵਿੱਚ ਦੇਰੀ ਨਾ ਲੱਗੀ, ਕਿ ਅੱਜ ਇਸਦੀ ਮੁਲਾਕਾਤ ਉਸਦੀ ਪਹਿਲੀ ਪਤਨੀ 'ਮਨਪ੍ਰੀਤ' ਨਾਲ ਹੋਈ ਹੈ, ਪਰ ਉਹ ਨਵੀ ਨੂੰ ਕਹਿਣ ਲੱਗਾ, 'ਚੱਲ ਛੱਡ ਹੁਣ ਲੋਕਾਂ ਦੀ ਟੈਂਸ਼ਨ, ਸੌਂ ਜਾ, ਸਵੇਰੇ ਉੱਠਣਾ ਵੀ ਹੈ।'

'ਤੇ ਦੋਵੇਂ ਹੋਰ ਗੱਲਾਂ-ਬਾਤਾਂ ਕਰਦੇ ਹੋਏ, ਹਸਦੇ ਹਸਾਉਂਦੇ ਸੌਂ ਗਏ। ਕੁੱਝ ਦੇਰ ਬਾਅਦ ਸ਼ੁੱਭਨੂਰ ਨੇ ਅੱਖਾਂ ਖੋਲ੍ਹ ਕੇ, ਛੱਤ ਵੱਲ ਵੇਖਿਆ ਅਤੇ ਰੱਬ ਨੂੰ 'ਸੱਭ ਦਾ ਭਲਾ ਕਰੀਂ ਦਾਤਿਆ' ਕਹਿੰਦਿਆਂ ਹੋਇਆਂ ਫਿਰ ਸੌਂ ਗਿਆ।

***********

'ਬਹੁਤਾ ਔਖਾ ਨਹੀਂ ਹੁੰਦਾ ਕਿਸੇ ਨੂੰ ਸਮਝਾਉਣਾ
ਔਖਾ ਤਾਂ ਹੈ ਖ਼ੁਦ ਸਮਝਣਾ।'' - ਇਕਵਾਕ ਸਿੰਘ ਪੱਟੀ



ਮਜਬੂਰੀ ਵੱਸ ਪੈ ਕੇ ਵੀ ਬੰਦਾ ਖਾਣ-ਪੀਣ ਦਾ ਪ੍ਰਹੇਜ ਕਰਨ ਨਾਲੋਂ ਡਾਕਟਰ ਕੋਲ ਜਾਣ ਦਾ ਪ੍ਰਹੇਜ ਕਰਨਾ ਵਧੇਰੇ ਚੰਗਾ ਸਮਝਦੈ। ਬੱਚਾ ਹੋਵੇ ਜਾਂ ਜਵਾਨ ਜਾਂ ਫਿਰ ਬਜ਼ੁਰਗ, ਪਰ ਡਾਕਟਰਾਂ ਨਾਲ ਵਾਹ ਪੈਣਾ ਸੁਭਾਵਿਕ ਹੈ। ਅਜੋਕੇ ਦੌਰ ਵਿੱਚ ਵੈਸੇ ਤਾਂ ਬੱਚਿਆਂ ਦੇ ਜਨਮ ਤੋਂ ਵੀ ਪਹਿਲਾਂ ਡਾਕਟਰ ਦਾ ਸਾਡੀ ਜ਼ਿੰਦਗੀ ਵਿੱਚ ਦਖ਼ਲ ਹੋ ਜਾਂਦਾ ਹੈ।

# ਤੀਜਾ ਰੱਬ



ਡਾਕਟਰ ਕੋਲ ਚਾਅ ਦੇ ਨਾਲ ਅੱਜ ਤੱਕ ਕੋਈ ਨਹੀਂ ਗਿਆ। ਮਜਬੂਰੀ ਵੱਸ ਪੈ ਕੇ ਵੀ ਬੰਦਾ ਖਾਣ-ਪੀਣ ਦਾ ਪ੍ਰਹੇਜ ਕਰਨ ਨਾਲੋਂ ਡਾਕਟਰ ਕੋਲ ਜਾਣ ਦਾ ਪ੍ਰਹੇਜ ਕਰਨਾ ਵਧੇਰੇ ਚੰਗਾ ਸਮਝਦੈ। ਬੱਚਾ ਹੋਵੇ ਜਾਂ ਜਵਾਨ ਜਾਂ ਫਿਰ ਬਜ਼ੁਰਗ, ਪਰ ਡਾਕਟਰਾਂ ਨਾਲ ਵਾਹ ਪੈਣਾ ਸੁਭਾਵਿਕ ਹੈ। ਅਜੋਕੇ ਦੌਰ ਵਿੱਚ ਵੈਸੇ ਤਾਂ ਬੱਚਿਆਂ ਦੇ ਜਨਮ ਤੋਂ ਵੀ ਪਹਿਲਾਂ ਡਾਕਟਰ ਦਾ ਸਾਡੀ ਜ਼ਿੰਦਗੀ ਵਿੱਚ ਦਖ਼ਲ ਹੋ ਜਾਂਦਾ ਹੈ, ਹਾਂ! ਮਰਨ ਵੇਲੇ ਰੱਬ ਦੇ ਸੁਹਣੇ ਹੁਕਮ ਨਾਲ ਜੇਕਰ ਆਖ਼ਰੀ ਸਾਹ ਹੱਸਦਿਆਂ-ਖੇਡਦਿਆਂ ਜਾਂ ਸੁੱਤੇ ਸਿੱਧ ਹੀ ਨਿਕਲ ਜਾਣਾ ਤਾਂ ਉਸ ਵਿਅਕਤੀ ਤੋਂ ਭਾਗਾਂ ਵਾਲਾ ਸ਼ਾਇਦ ਹੋਰ ਕੋਈ ਨਹੀਂ। ਹਸਪਤਾਲਾਂ ਵਿੱਚ ਮੌਤ ਲਈ ਲਿਲਕੜੀਆਂ ਕੱਢਦੇ ਜਾਂ ਕਿਸੇ ਗੰਭੀਰ ਬਿਮਾਰੀ ਦੀ ਵਜ੍ਹਾ ਨਾਲ ਮੌਤ ਨੂੰ 'ਵਾਜਾਂ ਮਾਰਨ ਵਾਲਿਆਂ ਦੀ ਗਿਣਤੀ ਵੀ ਸੰਸਾਰ ਵਿੱਚ ਘੱਟ ਨਹੀਂ ਹੈ। ਅਸਲ ਰੱਬ ਤੋਂ ਬਾਅਦ ਦੂਜਾ ਰੱਬ ਮਾਂ ਅਤੇ ਤੀਜਾ ਰੱਬ ਡਾਕਟਰ ਹੀ ਮੰਨਿਆ ਗਿਆ ਹੈ।

ਤਾਇਆ ਬੰਤਾ ਸਿਘ ਆਪਣੇ ਬੇਲੀ ਉਜਾਗਰ ਸਿੰਘ ਨੂੰ ਉੱਪਰ ਲਿਖੀ ਇਬਾਰਤ ਬੜੀ ਤਫ਼ਸੀਲ ਨਾਲ ਦੱਸ ਰਿਹਾ ਸੀ ਕਿ, 'ਭਾਈ ਉਜਾਗਰ ਸਿੰਘਾ! ਮੈਂ ਸਮਝਦਾ ਉਹੀ ਬੰਦਾ ਇਸ ਦੁਨੀਆ ਤੇ ਸੱਭ ਤੋਂ ਜਿਆਦਾ ਅਮੀਰ ਜਾਂ ਖ਼ੁਸ਼ਨਸੀਬ ਹੈ, ਜਿਸਦੇ ਮਾਂ-ਪਿਓ ਜਿਉਂਦੇ ਹਨ ਅਤੇ ਉਹਨੂੰ ਕਿਸੇ ਕਿਸਮ ਦੀ ਕੋਈ ਵੀ ਸਰੀਰਕ ਜਾਂ ਮਾਨਸਿਕ ਰੋਗ ਨਹੀਂ ਹੈ।'

ਉਜਾਗਰ ਸਿੰਘ ਨੇ ਵੀ ਹਾਮੀ ਭਰਦਿਆਂ ਕਿਹਾ, 'ਇਹ ਤਾਂ ਤੇਰੀ ਗੱਲ ਸੋਲਾਂ ਆਨੇ ਸਹੀ ਹੈ ਕਿ, 'ਮਾਪਿਆਂ ਤੋਂ ਬਿਨ੍ਹਾਂ ਰੁਲਦੀਆਂ ਜ਼ਿੰਦਗੀਆਂ ਅਤੇ ਬਿਮਾਰੀਆਂ ਨਾਲ ਜੂਝਦੇ ਲੋਕਾਂ ਦੀਆਂ ਚੀਸਾਂ ਤੋਂ ਵੱਡਾ ਹੋਰ ਨਰਕ ਨਹੀਂ ਹੈ, ਇਸ ਦੁਨੀਆ ਵਿੱਚ।'

ਗੱਲਾਂ ਵਿੱਚੋਂ ਨਾਲ ਦੇ ਪਿੰਡ ਦੇ ਸਰਦੂਲ ਸਿੰਘ ਦੀ ਬਿਮਾਰੀ ਨਾਲ ਜੂਝਦਿਆਂ, ਡਾਕਟਰਾਂ ਦੀਆਂ ਲਾਪਰਵਾਹੀਆਂ ਨਾਲ ਹੋਈ ਮੌਤ ਦਾ ਜ਼ਿਕਰ ਚੱਲ ਪਿਆ। ਕਿੱਡਾ ਸੁਹਣਾ ਜੁੱਸਾ ਸੀ ਭਾਈ ਸਰਦੂਲ ਸਿੰਹੁ ਦਾ! ਹੱਸਦਾ ਵੱਸਦਾ ਘਰ ਸੀ। ਐਵੇਂ ਕਿਸੇ ਛੋਟੀ ਮੋਟੀ ਬਿਮਾਰੀ ਲਈ ਸ਼ਹਿਰ ਚਲਿਆ ਗਿਆ।

ਅਖੇ: ਵੱਡੇ ਡਾਕਟਰ ਨੂੰ ਵਿਖਾਉਣਾ, ਅੱਜ ਕੱਲ੍ਹ ਸਾਇੰਸ ਨੇ ਬੜੀ ਤਰੱਕੀ ਕਰ ਲਈ ਹੈ। ਅੱਗੋਂ ਮੋਟੀ ਸਾਮੀ ਦੇਖ ਕੇ ਡਾਕਟਰ ਨੇ ਵੀ ਟੈਸਟਾਂ ਦੀ ਲੰਮੀ ਲਿਸਟ ਫੜ੍ਹਾ ਕੇ, ਕਈ ਤਰ੍ਹਾਂ ਦੇ ਵਹਿਮ ਪਾ ਕੇ ਅਤੇ ਹਰ ਬਿਮਾਰੀ ਦੇ ਇਲਾਜ ਹੋਣ ਦਾ ਦਾਵਾ ਕਰਕੇ ਐਸਾ ਉਹਨੂੰ ਫੂੰਡਿਆ ਕਿ ਅੱਜ ਉਹ ਸਾਡੇ ਵਿੱਚ ਹੀ ਨਹੀਂ ਰਿਹਾ।

ਬਿਮਾਰੀ ਕੋਈ ਸੀ, ਇਲਾਜ ਕੋਈ ਸ਼ੁਰੂ ਕਰਕੇ ਇਕ ਗ਼ਲਤ ਟੀਕੇ (ਇੰਜੈਕਸ਼ਨ) ਨਾਲ, ਸਾਰੀ ਉਮਰ ਦੀ ਬਿਮਾਰੀ ਸਹੇੜ ਕੇ, ਬਿਮਾਰੀ ਦੇ ਇਲਾਜ ਲਈ ਘਰ-ਘਾਟ ਵੀ ਵੇਚ ਛੱਡਿਆ, ਅਖੇ! ਜਿਉਂਦੇ ਰਹੇ ਤਾਂ ਹੋਰ ਬਣ ਜੂ। ਨਾ ਆਪ ਬਚਿਆ ਨਾ ਪਿੱਛੇ ਕੁੱਝ ਰਿਹਾ। ਰਿਸ਼ਤੇਦਾਰ ਦਾ ਪਹਿਲਾਂ ਹੀ ਸਾਥ ਛੱਡ ਗਏ ਸਨ, ਜਦ ਸੱਤ ਲੱਖ ਰੁਪਏ ਦਾ ਅਪ੍ਰੇਸ਼ਨ ਕਰਵਾ ਕੇ ਮੁੜਿਆ ਸੀ ਅਤੇ ਅਗਲੇ ਅਪ੍ਰੇਸ਼ਨ ਲਈ ਹੋਰ ਪੰਜ ਲੱਖ ਰੁਪਿਆ ਚਾਹੀਦਾ ਸੀ। ਡਾਕਟਰ ਦੇ ਰੂਪ ਵਿੱਚ ਜੱਲਾਦ ਟੱਕਰ ਗਿਆ ਸੀ ਬੱਸ। ਉਜਾਗਰ ਸਿੰਘ ਨੇ ਬੜੇ ਤਲਖ ਲਹਿਜੇ ਵਿੱਚ ਕਿਹਾ।

ਬੰਤਾ ਸਿੰਘ ਵੀ ਹਾਮੀ ਭਰਨੀ ਜ਼ਰੂਰੀ ਸਮਝਦਾ ਸੀ ਤੇ ਉਸਨੇ ਭਰੀ ਵੀ। ਫਿਰ ਕੁਝ ਪਲ ਚੁੱਪ ਰਹਿ ਕੇ ਬੋਲਣ ਲੱਗਾ! 'ਭਾਈ ਉਜਾਗਰ ਸਿੰਹਾਂ, ਗੱਲ ਐਨੀ ਕੁ ਹੈ, ਅੱਜ ਕੋਈ ਐਸਾ ਕਿੱਤਾ ਨਹੀਂ ਜਿਸ ਵਿੱਚ ਬੇ-ਇਮਾਨੀ ਨਾ ਹੋਵੇ ਅਤੇ ਜਿਹੜਾ ਵਪਾਰਕ ਨਾ ਬਣ ਗਿਆ ਹੋਵੇ। ਇਹੀ ਹਾਲ ਹੁਣ ਡਾਕਟਰੀ ਪੇਸ਼ੇ ਦਾ ਬਣ ਚੁੱਕਿਆ ਹੈ। ਪਰ ਕੋਈ 'ਹਰਿਆ ਬੂਟ ਰਹਿਉ ਰੀ', ਵਾਂਗ ਚੰਗੇ ਡਾਕਟਰ ਵੀ ਹੈਗੇ ਨੇ। ਆਹ ਆਪਣੀ ਪਰਲੀ ਬਹਿਕ ਦੇ ਸਰਦਾਰ ਦਰਬਾਰਾ ਸਿੰਘ ਵੱਲ ਹੀ ਵੇਖ ਲੈ। ਇੱਕ ਤਾਂ ਸ਼ੂਗਰ ਦਾ ਮਰੀਜ਼ ਸੀ, ਉਤੋਂ ਕੀਡਨੀ ਵੀ ਖਰਾਬ ਨਿਕਲੀ। ਜ਼ਿੰਦਗੀ ਦੇ ਆਖਰੀ ਦਿਨਾਂ ਦੀ ਉਡੀਕ ਵਿੱਚ ਸੀ। ਸਭ ਪਾਸੇ ਤੋਂ ਆਸਾਂ ਲਾਹ ਛੱਡੀਆਂ ਸੀ। ਇਹ ਵੀ ਸੁਣਿਆ ਕਿ ਉਹਨੇ ਤਾਂ ਮੌਤ ਨੇੜੇ ਜਾਣ ਕੇ, ਆਪਣੀ ਵਸੀਅਤ ਅਤੇ ਜ਼ਮੀਨ ਦਾ ਵੰਡ ਵੰਡਾਈਆ ਵੀ ਧੀਆਂ ਪੁੱਤਰਾਂ ਨੂੰ ਕਰ ਦਿੱਤਾ ਸੀ।'

ਪਰ ਕਿਸੇ ਨੇ ਸ਼ਹਿਰ ਦੇ ਇੱਕ ਡਾਕਟਰ ਦੀ ਦੱਸ ਪਾਈ। ਅੱਗੋਂ ਭਲੇ ਡਾਕਟਰ ਨੇ ਬੜੀ ਸਖ਼ਤੀ ਵਰਤ ਕੇ, ਪਹਿਲਾਂ ਤਾਂ ਇਸ ਕੋਲੋਂ ਬਹੁਤ ਪ੍ਰਹੇਜ਼ ਕਰਵਾਏ। ਫਿਰ ਹੌਲੀ-ਹੌਲੀ ਇਲਾਜ ਸ਼ੁਰੂ ਕੀਤਾ ਅਤੇ ਆਖ਼ਰ, ਦਰਬਾਰਾ ਸਿਹੁੰ ਦੀ ਘਰਵਾਲੀ ਦੀ ਕਿਡਨੀ ਮੈਚ ਹੋ ਜਾਣ ਤੇ ਦੋਹਾਂ ਜੀਆਂ ਦੇ ਅਪ੍ਰੇਸ਼ਨ ਕਰਕੇ ਕਿਡਨੀ ਬਦਲ ਦਿੱਤੀ ਤੇ ਅੱਜ ਦਰਬਾਰਾ ਸਿੰਘ ਨੌਂ-ਬਰ-ਨੌਂ ਹੈ।

ਕੁੱਝ ਗੱਲਾਂ ਕਿਸਮਤ ਦੀਆਂ ਵੀ ਲਿਖੀਆਂ ਹੁੰਦੀਆਂ ਨੇ ਬੇਲੀਆ! ਬਾਕੀ ਜੇ ਕਰ ਹਰ ਇਨਸਾਨ/ਵਿਅਕਤੀ ਆਪਣੇ ਪੇਸ਼ੇ ਨਾਲ ਇਮਾਨਦਾਰੀ ਵਰਤੇ ਤਾਂ ਦੇਸ਼ ਦੁਨੀਆ ਦਾ ਨਕਸ਼ਾ ਨਾ ਬਦਲ ਜਾਵੇ। ਇਹੀ ਹਾਲ ਡਾਕਟਰੀ ਪੇਸ਼ੇ ਦਾ ਹੈ, ਕਿਤੇ ਤਾਂ ਮੋਟੀਆਂ ਸਾਮੀਆਂ ਵੇਖ ਕੇ ਛਿੱਲ ਲਾਹ ਲੈਂਦੇ ਨੇ, ਕਿਤੇ ਇਹ ਗਰੀਬ ਨੂੰ ਵੀ ਨਹੀਂ

ਬਖਸ਼ਦੇ ਤੇ ਕੁੱਝ ਐਸੇ ਵੀ ਨੇ ਜੋ ਲੋਕਾਂ ਦਾ ਮੁਫ਼ਤ ਇਲਾਜ਼ ਕਰਦੇ ਨੇ। ਬੱਸ ਅਜਿਹੇ ਚੰਗੇ ਲੋਕ ਰੱਬ ਦੁਨੀਆ 'ਤੇ ਭੇਜੀ ਜਾਵੇ ਤਾਂ ਦੁਨੀਆ ਦਾ ਬੈਲੇਂਸ ਬਣਿਆ ਰਹੇ।

ਬਾਕੀ ਸੱਜਣਾ! ਰੱਬ ਤਾਂ ਸੱਭ ਕੁੱਝ ਦੇਖਦਾ ਹੀ ਪਿਆ ਹੈ। ਉੱਥੇ ਜਾ ਕੇ ਤਾਂ ਹਿਸਾਬ ਕਿਤਾਬ ਹੋਣਾ ਹੀ ਹੈ। ਫਿਰ ਰੱਬ ਦੂਜਾ, ਤੀਜਾ ਜਾਂ ਚੌਥਾ ਬਣ ਜਾਵੇ। ਪਹਿਲਾ ਤਾਂ ਪਹਿਲਾ ਹੀ ਰਹਿਣੈ 'ਤੇ ਉਹਨੇ ਹਿਸਾਬ ਕਿਤਾਬ ਵੀ ਪੂਰਾ ਲੈਣਾ। ਧੱਕੇ, ਸ਼ਰਾਰਤਾਂ, ਚਤੁਰਾਈਆਂ ਓਥੇ ਨਹੀਂ ਚੱਲਣੀਆਂ।

ਸੋ! ਮੈਂ ਤਾਂ ਇਹੀ ਕਹਾਂਗਾ ਕਿ ਹਰ ਬੰਦਾ ਨੇਕ ਖੱਟੀ ਕਰੇ, ਭਾਵੇਂ ਉਹ ਕਿਸੇ ਵੀ ਖਿੱਤੇ ਨਾਲ ਸਬੰਧ ਰੱਖਦਾ ਹੋਵੇ ਇਸ ਜਹਾਨੋਂ ਤੁਰਨ ਵੇਲੇ ਪਹਿਲਾਂ ਕਿਹੜਾ ਕੋਈ ਛਾਤੀ ਤੇ ਰੱਖ ਕੇ ਲੈ ਗਿਆ ਹੈ, ਜੋ ਕਿਸੇ ਨੇ ਅਗਾਂਹ ਲੈ ਜਾਣਾ ਹੈ।

************

To buy this book contact write directly
To read more books like this visit
www.PunjabiLibrary.com

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

'ਕੁੱਝ ਗ਼ਲਤੀਆਂ ਦੀ ਕਦੇ ਮੁਆਫੀ ਨਹੀਂ ਹੁੰਦੀ।' – ਇਕਵਾਕ ਸਿੰਘ ਪੱਟੀ



ਇਕਵਾਕ ਸਿੰਘ ਪੱਟੀ


ਇਕਵਾਕ ਸਿੰਘ ਪੱਟੀ ਬੜਾ ਹੀ ਮਨਮੌਜ਼ੀ ਹੈ। ਹਰਫਨ ਮੌਲਾ ਸੁਭਾਅ, ਹਰ ਕੰਮ ਨੂੰ ਲਗਨ ਨਾਲ ਕਰਨ ਵਾਲਾ, ਸੱਭ ਨੂੰ ਪਿਆਰ ਕਰਨ ਵਾਲਾ, ਸਭਨਾਂ ਦੇ ਕੰਮ ਆਉਣ ਵਾਲਾ ਬਹੁਤ ਹੀ ਮਿਲਾਪੜਾ ਇਨਸਾਨ ਹੈ। ਇਹ ਸਿਰਫ਼ ਲਿਖਣ ਲਈ ਨਹੀਂ ਲਿਖਦਾ। ਬੱਸ! ਮਨ ਦੀ ਮਰਜ਼ੀ ਨਾਲ, ਜਦ ਦਿਲ ਕਰੇ ਲਿਖਦਾ ਹੈ। ਜੋ ਖਿਆਲ ਜਿਸ ਰੂਪ ਵਿੱਚ ਆ ਜਾਵੇ ਲਿਖ ਲੈਂਦਾ ਹੈ ਫਿਰ ਉਹ ਕਿਸੇ ਵੀ ਵਿਸ਼ੇ ਤੇ ਕੋਈ ਕਵਿਤਾ ਜਾਂ ਗੀਤ ਹੋਵੇ, ਛੋਟੀ ਜਾਂ ਵੱਡੀ ਕਹਾਣੀ ਹੋਵੇ ਜਾਂ ਕਿਸੇ ਗੰਭੀਰ ਵਿਸ਼ੇ ਉੱਤੇ ਕੋਈ ਲੇਖ ਹੋਵੇ ਇਹ ਹਰ ਵਿਧਾ ਨੂੰ ਲਿਖਣ ਦੀ ਕਾਬਲੀਅਤ ਰੱਖਦਾ ਹੈ।


ਮੈਂ ਇਸਦੀਆਂ ਕਵਿਤਾਵਾਂ ਵੀ ਪੜ੍ਹੀਆਂ ਨੇ ਅਤੇ ਮਿੰਨੀ ਕਹਾਣੀਆਂ ਵੀ, ਇਹਨਾਂ ਸਬੰਧੀ ਭਾਵੇਂ ਇਸ ਦੀ ਕੋਈ ਕਿਤਾਬ ਅਜੇ ਛੱਪੀ ਨਹੀਂ ਪਰ ਜੇਕਰ ਛੱਪਦੀ ਹੈ ਤਾਂ ਪਾਠਕ ਬਹੁਤ ਅਨੰਦ ਪ੍ਰਾਪਤ ਕਰਨਗੇ। ਇਹ ਆਪ ਉਮਰ ਵਿੱਚ ਛੋਟਾ ਹੈ ਪਰ ਇਸਦੀ ਦੋਸਤੀ ਵੱਡੇ ਕੱਦ ਵਾਲਿਆਂ ਨਾਲ ਬਹੁਤ ਜਲਦੀ ਹੋ ਜਾਂਦੀ ਹੈ। ਇਹ ਮੇਰੇ ਤੋਂ ਵੀ ਅੱਧੀ ਉਮਰ ਨਾਲੋਂ ਵੀ ਵੱਧ ਛੋਟਾ ਹੈ। ਇਸ ਨਾਲ ਮਿਲ ਕੇ ਗੱਲਾਂ ਕਰਨ ਵਾਲਾ ਬੰਦਾ, ਆਪਣੇ ਦੁੱਖ ਇਕਦਮ ਭੁੱਲ ਜਾਂਦਾ। ਜਿੰਨਾ ਇਹ ਗੰਭੀਰ ਲਿਖਦਾ ਹੈ, ਉਸਤੋਂ ਕਿਤੇ ਜਿਆਦਾ ਮਖੌਲੀਆ ਸੁਭਾਅ ਹੈ।

ਹੱਥਲੀ ਪੁਸਤਕ 'ਤਾਣਾ ਬਾਣਾ' (ਜੋ ਕਿ ਇਸ ਦੀ ਸੱਤਵੀਂ ਕਿਤਾਬ ਹੈ) ਲਈ ਮੈਂ ਇਸ ਨੂੰ ਵਧਾਈ ਦਿੰਦਾ ਹਾਂ ਅਤੇ ਰੱਬ ਕੋਲੋਂ ਇਸਦੀ ਕਾਮਯਾਬੀ ਦੀ ਦੁਆ ਮੰਗਦਾ ਹਾਂ।

**– ਵਰਿੰਦਰ ਅਜ਼ਾਦ**
**ਸੁਲਤਾਨਵਿੰਡ ਰੋਡ, ਅੰਮ੍ਰਿਤਸਰ**
**ਅਪ੍ਰੈਲ 2021**

## ਲੇਖਕ ਦੀਆਂ ਹੋਰ ਕਿਤਾਬਾਂ











ISBN : 978-93-5457-592-1
9 789354 575921
₹ 200